# ਵਤਨ

ਵਤਨ- 14
ਅਕਤੂਬਰ/ਨਵੰਬਰ/ਦਸੰਬਰ, 1992
Oct./Nov./Dec.,1992

## ਵਿਸ਼ੇਸ਼ ਮੁਲਾਕਾਤ ਅੰਕ

"ਪੰਜਾਬੀ ਬੋਲੀ ਦੀ ਹਾਲਤ ਖੰਭ ਕੱਟੇ ਪੰਛੀ ਵਾਂਗ ਹੈ।"
"ਪਰ ਜੇਕਰ ਪੰਜਾਬੀ ਨੂੰ ਇਸਦਾ ਬਣਦਾ ਦਰਜਾ ਦੇ ਦੇਣ ਤਾਂ ਉਰਦੂ ਲਈ ਜਗਾਹ ਨਹੀ ਬਚਦੀ।"
– ਪ੍ਰੋ: ਸਈਅਦ ਫਿਰਾਨੀ 'ਕੌਮੀ'

"ਮੈਨੂੰ ਪਤਾ ਸੀ ਕਿ ਕਮਰਸ਼ੀਅਲ ਸਿਨਮੇ ਵਿਚ ਮੇਰੇ ਚਿਹਰੇ ਨੂੰ ਲੈ ਕੇ ਉਹਨਾਂ ਨੂੰ ਬਹੁਤ ਔਖ ਹੋਣੀ ਸੀ ਕਿ ਇਸ ਬੰਦੇ ਨੂੰ ਪਾਈਏ ਕਿਥੇ, ਨਾ ਤਾਂ ਇਹ ਵਿਲਨ ਲੱਗਦਾ ਹੈ ਨਾ ਇਹ ਹੀਰੋ ਲੱਗਦਾ ਹੈ ਤੇ ਨਾ ਹੀ ਕਮੇਡੀਅਨ"
– ਓਮ ਪੁਰੀ

"ਸਾਡੀ ਸਿਆਸੀ ਲੀਡਰਸ਼ਿੱਪ ਨੂੰ ਜ਼ੁਬਾਨ ਜਾਂ ਕਲਚਰ ਦੀ ਐਡੀ ਚੇਤਨਾ ਨਹੀ ਹੈ।"
– ਡਾ: ਰਘਬੀਰ ਸਿੰਘ

"ਪੰਜਾਬ ਕੇਵਲ ਆਰਟ ਜਾਂ ਲਿਟਰੇਚਰ ਦਾ ਹੀ ਨਹੀ ਬਲਕਿ ਸਾਰੀ ਸਭਿਅਤਾ ਦਾ ਕੇਂਦਰ ਰਿਹਾ ਹੈ।"
– ਮੋਹਣ ਕਾਦਰੀ

"ਸਾਡੀਆਂ ਬਹੁਤੀਆਂ ਲੇਖਕਾਵਾਂ ਨੂੰ ਇਹ ਡਰ ਰਹਿੰਦਾ ਹੈ ਕਿ ਜੇ ਮੈਂ ਇਹ ਗੱਲ ਲਿਖੀ ਤਾਂ ਮੇਰਾ ਘਰ ਵਾਲਾ ਝਗੜੂ, ਸੱਸ-ਸਹੁਰਾ ਜਾਂ ਰਿਸ਼ਤੇਦਾਰ ਕੀ ਕਹਿਣਗੇ?"
– ਸ਼ਸ਼ੀ ਸਮੁੰਦਰਾ

ਪੰਜਾਬੀ ਬੋਲੀ, ਸਾਹਿਤ ਅਤੇ ਸਭਿਆਚਾਰ ਦਾ ਤ੍ਰੈਮਾਸਕ

ਕੀਮਤ ਤਿੰਨ ਡਾਲਰ Price $3.00

ਸਾਲ ਚੌਥਾ– ਅੰਕ ਦੂਜਾ
ਪਤਝੜ, 1992
ਅਕਤੂਬਰ/ਨਵੰਬਰ/ਦਸੰਬਰ

# ਵਤਨ

S.N.14 Vol.4, No.2
Fall, 1992
Oct./Nov./Dec.
WATAN
P.O.Box 67681 Stn.'O'
Vancouver, B. C.
Canada, V5W 3V2

2nd Class Reg. No. 8753

ਸੰਪਾਦਕ:
ਸਾਧੂ ਬਿਨਿੰਗ 437-9014
ਸੁਖਵੰਤ ਹੁੰਦਲ 581-3211

ਮੈਨੇਜਿੰਗ ਸੰਪਾਦਕ:
ਅਮਨਪਾਲ ਸਾਰਾ 435-1236
ਸਰਕੁਲੇਸ਼ਨ ਸੰਪਾਦਕ:
ਹਰਜਿੰਦਰ ਸਾਂਗਰਾ
ਅੰਜੂ ਹੁੰਦਲ 581-3211

ਸਹਿਯੋਗੀ:
ਰਿਚਮੰਡ:
ਪਾਲ ਬਿਨਿੰਗ 279-9081
ਸਰੀ:
ਗੁਰਮੇਲ ਰਾਏ 583-7512
ਐਡਮੰਟਨ:
ਸਤਵੰਤ ਦੀਪਕ 440-3256
ਲਾਟ ਭਿੰਡਰ 435-7469

**Editors:**
Sadhu Binning 437-9014
Sukhwant Hundal 581-3211

**Managing Editor:**
Amanpal Sara 435-1236
**Circulation Editors:**
Harjinder Sangra
Anju Hundal 581-3211
**Associates:**
**Richmond:**
Paul Binning 279-9081
**Surrey:**
Gurmel Rai 583-7512
**Edmonton:**
Satwant Deepak 440-3256
Laat Bhinder 435-7469

## ਵਿਸ਼ੇਸ਼ ਮੁਲਾਕਾਤ ਅੰਕ ਵਿਚ

ਪ੍ਰੋ: ਸਈਅਦ ਫਿਰਾਨੀ 'ਕੰਮੀ' 5
– ਸਾਧੂ. ਸੁਖਵੰਤ ਹੁੰਦਲ ਅਤੇ ਅਮਨਪਾਲ ਸਾਰਾ

ਓਮ ਪੁਰੀ
– ਸਾਧੂ, ਸੁਖਵੰਤ ਹੁੰਦਲ 13

ਡਾਕਟਰ ਰਘਬੀਰ ਸਿੰਘ 23
– ਸਾਧੂ, ਸੁਖਵੰਤ ਹੁੰਦਲ

ਸੋਹਣ ਕਾਦਰੀ 33
– ਜੁਗਿੰਦਰ ਕਲਸੀ

ਸ਼ਸ਼ੀ ਸਮੁੰਦਰਾ 37
– ਅਮਨਪਾਲ ਸਾਰਾ

ਸਥਾਈ ਕਾਲਮ: ਦੇਸ ਤੋਂ ਚਿੱਠੀ 41
– ਗੁਰਬਚਨ

**ਇਸ ਅੰਕ ਵਿਚ ਅਸੀਂ ਬਾਕੀ ਦੇ ਸਥਾਈ ਕਾਲਮ ਨਹੀਂ ਦੇ ਰਹੇ ਜੋ ਅਗਲੇ ਅੰਕ ਤੋਂ ਫਿਰ ਬਾਕਾਇਦਗੀ ਨਾਲ ਛਪਣਗੇ।**

ਸਾਡੀ ਕਦੀ ਵੀ ਇਹ ਮਨਸ਼ਾ ਨਹੀਂ ਕਿ ਅਸੀ ਆਪਣੇ ਪਰਚੇ ਵਿਚ ਕਿਸੇ ਵਿਰੁੱਧ ਜਾਤੀ ਪੱਧਰ ਤੇ ਕੋਈ ਘਟੀਆ ਗੱਲ ਕਰੀਏ। ਪਰ ਸਾਡੇ ਪਿਛਲੇ ਅੰਕ ਵਿਚਲੇ ਇਕ ਲੇਖ 'ਟਰਾਂਟੋ ਦਾ ਬਾਲੀ ਗਿੱਲ' ਵਿਚ ਛਪੇ ਕੁਝ ਲਫਜ਼ਾਂ ਨੇ ਸਾਡੇ ਸਤਿਕਾਰਯੋਗ ਬਜ਼ੁਰਗ ਕਲਾਕਾਰ ਸ੍ਰੀ ਕਰਨੈਲ ਸਿੰਘ ਰਾਮੂਵਾਲੀਆ ਦਾ ਦਿਲ ਦੁਖਾਇਆ ਹੈ। ਸਾਨੂੰ ਇਸ ਗੱਲ ਦਾ ਬੇਹੱਦ ਅਫਸੋਸ ਹੈ।

**ਇਸ ਅੰਕ ਦੀ ਤਿਆਰੀ ਲਈ ਮਾਨਤਾ (ਕਰੈਡਿੱਟ) ਤੇ ਸਹਿਯੋਗ:**
ਟਾਈਪਿੰਗ: ਅੰਜੂ ਹੁੰਦਲ, ਸਾਧੂ ਤੇ ਸੁਖਵੰਤ ਹੁੰਦਲ
ਟੇਪ ਤੋਂ ਉਤਾਰਾ: ਅਮਨਪਾਲ ਸਾਰਾ, ਸੁਖਵੰਤ ਹੁੰਦਲ, ਬਲਰਾਜ ਅਠਵਾਲ ਤੇ ਕਮਲਦੀਪ ਸਹੋਤਾ
ਡੀਜ਼ਾਈਨ ਅਤੇ ਲੇ ਆਊਟ: ਸਾਧੂ, ਸੁਖਵੰਤ ਹੁੰਦਲ
ਤਸਵੀਰਾਂ: ਸਾਧੂ, ਅਮਨਪਾਲ ਸਾਰਾ, ਗੁਰਮੇਲ ਰਾਏ, ਨਰਿੰਦਰ ਡਾਗੀ, ਟੋਰਬਨ ਹੁੱਸ, ਰਘੂ ਰਾਏ।

Price: $3.00
**Annual Subscription:**
Canada & USA
Individual: $12.00
Institutions: $18.00
Other Countries: $18.00

ਵਤਨ ਵਿਚ ਛਪੀਆਂ ਰਚਨਾਵਾਂ ਨਾਲ ਵਤਨ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ, ਵਿਚਾਰ ਲੇਖਕਾਂ ਦੇ ਨਿੱਜੀ ਹਨ।
ਵਤਨ ਪਬਲੀਕੇਸ਼ਨ ਦੇ ਪਹਿਲਾਂ ਰਹਿ ਚੁੱਕੇ ਅਤੇ ਮੌਜੂਦਾ ਅਹੁਦੇਦਾਰ ਆਨਰੇਰੀ ਹਨ।

Opinions expressed are of the individual writers and may not necessarily reflect the policies of Watan
All office holders and members of Watan Publication past and present, have been and are honorary associates of Watan.

# MINT AUTO BODY

AT NEW MORE CONVIENIENT LOCATION

- ● Complete professional auto-body repairs and refinishing on all makes and models.
- ○ Complete frame work. ○ Free estimates.
- ● All work conditionally guaranteed.
- ○ I.C.B.C. claims handled promptly.
- ● Uni-body repairs ● Courtesy cars.

ਕਾਰਾਂ, ਵੈਨਾਂ ਅਤੇ ਪਿੱਕ-ਅੱਪ ਟਰੱਕਾਂ ਦੀ ਅੱਛੀ ਤੇ ਪ੍ਰੋਫੈਸ਼ਨਲ ਮੁਰੰਮਤ ਲਈ ਅਤੇ ਤਸੱਲੀਬਖਸ਼ ਪੇਂਟਿੰਗ ਲਈ ਸਾਨੂੰ ਸੇਵਾ ਦਾ ਮੌਕਾ ਦਿਓ।

## ਭੁਪਿੰਦਰ(ਬੌਬ)ਸਹੋਤਾ

ਫੋਨ: **433-1207**

6957 Waltham Ave. Burnaby, V5J 4V4

---

ਹਰ ਪ੍ਰਕਾਰ ਦੀ ਇਨਸ਼ੋਰੈਂਸ ਲਈ

## ਪੰਜਾਬੀ ਮਾਰਕੀਟ ਦੇ ਸੱਭ ਤੋਂ ਭਰੋਸੇਯੋਗ ਇਨਸ਼ੋਰੈਂਸ ਦਫਤਰ



ਦਲਜੀਤ ਸਿੰਘ ਸਿੱਧੂ

**S & S INSURANCE**

(Associated Professional Insurance Services Inc

6656 Main St. (2nd Floor)

Vancouver, B.C.

**Ph: 324-5711**

Autoplan

**Auto - Home- Commercial Insurance**

ਅਸੀਂ ਵਿਜ਼ਟਿਰਾਂ ਦੀ ਮੈਡੀਕਲ ਇਨਸ਼ੋਰੈਂਸ ਵੀ ਕਰਦੇ ਹਾਂ।

---

## SIKANDER
## HAIR STYLING (Unisex)

**6605 Fraser St. Vancouver**

(ਫਰੇਜ਼ਰ ਅਤੇ 50 ਐਵੀਨਿਊ ਉੱਪਰ)

ਅਸੀਂ ਹਰ ਤਰ੍ਹਾਂ ਦਾ ਕਟਿੰਗ ਤੇ ਸਟਾਇਲਿੰਗ ਦਾ ਕੰਮ ਕਰਦੇ ਹਾਂ। (Ladies & Gents)

* Colour
* Perms
* Facials Threadings
* Eyebrows Arching
* Lightening



**ਫੋਨ: 327-1483**

ਅਸੀਂ ਵਿਆਹਾਂ ਵਾਸਤੇ ਦੁਲਹਨ ਨੂੰ ਸਜਾਉਣ ਦਾ ਕੰਮ ਵੀ ਕਰਦੇ ਹਾਂ।

---

**Specializing in the finest**

**East Indian Cousine**

## Natraj Restaurant & Catering Services

**Contact your famous Chef**



*TARLOK SACHDEVA*

**5656 Fraser St.**

**(Between 40 & 41 Ave.)**

**Ph: 327-6141**

**Now Open for Lunch**

**12 to 2:30 pm**

**Dinner Served**

**5 to 11 pm**

ਪੰਜਾਬੀ ਜ਼ੁਬਾਨ ਨਹੀ ਮਰੇਗੀ।

# –ਪ੍ਰੋ: ਸਈਅਦ ਫਿਰਾਨੀ 'ਕੰਮੀ'

ਮੁਲਾਕਾਤੀ: ਸਾਧੂ, ਸੁਖਵੰਤ ਹੁੰਦਲ ਅਤੇ ਅਮਨਪਾਲ ਸਾਰਾ।

**ਸਵਾਲ: ਅਜ ਕਲ ਪਾਕਿਸਤਾਨ ਦੇ ਪੰਜਾਬ ਵਿਚ ਪੰਜਾਬੀ ਬੋਲੀ ਦਾ ਕੀ ਸਥਾਨ ਹੈ?**

**ਜਵਾਬ:** ਸੱਭ ਤੋਂ ਪਹਿਲੀ ਗੱਲ ਇਹ ਹੈ ਕਿ ਪਾਕਿਸਤਾਨ ਵਿਚ ਪੰਜਾਬੀ ਬੋਲਣ ਵਾਲਿਆਂ ਦੀ ਇਕ ਵੱਡੀ ਗਿਣਤੀ ਹੈ। ਅੱਜ ਵੀ ਇਸਨੂੰ ਪਿੰਡਾਂ, ਸ਼ਹਿਰਾਂ ਤੇ ਕਸਬਿਆਂ ਵਿਚ ਰਹਿਣ ਵਾਲੇ ਲੋਕ ਬੋਲਦੇ ਹਨ। ਜਿਥੋਂ ਤੱਕ ਪੜ੍ਹਨ ਜਾਂ ਲਿਖਣ ਦਾ ਸਵਾਲ ਹੈ, ਇਹ ਜ਼ੁਬਾਨ ਸਕੂਲਾਂ ਵਿਚ ਛੇਵੀਂ ਜਮਾਤ ਤੋਂ ਬਾਅਦ ਇਕ ਆਪਸ਼ਨਲ ਮਜ਼ਮੂਨ ਦੇ ਤੌਰ ਤੇ ਪੜ੍ਹਾਈ ਜਾਂਦੀ ਹੈ। ਪਰ ਪੰਜਾਬ ਦੇ ਸਕੂਲਾਂ ਵਿਚੋਂ ਬਹੁਤਿਆਂ ਵਿਚ ਨਾਂ ਤਾਂ ਇਸਨੂੰ ਪੜ੍ਹਾਉਣ ਵਾਲੇ ਮਾਸਟਰ ਰੱਖੇ ਜਾਂਦੇ ਹਨ ਤੇ ਨਾਂ ਹੀ ਕਈ ਸਕੂਲਾਂ ਦੇ ਹੈਡਮਾਸਟਰਾਂ ਨੂੰ ਇਸ ਗੱਲ ਦੀ ਖਬਰ ਹੈ ਕਿ ਪੰਜਾਬੀ ਵੀ ਇਕ ਆਪਸ਼ਨਲ ਮਜ਼ਮੂਨ ਹੈ। ਫਿਰ ਪੰਜਾਬੀ ਦੀਆਂ ਕਿਤਾਬਾਂ ਵੀ ਬਾਜ਼ਾਰ ਵਿਚੋਂ ਨਹੀ ਮਿਲਦੀਆਂ।

ਪ੍ਰਾਇਮਰੀ ਪੱਧਰ ਤੇ ਇਹ ਜ਼ੁਬਾਨ ਪੜ੍ਹਾਉਣ ਉਪਰ ਪਾਬੰਦੀ ਹੈ। ਹੋਰ ਰੀਜਨਲ ਜ਼ੁਬਾਨਾਂ ਪੜ੍ਹਾਈਆਂ ਜਾਂਦੀਆਂ ਹਨ ਜਿਵੇਂ ਸਿੰਧੀ, ਬਲੋਚੀ, ਪਸ਼ਤੋ ਤੇ ਬਰਾਹਵੀ ਆਦਿ।

ਹਰ ਸਾਲ 35–40 ਦੇ ਕਰੀਬ ਵਿਦਿਆਰਥੀ ਪੰਜਾਬੀ ਦੀ ਐਮ. ਏ. ਕਰਦੇ ਹਨ ਪਰ ਉਨ੍ਹਾਂ ਲਈ ਬਾਅਦ ਵਿਚ ਕੋਈ ਨੌਕਰੀਆਂ ਨਹੀਂ ਮੁਹੱਈਆ ਹੁੰਦੀਆਂ। ਪੜ੍ਹਾਉਣ ਵਾਲੇ ਪ੍ਰੋਫੈਸਰ ਵੀ ਪੂਰੀ ਦਿਲਚਸਪੀ ਨਾਲ ਨਹੀਂ ਪੜ੍ਹਾਉਂਦੇ ਕਿਉਂਕਿ ਪੜ੍ਹਨ ਵਾਲੇ ਵੀ ਅੰਦਰੋਂ ਪੰਜਾਬੀ ਨਹੀਂ ਹੁੰਦੇ।

ਸਾਡਾ ਇਕ ਦੋਸਤ ਹੈ ਜ਼ਮੀਲ ਪਾਲ, ਗੁਜ਼ਰਾਂਵਾਲੇ ਪ੍ਰੋਫੈਸਰ ਹੈ। ਉਹ ਇਕੱਲਾ ਹੀ ਛੇ ਸੌ ਦੇ ਕਰੀਬ ਬੱਚਿਆਂ ਨੂੰ ਪੰਜਾਬੀ ਪੜ੍ਹਾਉਂਦਾ ਹੈ। ਇਸੇ ਤਰ੍ਹਾਂ ਗੁਜ਼ਰਖਾਨੇ ਸਾਡਾ ਇਕ ਦੋਸਤ ਰਾਜਾ ਜ਼ਿਆ ਉਰ ਰਹਿਮਾਨ ਦੋ ਢਾਈ ਸੌ ਬੱਚਿਆਂ ਨੂੰ ਪੰਜਾਬੀ ਪੜ੍ਹਾਉਂਦਾ ਹੈ। ਸੋ ਜੇਕਰ ਪੜ੍ਹਾਉਣ ਵਾਲੇ ਦਿਲਚਸਪੀ ਲੈਣ ਤਾਂ ਪੜ੍ਹਨ ਵਾਲੇ ਮਿਲ ਜਾਂਦੇ ਹਨ, ਪਰ ਜਿਥੇ ਪੜ੍ਹਾਉਣ ਵਾਲੇ ਦਿਲਚਸਪੀ ਨਹੀ ਲੈਂਦੇ, ਜਿਵੇਂ ਸਾਡੇ ਪਿੰਡੀ ਵਿਚ, ਉੱਥੇ ਪੰਜਾਬੀ ਪੜ੍ਹਨ ਵਾਲੇ 20–25 ਵੀ ਨਹੀਂ ਮਿਲਦੇ ਕੁੜੀਆਂ ਦੇ ਕਾਲਜ ਬਿਲਕੁਲ ਹੀ ਪੰਜਾਬੀ ਤੋਂ ਵਾਂਝੇ ਹਨ। ਨਾਂ ਤਾਂ ਕੋਈ ਲੈਕਚਰਾਰ ਮਿਲਦੀ ਹੈ ਤੇ ਨਾਂ ਹੀ ਸੀਟਾਂ ਅਨਾਉਂਸ ਕੀਤੀਆਂ ਜਾਂਦੀਆਂ ਹਨ।

ਸੋ ਜਦ ਤਕ ਪੰਜਾਬੀ ਜ਼ੁਬਾਨ ਨੂੰ ਪੜ੍ਹਨਾ ਲਾਜ਼ਮੀ ਨਹੀ ਬਣਾਇਆ ਜਾਂਦਾ ਅਤੇ ਇਹ ਪ੍ਰਾਇਮਰੀ ਤੋਂ ਪੜ੍ਹਾਉਣੀ ਨਹੀ ਸ਼ੁਰੂ ਕੀਤੀ ਜਾਂਦੀ ਤੱਦ ਤੱਕ ਇਸਦੀ ਹਾਲਤ ਮਾੜੀ ਹੀ ਰਹੇਗੀ। ਸਰਕਾਰ ਵੀ ਪੰਜਾਬੀ ਨਾਲ ਮਜ਼ਾਕ ਕਰ ਰਹੀ ਹੈ। ਨਾਂ ਤਾਂ ਪੰਜਾਬੀ ਨੂੰ ਜਿਉਂਦਾ ਰੱਖਣਾ ਚਾਹੁੰਦੀ ਹੈ ਤੇ ਨਾਂ ਹੀ ਪੂਰੀ ਤਰ੍ਹਾਂ ਮਾਰ ਦੇਣਾ ਚਾਹੁੰਦੀ ਹੈ। ਲੋਕ ਵੀ ਪੰਜਾਬੀ ਦੇ ਮੁਕਾਬਲੇ ਫਾਰਸੀ ਜਾਂ ਅਰਬੀ ਸਿੱਖਣ ਨੂੰ ਤਰਜ਼ੀਹ ਦਿੰਦੇ ਹਨ ਜਾਂ ਫਿਰ ਨੰਬਰ ਲੈਣ ਲਈ ਤੇ ਡਵੀਜ਼ਨ ਬਣਾਉਣ ਲਈ ਸ਼ੌਕੀਆ ਮਜ਼ਮੂਨ ਦੇ ਤੌਰ ਤੇ ਪੰਜਾਬੀ



ਪ੍ਰੋ: ਸਈਅਦ ਫਿਰਾਨੀ 'ਕੰਮੀ'

ਲੈ ਲੈਂਦੇ ਹਨ। ਇਹ ਨਹੀਂ ਹੁੰਦਾ ਕਿ ਕੱਲ ਨੂੰ ਉਹ ਵਿਦਿਆਰਥੀ ਪੰਜਾਬੀ ਵਿਚ ਕਿਸੇ ਨੂੰ ਖ਼ੱਤ ਲਿਖਣ ਲੱਗ ਪੈਣ।

ਪੰਜਾਬੀ ਦੀ ਹਾਲਤ ਖੰਭ ਕੱਟੇ ਹੋਏ ਪੰਛੀ ਵਾਂਗ ਹੈ ਜਿਸਨੂੰ ਉਰਦੂ ਜਾਂ ਅੰਗ੍ਰੇਜ਼ੀ ਜ਼ੁਬਾਨਾਂ ਸ਼ਿਕਰੇ ਵਾਂਗ ਕਿਸੇ ਵੇਲੇ ਵੀ ਸ਼ਿਕਾਰ ਦਾ ਨਿਸ਼ਾਨਾ ਬਣਾ ਸਕਦੀਆਂ ਹਨ। ਸਾਡੇ ਦੋਸਤ ਸ਼ਾਹਬਾਜ਼ ਮਲਿਕ ਨੇ ਇਕ ਕਿਤਾਬ ਲਿਖੀ ਹੈ ਪੰਜਾਬੀ ਬਾਰੇ, ਤੇ ਉਸ ਵਿਚ ਫਾਰਸੀ ਲਿੱਪੀ (ਸ਼ਾਹਮੁਖੀ ਲਿੱਪੀ) ਵਿਚ ਛਪੀਆਂ 10–12 ਹਜ਼ਾਰਾਂ ਕਿਤਾਬਾਂ ਦਾ ਜ਼ਿਕਰ ਕੀਤਾ ਹੈ। ਪਰ ਉਨ੍ਹਾਂ ਵਿਚ ਪਰਲੇ ਪੰਜਾਬ (ਭਾਰਤ ਵਿਚਲੇ ਪੰਜਾਬ) ਦਾ ਕੋਈ ਜ਼ਿਕਰ ਨਹੀ। ਚਾਹੀਦਾ ਤਾਂ ਇਹ ਹੈ ਕਿ ਤੁਹਾਡੇ ਪਾਸੇ ਦੇ ਪੰਜਾਬ ਵਿਚ ਪੰਜਾਬੀ ਦੀ ਐਮ. ਏ. ਕਰਨ ਵਾਲੇ ਵਿਦਿਆਰਥੀਆਂ ਨੂੰ ਇਕ ਪਰਚਾ ਸ਼ਾਹਮੁਖੀ ਲਿੱਪੀ ਵਿਚ ਪਾਸ ਕਰਨਾ ਪਵੇ, ਤੇ ਸਾਡੇ ਪਾਸੇ ਦੇ ਪੰਜਾਬ ਵਿਚ ਵਿਦਿਆਰਥੀਆਂ ਨੂੰ ਇਕ ਪਰਚਾ ਗੁਰਮੁਖੀ ਲਿਪੀ ਵਿਚ ਪਾਸ ਕਰਨਾ ਪਵੇ। ਇਸ ਨਾਲ ਪੰਜਾਬ੍ਰ ਵਿਚਾਲੇ ਉਸਾਰੀ ਗਈ ਕੰਧ ਢਾਉਣ ਵਿਚ ਆਸਾਨੀ ਹੋਵੇਗੀ।

**ਸਵਾਲ: ਸ਼ਾਹਮੁਖੀ ਲਿੱਪੀ ਤੋਂ ਤੁਹਾਡਾ ਭਾਵ ਹੈ ਫਾਰਸੀ ਲਿੱਪੀ?**

**ਜਵਾਬ:** ਹਾਂ ਹਾਂ, ਅਲਫ, ਬੇ, ਵਾਲੀ ਪੰਜਾਬੀ ਜਿਸ ਵਿਚ ਵੱਡੇ ਵੱਡੇ ਸ਼ਾਇਰਾਂ ਸ਼ਾਹ ਹੁਸੈਨ, ਵਾਰਿਸ ਸ਼ਾਹ, ਬੁਲ੍ਹੇ ਸ਼ਾਹ ਨੇ ਆਪਣਾ ਕਲਾਮ ਲਿਖਿਆ ਹੈ। ਜਿਵੇਂ ਮੈਂ ਕਹਿ ਰਿਹਾ ਸੀ ਕਿ ਬਾਕੀ ਭਾਸ਼ਾਵਾਂ ਯੂਨੀਵਰਸਿਟੀਆਂ ਵਿਚ ਪੜ੍ਹਾਈਆਂ ਜਾਂਦੀਆਂ ਹਨ, ਸਿੰਧੀ ਵਿਚ ਕੋਰਸ ਹਨ, ਅਰਬੀ ਵਿਚ ਹਨ, ਅੰਗ੍ਰੇਜ਼ੀ ਵਿਚ ਹਨ, ਉਰਦੂ ਵਿਚ ਹਨ ਪਰ ਪੰਜਾਬੀ ਵਿਚ ਨਹੀ ਹੈ। ਜੇਕਰ ਉਨ੍ਹਾਂ ਨਾਲ ਗੱਲ ਕਰੋ ਤਾਂ ਕਹਿਣਗੇ ਕਿ ਅਸੀ ਇਕ ਪਰਚਾ ਪੰਜਾਬੀ ਦਾ ਪਾਕਿਸਤਾਨੀ ਲਿਟਰੇਚਰ ਤੇ ਰੱਖਿਆ ਤਾਂ ਹੈ, ਹੋਰ ਕੀ ਚਾਹੁੰਦੇ ਹੋ? ਮੈਂ ਜਦੋਂ ਉਹ ਕਿਤਾਬ ਖੋਲ੍ਹ ਕੇ ਦੇਖੀ ਤਾਂ ਸਾਰੀ ਪੰਜਾਬੀ ਨੂੰ ਉਰਦੂ ਵਿਚ ਢਾਲਿਆ

ਹੋਇਆ ਦੇਖਿਆ। ਇਸ ਤੋਂ ਵੱਡਾ ਹੋਰ ਮਜ਼ਾਕ ਕੀ ਹੋ ਸਕਦਾ? ਉਰਦੂ ਜ਼ੁਬਾਨ ਦੀ ਹਰੇਕ ਕਿਤਾਬ ਵਿਚ ਕੋਈ ਨਾ ਕੋਈ ਅਜਿਹਾ ਚੈਪਟਰ ਮਿਲੇਗਾ ਜਿਵੇਂ ਕੌਮੀ ਜ਼ੁਬਾਨ ਉਰਦੂ ਕੀ ਅਹਿਮੀਅਤ ਵਗੈਰਾ ਵਗੈਰਾ। ਇਸੇ ਤਰ੍ਹਾਂ ਇਕ ਕਿਤਾਬ ਵਿਚ ਮਜ਼ਮੂਨ ਸੀ ਪਾਕਿਸਤਾਨੀ ਬੱਚੇ, ਜਿਸ ਵਿਚ ਹਰੇਕ ਬੱਚਿਆਂ ਦੀ ਮਾਤ ਭਾਸ਼ਾ ਦਾ ਜ਼ਿਕਰ ਸੀ। ਉਸ ਵਿਚ ਸਿੰਧੀ ਬੱਚਿਆਂ ਬਾਰੇ ਲਿਖਿਆ ਸੀ ਕਿ ਸਿੰਧੀ ਬੋਲਤੇ ਹੈਂ, ਬਲੋਚੀਆਂ ਬਾਰੇ ਲਿਖਿਆ ਸੀ ਕਿ ਬਲੋਚੀ ਬੋਲਤੇ ਹੈ, ਪਠਾਨਾਂ ਬਾਰੇ ਲਿਖਿਆ ਸੀ ਕਿ ਪਸ਼ਤੋ ਬੋਲਤੇ ਹੈਂ ਪਰ ਜਦੋਂ ਪੰਜਾਬ ਦੀ ਵਾਰੀ ਆਈ ਤਾਂ ਕੁੱਝ ਨਹੀਂ ਸੀ ਲਿਖਿਆ ਜ਼ੁਬਾਨ ਬਾਰੇ। ਸਿਰਫ਼ ਇਹ ਲਿਖਿਆ ਸੀ ਕਿ 'ਯੇ ਪੰਜਾਬੀ ਬੱਚੇ ਹੈਂ, ਦੇਹਾਤੋਂ ਮੇਂ ਧੋਤੀ ਪਹਿਨਤੇ ਹੈਂ ਔਰ ਉਰਦੂ ਬੋਲਤੇ ਹੈਂ।' ਸੋ ਮੇਰਾ ਕਹਿਣ ਦਾ ਭਾਵ ਇਹ ਹੈ ਕਿ ਸਾਡੇ ਸਾਰੇ ਐਜੂਕੇਸ਼ਨ ਸਿਸਟਮ ਵਿਚ ਇਸ ਤਰ੍ਹਾਂ ਦਾ ਭੁਲੇਖਾ ਪਾਇਆ ਜਾ ਰਿਹਾ ਹੈ। ਕਿਧਰੇ ਵੀ ਇਹ ਨਹੀਂ ਕਿਹਾ ਜਾਂਦਾ ਕਿ ਪੰਜਾਬੀ ਬੱਚਿਉ, ਤੁਹਾਡੀ ਜ਼ੁਬਾਨ ਪੰਜਾਬੀ ਹੈ।

**ਸਵਾਲ: ਇਸ ਦਾ ਕੀ ਕਾਰਨ ਹੈ?**

**ਜਵਾਬ:** ਸਿੱਧੀ ਜਿਹੀ ਗੱਲ ਹੈ ਕਿ ਪੰਜਾਬੀ ਜ਼ੁਬਾਨ ਹੈ ਅਕਸਰੀਅਤ ਦੀ, ਮੈਜੋਰਟੀ ਦੀ। ਦੁਨੀਆਂ ਜਹਾਨ ਦੇ ਮੁਲਕਾਂ ਵਿਚ ਇਹ ਅਸੂਲ ਹੈ ਕਿ ਅਕਸਰੀਅਤ ਦੀ ਜ਼ੁਬਾਨ ਹੀ ਸਰਕਾਰੀ ਰਾਬਤੇ ਦਾ ਕੰਮ ਦਿੰਦੀ ਹੈ ਤੇ ਉਹੀ ਕੌਮੀ ਜ਼ੁਬਾਨ ਹੁੰਦੀ ਹੈ। ਅਸੀਂ ਪੰਜਾਬੀ ਨੂੰ ਕੌਮੀ ਜ਼ੁਬਾਨ ਦਾ ਤਾਂ ਕੀ, ਬੱਸ ਇਹ ਹੀ ਹੱਕ ਮੰਗਦੇ ਹਾਂ ਕਿ ਇਸਨੂੰ ਇਲਾਕਾਈ ਜ਼ੁਬਾਨ ਦਾ ਦਰਜਾ ਦਿੱਤਾ ਜਾਵੇ ਜਿਵੇਂ ਬਾਕੀ ਜ਼ੁਬਾਨਾਂ ਨੂੰ ਹੈ। ਹਾਲਾਂਕਿ ਜਿਸ ਜ਼ੁਬਾਨ ਨੂੰ ਖੁੱਡੇ ਲਾਈਨ ਲਾਉਣਾ ਹੋਵੇ ਉਸਨੂੰ ਇਲਾਕਾਈ ਜ਼ੁਬਾਨ ਬਣਾ ਦਿੱਤਾ ਜਾਂਦਾ ਹੈ। ਪਰ ਜੇਕਰ ਪੰਜਾਬੀ ਨੂੰ ਇਸਦਾ ਬਣਦਾ ਦਰਜਾ ਦੇ ਦੇਣ ਤਾਂ ਉਰਦੂ ਲਈ ਜਗਹ ਨਹੀਂ ਬਚਦੀ ਤੇ ਉਰਦੂ ਮਿੱਥੀ ਗਈ ਹੈ ਈਲੀਟ (ਉਤਲੇ ਤਬਕੇ) ਦੀ ਜ਼ੁਬਾਨ। ਜੇਕਰ ਉਰਦੂ ਲਈ ਥਾਂ ਨਹੀਂ ਬਚਦੀ ਤਾਂ ਮਰਕਜ਼ ਫ਼ੈਡਰਲਿਜ਼ਮ ਦੀ ਸਾਰੇ ਸੂਬਿਆਂ ਉਪਰ ਪਕੜ ਨਹੀਂ ਰਹਿ ਸਕਦੀ। ਜ਼ੁਬਾਨ ਲੋਕਾਂ ਨੂੰ ਆਪਣੇ ਹੱਕ ਮੰਗਣੇ ਸਿਖਾ ਦਿੰਦੀ ਹੈ। ਜੇਕਰ ਪੰਜਾਬ ਵਿਚ ਪੰਜਾਬੀ ਲਾਗੂ ਕਰ ਦਿੱਤੀ ਗਈ ਤਾਂ ਜ਼ਿਆਦਾ ਲੋਕ ਪੜ੍ਹ ਲਿਖ ਜਾਣਗੇ, ਅਨਪੜ੍ਹਤਾ ਘਟੇਗੀ ਤੇ ਜਗੀਰੂ ਨਿਜ਼ਾਮ ਉਪਰ ਜ਼ਰਬ ਆਵੇਗੀ, ਜਾਗੀਰਦਾਰੀ ਨੂੰ ਧੱਕਾ ਵੱਜੇਗਾ। ਦੂਸਰੇ ਪਾਕਿਸਤਾਨ ਵਿਚ ਉਰਦੂ ਦੇ ਹੱਕ ਵਿਚ ਇਕ ਹੋਰ ਬੜਾ ਭਾਰੀ ਪ੍ਰਾਪੇਗੰਡਾ ਹੁੰਦਾ ਹੈ। ਉਹ ਇਹ ਕਿ 'ਅਗਰ ਪੰਜਾਬੀ ਜ਼ੁਬਾਨ ਕੋ ਪੰਜਾਬ ਮੇਂ ਲਾਗੂ ਕਰ ਦੀਆ ਗਿਆ ਤੋ ਇਸ ਸੇ ਸਿੱਖ ਮੱਤ ਫੈਲਨੇ ਕਾ ਖ਼ਤਰਾ ਹੈ।' ਸੋ ਪੰਜਾਬੀ ਨੂੰ ਸਿੱਖਾਂ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਜੋ ਪਾਕਿਸਤਾਨ ਵਿਚ 47 ਵਿਚ ਸਿੱਖਾਂ ਨਾਲ ਡਰਾਮਾ ਹੋਇਆ ਸੀ ਉਸਦੀ ਬੁਨਿਆਦ ਨਫ਼ਰਤ ਉਪਰ ਰੱਖੀ ਗਈ ਸੀ ਤੇ ਗਾਹੇ ਬਗਾਹੇ ਇਸ ਤਰ੍ਹਾਂ ਪੰਜਾਬੀ ਵਿਰੋਧੀ ਪ੍ਰਾਪੇਗੰਡਾ ਕਰਕੇ ਨਫ਼ਰਤ ਦੀਆਂ ਬੁਨਿਆਦਾਂ ਪੱਕੀਆਂ ਕਰਨ ਦੀ ਕੋਸ਼ਿਸ਼ ਹੋ ਰਹੀ ਹੈ, ਨਹੀਂ ਤਾਂ ਮੁੜ ਦੋਹਾਂ ਪੰਜਾਬਾਂ ਦੇ ਸਾਂਝੇ ਹੋਣ ਦਾ ਖ਼ਤਰਾ ਹੈ।

**ਪੰਜਾਬੀ ਦੀ ਹਾਲਤ ਖੰਭ ਕੱਟੇ ਹੋਏ ਪੰਛੀ ਵਾਂਗ ਹੈ।**

**ਸਵਾਲ: ਜਨ ਸੰਚਾਰ (ਮਾਸ ਮੀਡੀਏ) ਵਿਚ ਪੰਜਾਬੀ ਦੀ ਕੀ ਸਥਿਤੀ ਹੈ?**

**ਜਵਾਬ:** ਸਾਡਾ ਪਾਕਿਸਤਾਨ ਦਾ ਟੈਲੀਵੀਜ਼ਨ ਉਰਦੂ ਨੂੰ ਲੋਕਾਂ ਵਿਚ ਫੈਲਾਉਣ ਲਈ ਬਹੁਤ ਮੁਅਸਰ ਕਿਰਦਾਰ ਅਦਾ ਕਰਦਾ ਹੈ। ਰੋਜ਼ਾਨਾ ਦੇ ਪ੍ਰੋਗਰਾਮਾਂ ਵਿਚ ਉਰਦੂ ਨੂੰ ਜਿੱਥੇ 7-8 ਘੰਟੇ ਸਮਾਂ ਮਿਲਦਾ ਹੈ, ਉਥੇ ਪੰਜਾਬੀ ਨੂੰ ਮਸਾਂ ਅੱਧਾ ਜਾਂ ਪੌਣਾ ਘੰਟਾ ਮਿਲਦਾ ਹੈ। ਤੇ ਉਹ ਵੀ ਉਸ ਵੇਲੇ ਜਦੋਂ ਬੱਚੇ ਅਜੇ ਖੇਡਦੇ ਹੁੰਦੇ ਹਨ ਤੇ ਲੋਕ ਰੋਟੀ ਪਾਣੀ ਦੇ ਆਹਰ ਵਿਚ ਲੱਗੇ ਹੋਏ ਹੁੰਦੇ ਹਨ, ਭਾਵ ਕੋਈ ਘੱਟ ਹੀ ਉਸ ਵੇਲੇ ਟੀ.ਵੀ. ਵੇਖ ਰਿਹਾ ਹੁੰਦਾ ਹੈ, ਅਜਿਹਾ ਵੇਲਾ ਮਿਲਦਾ ਹੈ ਪੰਜਾਬੀ ਦੇ ਪ੍ਰੋਗਰਾਮ ਲਈ। ਰਾਤ ਦੇ ਖਾਸ ਵੇਲੇ ਭਾਵ 7-8 ਵਜੇ ਦੇ ਦਵਾਲੇ ਉਰਦੂ ਪ੍ਰੋਗਰਾਮ ਹੁੰਦੇ ਹਨ ਜਾਂ ਅੰਗ੍ਰੇਜ਼ੀ ਦੇ।

ਮੈਂ ਇਕ ਵਾਰੀ ਹਿਸਾਬ ਲਾਇਆ ਸੀ ਕਿ ਇਕ ਹਫ਼ਤੇ ਦੇ ਵਿਚ ਤਕਰੀਬਨ 4200 ਮਿੰਟ ਮਿਲਦੇ ਹਨ ਉਰਦੂ ਪ੍ਰੋਗਰਾਮਾਂ ਵਾਸਤੇ, ਤੇ ਸਿਰਫ਼ 260 ਮਿੰਟ ਮਿਲਦੇ ਹਨ ਪੰਜਾਬੀ ਲਈ, ਉਹ ਵੀ ਲਾਹੌਰ ਤੋਂ। ਪਿੰਡੀ ਦਾ ਸਟੇਸ਼ਨ ਜੋ ਜ਼ਿਆਦਾ ਪਾਵਰਫੁੱਲ ਹੈ, ਤੇ ਲਹਿੰਦੇ ਪੰਜਾਬ ਵਿਚ ਦੂਰ ਤੱਕ ਸੁਣਿਆ ਜਾਂਦਾ ਹੈ, ਉਸ ਉਪਰ ਪੰਜਾਬੀ ਵਿਚ ਖ਼ਬਰਾਂ ਨਹੀਂ ਆਉਂਦੀਆਂ।

ਇਹੀ ਹਾਲ ਤਕਰੀਬਨ ਰੇਡੀਓ ਦਾ ਹੈ। ਮਸਲਨ ਇਸਲਾਮਾਬਾਦ ਸਟੇਸ਼ਨ ਤੋਂ ਸਿਰਫ਼ 2-3 ਘੰਟੇ ਪੰਜਾਬੀ ਦੇ ਪ੍ਰੋਗਰਾਮਾਂ ਨੂੰ ਮਿਲਦੇ ਹਨ ਤੇ ਉਹ ਵੀ ਕੋਸ਼ਿਸ਼ ਇਹ ਹੁੰਦੀ ਹੈ ਕਿ ਸਾਂਝੇ ਡਾਇਲੈਕਟ ਵਿਚ ਗਲਬਾਤ ਨਾ ਹੋਵੇ। ਜਿਵੇਂ ਕਿ ਕਿਸੇ ਪਿੰਡ ਦੀ ਨੁੱਕਰ ਵਿਚ ਬੈਠੇ ਬੰਦੇ ਕੋਈ ਖਾਸ ਲਹਿਜ਼ਾ ਬੋਲ ਰਹੇ ਨੇ, ਉਸੇ ਨੂੰ ਪ੍ਰੋਜੈਕਟ ਕਰ ਦੇਣਗੇ। ਇੰਜ ਲਗਦਾ ਕਿ ਸਾਡੀ ਸਰਕਾਰ ਦੀ ਇਹ ਪਾਲਿਸੀ ਹੈ ਕਿ ਪੰਜਾਬੀ ਦੇ ਲਹਿਜ਼ਿਆਂ ਦੇ ਟੋਟੇ ਕਰ ਦਿੱਤੇ ਜਾਣ ਤੇ ਉਨ੍ਹਾਂ ਨੂੰ ਅਲੱਗ ਅਲੱਗ ਜ਼ੁਬਾਨਾ ਬਣਾ ਦਿੱਤਾ ਜਾਵੇ ਤੇ ਇਸ ਤਰ੍ਹਾਂ ਜਿਹੜੀ ਪੰਜਾਬੀ ਜ਼ੁਬਾਨ ਸਾਰੇ ਲਹਿਜ਼ਿਆਂ ਨੂੰ ਮਿਲਾਕੇ ਬਣਦੀ ਹੈ ਉਸਦੇ ਖ਼ਿਲਾਫ਼ ਸਾਰਿਆਂ ਪਾਸਿਆਂ ਤੋਂ ਮੁਹਾਜ ਕਾਇਮ ਕੀਤੇ ਜਾਣ। ਬਦਕਿਸਮਤੀ ਨਾਲ ਛੋਟੇ ਸੂਬਿਆਂ ਦੀ, ਉਰਦੂ ਬੋਲਣ ਵਾਲਿਆਂ ਦੀ, ਮਰਕਜ਼ੀਅਤ (ਫੈਡਰਲਿਜ਼ਮ) ਪਸੰਦ ਕਰਨ ਵਾਲੇ ਲੋਕਾਂ ਦੀ ਦਿਲਚਸਪੀ ਇਸੇ ਵਿਚ ਹੈ ਕਿ ਪੰਜਾਬੀ ਦੇ ਟੋਟੇ ਹੋਣ, ਇਸ ਨਾਲ ਪੰਜਾਬ ਦੀ ਤਾਕਤ ਘਟੇਗੀ ਤੇ ਉਸਨੂੰ ਕੰਟਰੋਲ ਕਰਨਾ ਸੌਖਾ ਹੋਵੇਗਾ। ਇਹ ਜੋ ਟੋਟੇ ਕਰਨ ਦੀ ਸਾਜ਼ਿਸ਼ ਕੀਤੀ ਜਾ ਰਹੀ ਹੈ ਇਹ ਨਫ਼ਰਤ ਦੀ ਬੁਨਿਆਦ ਉਪਰ ਕੀਤੀ ਜਾਂਦੀ ਹੈ ਮਸਲਨ ਬਹਾਵਲਪੁਰ, ਮੁਲਤਾਨ ਇਲਾਕੇ ਵਿਚ ਸਰਾਇਕੀ ਲਹਿਜ਼ੇ ਨੂੰ ਜ਼ੁਬਾਨ ਬਣਾਉਣ ਦੀ ਮੂਵਮੈਂਟ ਚੱਲੀ ਹੈ । ਉਸਦਾ ਸਾਰਾ ਰੁੱਖ ਪੰਜਾਬੀ ਦੇ ਖ਼ਿਲਾਫ਼ ਕੀਤਾ ਗਿਆ ਹੈ। ਜਿਸ ਤਰ੍ਹਾਂ ਟਰਾਂਸਪੋਰਟੇਸ਼ਨ (ਆਵਾਜਾਈ) ਦੇ ਸਾਧਨ ਵਧਣ ਨਾਲ, ਲੋਕਾਂ ਦੇ ਇਕ ਦੂਜੇ ਨਾਲ ਮਿਲਣ ਵਰਤਣ ਅਤੇ ਹੋਰ ਵਿਉਪਾਰ ਆਦਿ ਦੇ ਵਧਣ ਨਾਲ ਇਸ ਜ਼ੁਬਾਨ ਦਾ ਘੇਰਾ ਵਧਿਆ ਹੈ, ਹੋਣਾ ਤਾਂ ਇਹ ਚਾਹੀਦਾ ਸੀ ਕਿ ਮਾਸ ਮੀਡੀਆ ਸਾਡੀ ਮਦਦ ਕਰਦਾ, ਇਕ ਸਾਂਝੀ ਪੰਜਾਬੀ ਜ਼ੁਬਾਨ ਬਣਾਉਣ ਦੀ। ਜਿਸ ਤਰ੍ਹਾਂ ਸੂਫ਼ੀ ਕਵੀਆਂ ਨੇ ਸਾਂਝੀ ਜ਼ੁਬਾਨ ਦਾ ਇਸਤੇਮਾਲ ਕੀਤਾ। ਮਿਸਾਲ ਵਜੋਂ ਮੀਆਂ ਮੁਹੰਮਦ ਬਖ਼ਸ਼ ਨੇ ਆਪਣੀਆਂ ਲਿਖਤਾਂ ਵਿਚ ਜਾਸੀ, ਜਾਸਾਂ, ਜਾਵੇਗਾ ਵਰਤਿਆ ਹੈ, ਇਸੇ ਤਰ੍ਹਾਂ ਥੀਸਾਂ, ਕਰਸਾਂ, ਮਰੇਂਦਾ ਤੇ ਮੰਨੇਗਾ ਵੀ ਵਰਤਿਆ ਹੈ। ਉਨ੍ਹਾਂ ਦਾ ਇਕ ਸ਼ੇਅਰ ਹੈ:

ਲੈ ਓ ਯਾਰ ਹਵਾਲੇ ਰੱਬ ਦੇ  
ਮੇਲ ਚਾਰ ਦਿਨਾਂ ਦੇ  
ਉਸ ਦਿਨ ਈਦ ਮੁਬਾਰਕ ਹੋਸੀ  
ਜਿਸ ਦਿਨ ਫੇਰ ਮਿਲਾਂਗੇ।

ਇਸ ਵਿਚ ਹੋਸੀ ਸ਼ਬਦ ਆ ਗਿਆ ਤੇ ਮਿਲਾਂਗੇ ਵੀ ਆ ਗਿਆ। ਵਾਰਿਸ ਸ਼ਾਹ ਨੇ ਝੰਗੋਚੀ ਲਹਿਜ਼ਾ ਵਰਤਿਆ ਹੈ, ਤੇ ਇਸ ਤਰ੍ਹਾਂ ਸ਼ਾਹ ਹੁਸੈਨ ਨੇ ਥੀਸਾਂ, ਕਰੇਸਾਂ ਸ਼ਬਦ ਵਰਤੇ ਹਨ। ਗੁਰੂ ਨਾਨਕ ਨੇ ਵੀ ਮਰੇਂਦਾ, ਕਰੇਂਦਾ, ਉਠੇਂਦਾ ਆਦਿ ਸ਼ਬਦ ਵਰਤੇ ਹਨ। ਸੋ ਮਤਲਬ ਇਹ ਹੈ ਕਿ ਜਿਹੜੇ ਸੂਫ਼ੀ ਕਵੀ ਸਨ ਉਹ ਲੋਕਾਂ ਦੀ ਭਲਾਈ ਚਾਹੁੰਦੇ ਸਨ, ਲੋਕਾਂ ਦੇ ਨਫ਼ਰਤ ਦੇ ਜਜ਼ਬਾਤ ਹਟਾਉਣੇ ਚਾਹੁੰਦੇ ਸੀ, ਉਨ੍ਹਾਂ ਨੇ ਤਾਂ ਰਲਵੀਂ ਜ਼ੁਬਾਨ ਵਰਤੀ, ਲੇਕਿਨ ਜਿਹੜੇ ਸਾਡੇ ਸਾਜ਼ਿਸ਼ੀ ਨੇ ਜਿਨ੍ਹਾਂ ਨੇ ਪਹਿਲਾਂ ਪੰਜਾਬ ਨੂੰ ਜ਼ਿਬਹ ਕਰਨ ਵਾਸਤੇ ਚਾਲਾਂ

ਚੱਲੀਆਂ ਸਨ, ਭਾਵ ਸਿਆਸਤਦਾਨ, ਜਿਨ੍ਹਾਂ ਨੇ ਪੰਜਾਬ ਨੂੰ ਤਕਸੀਮ ਕਰਨ ਦੀ ਸਿਆਸਤ ਖੇਡੀ ਸੀ, ਉਹੀ ਕੁੱਝ ਹੁਣ ਫੇਰ ਕਰ ਰਹੇ ਹਨ ਤਾਂ ਕਿ ਉਨ੍ਹਾਂ ਦੀਆਂ ਚੌਧਰਾਂ ਕਾਇਮ ਰਹਿ ਸਕਣ ਤੇ ਲੁਕਾਈ ਲੁਟੇਂਦੀ ਰਵੇ।

**ਸਵਾਲ: ਅਸੀਂ ਕਈ ਵਾਰੀ ਇਥੇ ਟੀ.ਵੀ. ਉਪਰ ਪਾਕਿਸਤਾਨੀ ਡਰਾਮੇ ਦੇਖਦੇ ਹਾਂ ਜਿਨ੍ਹਾਂ ਵਿਚ ਪੰਜਾਬੀ ਉਰਦੂ ਵਿਚ ਰਲਾ ਕੇ ਬੋਲੀ ਗਈ ਹੁੰਦੀ ਹੈ, ਉਹ ਕੀ ਵਰਤਾਰਾ (ਫਿਨਾਮਿਨਨ) ਹੈ?**

**ਜਵਾਬ:** ਇਹ ਕੁੱਝ ਖਾਸ ਕਿਸਮ ਦੇ ਪੰਜਾਬੀ ਲੇਖਕ ਜਿਵੇਂ ਅਮਜਦ ਸਾਹਬ ਅਮਜਦ, ਅੱਤਾਉਲਾ ਕਾਸਿਮੀ, ਯੂਨਸ ਜਾਵੇਦ ਵਗੈਰਾ ਲਿਖਦੇ ਹਨ। ਇਹ ਲੋਕ ਆਪਣੇ ਖਿਆਲ ਵਿਚ ਪੰਜਾਬੀ ਲਹਿਜ਼ਾ ਤਾਂ ਵਰਤਦੇ ਹਨ ਕਿ ਬਹੁਤੇ ਲੋਕਾਂ ਤੱਕ ਗੱਲ ਪਹੁੰਚਾ ਸਕੇ। ਇਸਦੇ ਪਿੱਛੇ ਪਾਲਸੀ ਮੇਕਰ ਨੇ ਜਿਹੜੇ ਅਦੀਬ ਸ਼ਾਇਰ ਲਾਹੌਰ ਬੈਠੇ ਨੇ, ਕੌਮੀ ਜ਼ੁਬਾਨ ਵਾਲੇ, ਉਹ ਕਹਿੰਦੇ ਹਨ ਕਿ ਅਸੀ ਉਰਦੂ ਜ਼ੁਬਾਨ ਉਹ ਬਣਾ ਦੇਈਏ ਜਿਹੜੀ ਕਿ ਪੰਜਾਬੀ ਉਰਦੂ ਹੋਵੇਗੀ ਜਿਵੇਂ ਕਿ ਲਖਨਵੀ ਉਰਦੂ, ਦਿੱਲੀ ਉਰਦੂ ਹੈ। ਭਾਵ ਇਹ ਕਿ ਇਹ ਪਾਕਿਸਤਾਨੀ ਉਰਦੂ ਬਣ ਜਾਵੇ ਜਿਵੇਂ ਕਿ ਅੰਗ੍ਰੇਜ਼ੀ ਵਿਚ ਇਕ ਵੈਬਸਟਰ ਇੰਗਲਿਸ਼ ਹੈ। ਉਰਦੂ ਉਹੀ ਰਹੇ ਪਰ ਉਹਦਾ ਲਹਿਜ਼ਾ ਕੁੱਝ ਅਲਗ ਹੋ ਜਾਵੇ। ਪਰ ਮੈਂ ਨਹੀ ਸਮਝਦਾ ਕਿ ਇਸ ਕੋਸ਼ਿਸ਼ ਦਾ ਕੋਈ ਅਸਰ ਹੈ ਕਿਉਂਕਿ ਪਾਕਿਸਤਾਨ ਵਿਚ ਹਿੰਦੀ ਫਿਲਮਾਂ ਦੀ ਪ੍ਰਸਿੱਧੀ ਬਹੁਤ ਜ਼ਿਆਦਾ ਹੈ। ਹਿੰਦੀ ਕਲਚਰ ਵੀ ਉਰਦੂ ਜ਼ੁਬਾਨ ਵਾਂਗ ਸਾਡੇ ਲੋਕਾਂ ਉਪਰ ਛਾ ਰਿਹਾ ਹੈ। ਪਾਕਿਸਤਾਨ ਵਿਚ ਹਰ ਗਲੀ ਦੀ ਨੁੱਕੜ ਵਿਚ ਵੀਡੀਓ ਸ਼ਾਪ ਹੈ ਜਿਥੇ ਹਿੰਦੀ ਫਿਲਮਾਂ ਮਿਲ ਸਕਦੀਆਂ ਹਨ। ਉਸਦਾ ਅਸਰ ਮੁੰਡੇ ਕੁੜੀਆਂ ਉਪਰ ਪੈਂਦਾ ਹੈ। ਮੈਂ ਹਿੰਦੀ ਜਾਂ ਉਰਦੂ ਵਿਚ ਕੋਈ ਫਰਕ ਨਹੀ ਸਮਝਦਾ।




"ਪੰਜਾਬੀ ਜ਼ੁਬਾਨ ਉੱਤੇ ਜਿੰਦ ਕੁਰਬਾਨ - ਪੰਜਾਬ ਦੀ ਧੀ" ਪ੍ਰੋ: ਕੌਮੀ ਦੀਆਂ ਬੇਟੀਆਂ ਸਿਧਰਾ ਅਤੇ ਫੈਜ਼ਾ ਪੰਜਾਬੀ ਜ਼ੁਬਾਨ ਦੇ ਚਲ ਰਹੇ ਸੰਘਰਸ਼ ਵਿਚ।

ਪਾਕਿਸਤਾਨ ਵਿਚ ਸਾਡੀ ਸਰਕਾਰ, ਸਾਡੇ ਅਦੀਬ ਪੰਜਾਬੀ ਸ਼ਾਇਰ ਤੇ ਸ੍ਰੀ ਦੇਵੀ ਤੇ ਅਮਿਤਾਭ ਬਚਨ ਦੀਆਂ ਹਿੰਦੀ ਫਿਲਮਾਂ ਰਲ ਕੇ ਉਰਦੂ ਜ਼ੁਬਾਨ ਫੈਲਾ ਰਹੀਆਂ ਹਨ। ਫਰਜ਼ ਕਰੋ ਕਿ ਪਾਕਿਸਤਾਨ ਵਿਚ ਮਹੀਨੇ ਦੀ ਇਕ ਲੱਖ ਕਿਤਾਬ ਵਿਕਦੀ ਹੈ ਪਰ ਉਸਦੇ ਮੁਕਾਬਲੇ 10 ਲੱਖ ਹਿੰਦੀ ਫਿਲਮਾਂ ਦੇਖੀਆਂ ਜਾਂਦੀਆਂ ਹੋਣਗੀਆਂ। ਭਾਵ ਇਹ ਕਿ ਇਨ੍ਹਾਂ ਦੀ ਬੁਨਿਆਦ ਜਿਸ ਤੇ ਇਹ ਮੁਲਕ ਬਣਾਇਆ ਸੀ ਕਿ 'ਹਮ ਇਸਲਾਮੀ ਹੈਂ, ਹਮ ਅਲਗ ਕੌਮ ਹੈਂ' ਵਗੈਰਾ ਉਸ ਵੇਲੇ ਭੁਰਲੂ ਹੋ ਕੇ ਰਹਿ ਜਾਂਦੀ ਹੈ ਜਦੋਂ ਹਿੰਦੂਇਜ਼ਮ ਤੇ ਬੇਸਿਡ (ਆਧਾਰਿਤ) ਬੰਬਈਆਂ ਫਿਲਮਾਂ ਦੇਖੀਆਂ ਜਾਂਦੀਆਂ ਹਨ ਕਿਉਂਕਿ ਉਨ੍ਹਾਂ ਵਿਚ ਇਸਲਾਮਿਕ ਆਈਡੀਉਲਜੀ ਤਾਂ ਹੁੰਦੀ ਨਹੀ। ਆਮ ਕਾਲਜਾਂ ਦੇ ਕੁੜੀਆਂ ਮੁੰਡਿਆਂ ਦੀਆਂ ਫਾਈਲਾਂ ਵਿਚ ਜਾਂ ਹੋਸਟਲਾਂ ਦੇ ਕਮਰਿਆਂ ਵਿਚ ਸ੍ਰੀ ਦੇਵੀ, ਮਾਧੁਰੀ ਦੀਖਸ਼ਿਤ ਜਾਂ ਅਨਿਲ ਕਪੂਰ ਦੀਆਂ ਫੋਟੋ ਲੱਗੀਆਂ ਹੁੰਦੀਆਂ ਹਨ।

ਇਕ ਚੰਗੀ ਪੰਜਾਬੀ ਜ਼ੁਬਾਨ ਜਿਸਨੂੰ 60 ਫੀ ਸਦੀ ਵਸੋਂ ਬੋਲਦੀ ਸੀ ਦਾ ਬੁਰਾ ਹਾਲ ਕੀਤਾ ਗਿਆ ਹੈ। ਜੇਕਰ ਪੰਜਾਬੀ ਜ਼ੁਬਾਨ ਮਾਦਰੀ ਜ਼ੁਬਾਨ ਦੇ ਤੌਰ ਤੇ ਸਾਡੇ ਬੱਚਿਆਂ ਨੂੰ ਪੜ੍ਹਾਉਂਦੇ ਤਾਂ ਸਾਡੇ ਬੱਚੇ ਬਹੁਤ ਲਾਇਕ ਬਣਦੇ। ਯੂਨੈਸਕੋ ਦੀ ਰੀਪੋਰਟ ਵੀ ਇਹੀ ਇਸ਼ਾਰਾ ਕਰਦੀ ਹੈ ਕਿ ਜੇ ਕਰ ਬੱਚੇ ਨੂੰ ਆਪਣੀ ਮਾਦਰੀ ਜ਼ੁਬਾਨ ਵਿਚ ਤਾਲੀਮ ਦਿੱਤੀ ਜਾਵੇ ਤਾਂ ਉਹ ਤੇਜੀ ਨਾਲ ਸਿੱਖ ਸਕਦਾ ਹੈ। ਹੁਣ ਕੀ ਹੁੰਦਾ ਹੈ ਕਿ ਪੰਜਾਬੀ ਬੱਚਾ ਘਰ ਵਿਚ ਤਾਂ ਕੁੱਕੜ ਨੂੰ ਕੁੱਕੜ ਬੋਲਦਾ ਹੈ ਪਰ ਸਕੂਲ ਜਾ ਕੇ ਉਸਨੂੰ ਮੁਰਗਾ ਕਹਿਣਾ ਪੈਂਦਾ। ਦਿਮਾਗ ਵਿਚ ਲਫਜ਼ 'ਕੁੱਕੜ' ਹੀ ਹੁੰਦਾ ਹੈ। ਸੋ ਇਸ ਤਰ੍ਹਾਂ ਬਹੁਤੀ ਵਾਰੀ ਜਦੋਂ ਸਕੂਲ ਵਿਚ ਬੱਚੇ ਉਪਰ ਉਰਦੂ ਠੋਸੀ ਜਾਂਦੀ ਹੈ ਤਾਂ ਮਾਸਟਰਾਂ ਦੀ ਮਾਰ ਤੋਂ ਡਰਦਾ ਬੱਚਾ ਸਕੂਲ ਛੱਡ ਜਾਂਦਾ ਹੈ। ਇਸਦੀ ਬਨਸਬਿਤ ਮੁਹਾਜਰਿਮ, ਹੈਦਰਾਬਾਦ, ਕਰਾਚੀ ਵਾਲੇ ਪਾਸੇ ਜਿੱਥੇ ਸੌ ਫੀ ਸਦੀ ਲੋਕਾਂ ਦੀ ਮਾਦਰੀ ਜ਼ੁਬਾਨ ਉਰਦੂ ਹੈ, ਉਥੇ ਪੜ੍ਹਾਈ ਦੀ ਦਰ 100 ਪ੍ਰਤੀਸ਼ਤ ਦੇ ਲਗਭਗ ਹੈ, ਪਰ ਪੰਜਾਬ ਵਾਲੇ ਪਾਸੇ ਇਹ ਬਹੁਤ ਘੱਟ ਹੈ। ਔਰਤਾਂ ਵਿਚ ਬਹੁਤ ਹੀ ਘੱਟ ਹੈ।

**ਸਵਾਲ: ਪਾਕਿਸਤਾਨ ਵਿਚ ਪੰਜਾਬੀ ਪੱਤਰਕਾਰੀ ਬਾਰੇ ਦੱਸੋ?**

**ਜਵਾਬ:** ਲਾਹੌਰ ਤੋਂ ਇਕ ਦਿਕ ਅਖਬਾਰ 'ਸੱਜਣ' ਛਪਣਾ ਸ਼ੁਰੂ ਹੋਇਆ ਸੀ। ਪਰ 20 ਮਹੀਨਿਆਂ ਬਾਅਦ ਹੀ ਬੰਦ ਹੋ ਗਿਆ। ਉਸਦੀ ਵਜਹ ਇਹ ਕਿ ਪੰਜਾਬੀ ਦੇ ਅਖਬਾਰ ਨੂੰ ਕੋਈ ਇਸ਼ਤਿਹਾਰ ਨਹੀ ਮਿਲਦੇ ਸਨ। ਇਸ਼ਤਿਹਾਰ ਸਾਰੇ ਉਰਦੂ ਅਤੇ ਅੰਗ੍ਰੇਜ਼ੀ ਦੇ ਅਖਬਾਰਾਂ ਨੂੰ ਹੀ ਮਿਲਦੇ ਹਨ। ਵੈਸੇ ਪਾਕਿਸਤਾਨ ਵਿਚ ਬੇਸ਼ੁਮਾਰ ਪੰਜਾਬੀ ਕਰੋੜਪਤੀ ਹਨ, ਪਰ ਪੰਜਾਬੀ ਜ਼ੁਬਾਨ ਲਈ ਕੋਈ ਕੁਝ ਨਹੀਂ ਕਰ ਰਿਹਾ। ਇਸ ਅਖਬਾਰ ਲਈ ਬਹੁਤ ਲੋਕਾਂ ਨੇ ਆਪਣੇ ਕੋਲੋਂ ਪੈਸੇ ਲਗਾਏ, ਆਪਣੀ ਐਨਰਜੀ ਲਗਾਈ। ਪੰਜਾਹ ਪੰਜਾਹ ਮੀਲਾਂ ਤੋਂ ਮੁੰਡੇ ਆਪਣੇ ਕਿਰਾਏ ਖਰਚ ਕੇ ਪੰਜਾਬੀ ਦੇ ਅਖਬਾਰ ਨੂੰ ਚਲਾਉਣ ਲਈ ਆਪਣਾ

ਜ਼ੋਰ ਲਗਾਉਂਦੇ ਸਨ, ਪਰ ਅਗਰ ਅਖ਼ਬਾਰ ਨੂੰ ਇਸ਼ਤਿਹਾਰ ਨਾ ਮਿਲਨ ਤਾਂ ਉਹ ਆਪਣੀ ਮੌਤ ਖ਼ੁਦ ਮਰ ਜਾਂਦਾ ਹੈ। ਇਸ਼ਤਿਹਾਰੀ ਏਜੰਸੀਆਂ ਵੀ ਉਨ੍ਹਾਂ ਕੋਲ ਹਨ ਜੋ ਪੰਜਾਬੀ ਨੂੰ ਨਫ਼ਰਤ ਕਰਦੇ ਹਨ। ਹਾਂ ਪੰਜਾਬੀ ਵਿਚ ਰਸਾਲੇ ਕਈ ਛਪ ਰਹੇ ਹਨ। ਮਸਲਨ 'ਲਹਿਰਾਂ' ਰਸਾਲਾ ਲਾਹੌਰ ਤੋਂ ਸਈਦ ਅਖਤਰ ਸਾਹਬ ਪਿਛਲੇ 25 ਸਾਲਾਂ ਤੋਂ ਚਲਾ ਰਹੇ ਹਨ। ਇਕ ਹੋਰ ਬਹੁਤ ਅੱਛਾ ਪੰਜਾਬੀ

**ਪਰ ਜੇਕਰ ਪੰਜਾਬੀ ਨੂੰ ਇਸਦਾ ਬਣਦਾ ਦਰਜਾ ਦੇ ਦੇਣ ਤਾਂ ਉਰਦੂ ਲਈ ਜਗਹ ਨਹੀਂ ਬਚਦੀ**

ਰਸਾਲਾ 'ਮਾਂ ਬੋਲੀ' ਮਕਸੂਸ ਸਰਕਮ ਸਾਹਿਬ ਛਾਪ ਰਹੇ ਹਨ। ਅਸੀਂ ਕੁੱਝ ਦੋਸਤਾਂ ਨੇ ਰਲ ਕੇ ਪੰਜਾਬੀ ਸਾਇੰਸ ਬੋਰਡ ਬਣਾਇਆ ਹੈ ਲਾਹੌਰ ਵਿਚ, ਜਿਸਦੇ ਤਹਿਤ ਅਸੀਂ ਸਾਇੰਸ ਦੀਆਂ ਕਿਤਾਬਾਂ ਵੀ ਪੰਜਾਬੀ ਵਿਚ ਛਾਪ ਰਹੇ ਹਾਂ, ਤੇ ਨਾਲ ਨਾਲ ਦੋ ਰਸਾਲੇ ਜਿਨ੍ਹਾਂ ਨੂੰ ਰਿਆਜ਼ ਘੁਮੰਣ ਤੇ ਜ਼ਮੀਲ ਪਾਲ ਐਡਿਟ ਕਰ ਰਹੇ ਹਨ, ਛਾਪ ਰਹੇ ਹਾਂ। ਇਕ ਦਾ ਨਾਮ ਹੈ 'ਰਵੇਲ' ਜਿਸਦਾ ਮਤਲਬ ਹੈ ਚਮੇਲੀ, ਦੂਸਰਾ ਰਸਾਲਾ ਬੱਚਿਆਂ ਲਈ 'ਮੀਟੀ' ਹੈ।

ਇਸਤੋਂ ਇਲਾਵਾ ਸਾਡੇ ਪੰਜਾਬੀਅਤ ਬੋਰਡ ਹੈ ਪਰ ਉਸ ਨੂੰ ਬਹੁਤ ਘੱਟ ਗਰਾਂਟ ਮਿਲਦੀ ਹੈ ਸਰਕਾਰ ਵੱਲੋਂ। ਉਰਦੂ ਦੀ ਇਕ ਅਕੈਡਮੀ ਦੇ ਅਫਸਰ ਦੀ ਤਨਖਾਹ ਤੋਂ ਵੀ ਘੱਟ ਗ੍ਰਾਂਟ ਮਿਲਦੀ ਹੈ ਇਸ ਬੋਰਡ ਨੂੰ ਜਦ ਕਿ ਸਿੰਧ ਦੀ ਸਰਕਾਰ ਲੱਖਾਂ ਕਰੋੜਾਂ ਰੁਪੈ ਸਿੰਧੀ ਬੋਰਡ ਨੂੰ ਇਮਦਾਦ ਦੇ ਤੌਰ ਤੇ ਦਿੰਦੀ ਹੈ। ਸੋ ਸਾਡੀ ਸਰਕਾਰ ਚਾਹੁੰਦੀ ਹੈ ਕਿ ਪੰਜਾਬੀ ਮਰੇ ਵੀ ਨਾ, ਸਿਰਫ ਥੱਲੇ ਡਿੱਗੀ ਡਿੱਗੀ ਸਾਹ ਲਈ ਜਾਵੇ, ਹਉਕੇ ਲਈ ਜਾਵੇ। ਵਜ਼ੀਰੇ ਆਲਾ ਪੰਜਾਬ ਉਸਮਾਨ ਇਬਰਾਹੀਮ ਦਾ ਕਹਿਣਾ ਹੈ ਕਿ ਸਾਨੂੰ ਉਰਦੂ ਦੀ ਲੋੜ ਹੈ ਪੰਜਾਬੀ ਦੀ ਨਹੀਂ।

ਇਸੇ ਤਰ੍ਹਾਂ ਹੋਰ ਰਸਾਲੇ ਛਪਦੇ ਹਨ ਜਿਵੇਂ ਇਕ ਛਿਮਾਹੀ ਰਸਾਲਾ 'ਖੋਜ' ਛਪਦਾ ਹੈ ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ਜਿਸਨੂੰ ਸ਼ਾਹਬਾਜ਼ ਮਲਿਕ ਛਾਪਦੇ ਹਨ। ਇਕ ਹੋਰ ਪੰਜਾਬੀ ਦਾ ਤਿਮਾਹੀ ਰਸਾਲਾ ਪੰਜਾਬੀ ਦੇ ਬਜ਼ੁਰਗ ਲੇਖਕ-ਖੋਜਕਾਰ ਆਸਿਫ਼ ਖ਼ਾਨ ਸਾਹਿਬ ਛਾਪਦੇ ਹਨ, ਪੰਜਾਬੀਅਤ ਬੋਰਡ ਦੀ ਮਦਦ ਨਾਲ। ਕਰਾਚੀ ਤੋਂ ਇਕ ਰਸਾਲਾ ਆਂਬਰ ਬਸ਼ੀਰ ਰਾਹੀਂ ਇਕ ਨੌਜੁਆਨ 'ਸਾਇੰਸ ਰੰਗ' ਛਾਪਦੇ ਹਨ। ਇਕ ਨਵਾਂ ਰਸਾਲਾ 'ਦਰਸ਼ਨ' ਹੈਦਰਾਬਾਦ ਤੋਂ ਛਪਣਾ ਸ਼ੁਰੂ ਹੋਇਆ ਹੈ। ਇਕ ਹੋਰ ਰਸਾਲਾ 'ਸੂਰਜਮੁਖੀ' ਹੈ, ਇਕ 'ਅਣਖ' ਹੈ ਤੇ ਕੁੱਝ ਹੋਰ ਹਨ ਜਿਨ੍ਹਾਂ ਦੇ ਨਾਮ ਮੈਨੂੰ ਹੁਣ ਯਾਦ ਨਹੀਂ।

ਕੁੱਝ ਅਦਾਰੇ ਕਿਤਾਬਾਂ ਛਾਪਦੇ ਹਨ ਪੰਜਾਬੀ ਦੀਆਂ, ਲੇਕਿਨ ਉਹ ਗਾਈਡਾਂ ਦੀ ਕਿਸਮ ਦੀਆਂ ਹੁੰਦੀਆਂ ਹਨ ਦਸਤੀ ਪੇਪਰ ਕਿਸਮ ਦੀਆਂ। ਉਹ ਵਿਕਦੀਆਂ ਵੀ ਹਨ ਕਿਉਂਕਿ ਮੁੰਡਿਆਂ ਨੇ ਇਮਤਿਹਾਨ ਪਾਸ ਕਰਨਾ ਹੁੰਦਾ ਹੈ। ਬਾਕੀ ਚੰਗੀ ਕਿਤਾਬ ਜੇਕਰ ਮੀਡੀਆ ਦੀ ਮਦਦ ਮਿਲ ਜਾਵੇ ਤਾਂ ਉਹ ਵਿਕ ਵੀ ਜਾਂਦੀ ਹੈ। ਕੁਝ ਆਦਾਰੇ ਬੁੱਲੇ ਸ਼ਾਹ, ਸ਼ਾਹ ਹੁਸੈਨ, ਵਾਰਿਸ ਸ਼ਾਹ ਤੇ ਸ਼ੇਖ ਫਰੀਦ ਦਾ ਕਲਾਮ ਛਾਪਣ ਵਿਚ ਟਾਵੀਂ ਟਾਵੀਂ ਦਿਲਚਸਪੀ ਦਿਖਾਉਣ ਲੱਗੇ ਹਨ।

**ਸਵਾਲ: ਪੰਜਾਬੀ ਜ਼ੁਬਾਨ ਦੀ ਬੇਹਤਰੀ ਲਈ ਜਾਂ ਪੰਜਾਬੀ ਨੂੰ ਆਪਣਾ ਸਹੀ ਸਥਾਨ ਦਿਵਾਉਣ ਲਈ ਕਿਸ ਕਿਸਮ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ?**

**ਜਵਾਬ:** ਕੋਸ਼ਿਸ਼ਾਂ ਹੋ ਤਾਂ ਰਹੀਆਂ ਹਨ ਤੇ ਪਿਛਲੇ ਕੁੱਝ ਸਾਲਾਂ ਵਿਚ ਤੇਜ਼ੀ ਵੀ ਆਈ ਹੈ। ਕੁੱਝ ਸੱਜਣ ਜਿਵੇਂ ਅੱਲ ਬਖਸ਼, ਮਸੂਦ ਖੱਦਰਪੋਸ਼ ਸਾਹਿਬ ਤੇ ਹੋਰ ਬਜ਼ੁਰਗ ਦੋਸਤ ਜਿਵੇਂ ਸ਼ੇਖ ਮੁਜਾਹੀ ਸਾਹਿਬ ਆਦਿ ਵੇਲੇ ਕੁਵੇਲੇ ਪੰਜਾਬੀ ਦੀ ਗੱਲ ਕਰਦੇ ਆ ਰਹੇ ਹਨ। ਫ਼ਖ਼ਰ ਜ਼ਮਾਨ ਤੇ ਹਨੀਫ਼ ਹੋਰੀਂ ਵੀ ਪੰਜਾਬੀ ਦੀ ਗੱਲ ਕਰ ਰਹੇ ਹਨ।

ਜਿਸ ਵੇਲੇ ਕਰਾਚੀ ਹੈਦਰਾਬਾਦ ਵਿਚ ਉਰਦੂ ਬੋਲਣ ਵਾਲਿਆ ਦੀ ਵਖਰੀ ਐਮ. ਕੇ. ਬਣੀ ਤਾਂ ਉਨ੍ਹਾਂ ਦੇ ਨਾਹਰੇ ਨਾਲ ਉਥੇ ਪੰਜਾਬੀਆਂ ਨੂੰ ਫੈਂਟ ਪਈ, ਕਈ ਪੰਜਾਬੀ ਮਾਰੇ ਵੀ ਗਏ ਤਾਂ ਪੰਜਾਬੀਆਂ ਨੂੰ ਇਸਦਾ ਅਹਿਸਾਸ ਹੋਇਆ। ਉਸਦੇ ਅਸਰ ਵਜੋਂ ਪੰਜਾਬੀਆਂ ਨੇ ਪੰਜਾਬੀ ਨੂੰ ਅਪਨਾਉਣਾ ਸ਼ੁਰੂ ਕੀਤਾ। ਇਕ ਲਹਿਰ ਇਧਰੋਂ ਪੰਜਾਬੋਂ ਉੱਠੀ ਕਿ ਹਾਂ ਬਈ ਅਸੀਂ ਪੰਜਾਬੀ ਹਾਂ ਤੇ ਪੰਜਾਬੀ ਸਾਡੀ ਜ਼ੁਬਾਨ ਹੈ ਤੇ ਇਕ ਲਹਿਰ ਕਰਾਚੀ ਹੈਦਰਾਬਾਦ ਵਿਚ ਜੋ ਪੰਜਾਬੀ ਮੁੰਡੇ ਕੁੜੀਆਂ ਪੜ੍ਹਦੇ ਸਨ ਉਨ੍ਹਾਂ ਵਲੋਂ ਆਈ ਜਦੋਂ ਉਨ੍ਹਾਂ ਨੇ ਮਹਿਸੂਸ ਕੀਤਾ ਕਿ ਹਰ ਕੋਈ ਸਾਨੂੰ 'ਪੰਜਾਬੀ' ਕਹਿਕੇ ਬੁਰਾ ਭਲਾ ਕਹਿੰਦਾ ਹੈ ਤਾਂ ਉਨ੍ਹਾਂ ਨੇ ਆਪਣੇ ਆਪ ਨੂੰ ਸਵੀਕਾਰ ਕਰਨਾ ਸ਼ੁਰੂ ਕੀਤਾ।

ਨਜ਼ਮ ਹੁਸੈਨ ਸਈਅਦ ਹੁਰਾਂ ਤੋਂ ਮੁੱਤਾਸਰ ਇਕ ਟੋਲਾ ਹੈ ਜੋ ਪੰਜਾਬੀ ਦੀ ਗੱਲ ਕਰਦਾ ਹੈ। ਇਸੇ ਤਰ੍ਹਾਂ ਅਸੀਂ ਕੁੱਝ ਦੋਸਤਾਂ ਨੇ ਰਲ ਕੇ ਪੰਜਾਬੀ ਲਈ ਮੂਵਮੈਂਟ ਸ਼ੁਰੂ ਕੀਤੀ ਹੈ। ਲਾਹੌਰ ਤੇ ਪਿੰਡੀ ਵਿਚ ਜਲੂਸ ਕੱਢੇ। ਸੈਂਕੜੇ ਲੋਕ ਜਲੂਸਾਂ ਤੇ ਪਹੁੰਚੇ। ਮੈਂ ਖ਼ੁਦ 1987 ਵਿਚ ਯੂਰਪ ਘੁੰਮ ਕੇ ਵਾਪਿਸ ਆਉਣ ਤੋਂ ਬਾਅਦ ਇਸ ਪਾਸੇ ਜ਼ਿਆਦਾ ਦਿਲਚਸਪੀ ਲੈਣ ਲੱਗਾਂ ਹਾਂ। ਮੇਰੀ ਪਹਿਲੀ ਕਿਤਾਬ 'ਪੰਜਾਬੀ ਜ਼ੁਬਾਨ ਨਹੀਂ ਮਰੇਗੀ' ਕਾਫੀ ਵਿਕੀ। ਹੁਣ ਉਸਦਾ ਤੀਸਰਾ ਐਡੀਸ਼ਨ ਛਪਣ ਵਾਲਾ ਹੈ। ਉਸ ਵਿਚ ਮੈਂ ਇਹ ਗੱਲ ਕੀਤੀ ਹੈ ਕਿ ਪੰਜਾਬੀ ਜ਼ੁਬਾਨ ਨੂੰ ਕਿੱਥੋਂ ਕਿੱਥੋਂ ਸੱਟ ਵੱਜ ਰਹੀ ਹੈ ਤੇ ਫਿਰੰਗੀ ਦੌਰ ਤੇ ਉਸਤੋਂ ਬਾਅਦ ਦੇ ਦੌਰ ਵਿਚ ਇਸਦਾ ਕੀ ਹਸ਼ਰ ਹੋਇਆ ਹੈ। ਕਿਵੇਂ ਸਕੂਲਾਂ ਵਿਚ ਮਾਸਟਰ ਤੇ ਮਿੱਸਾਂ ਬੱਚਿਆਂ ਨੂੰ ਮਨ੍ਹਾ ਕਰਦੇ ਹਨ ਕਿ 'ਪੰਜਾਬੀ ਮੇਂ ਬਾਤ ਨਹੀਂ ਕਰਤੇ, ਇਸ ਸੇ ਮਾਹੌਲ ਖਰਾਬ ਹੋਤਾ ਹੈ, ਇਸਸੇ ਯੇ ਹੋਤਾ ਹੈ'। ਉਹ ਸਾਰੇ ਲਾਸਾਨੀ ਤਸ਼ੱਦਦ ਦੀ ਕੈਫ਼ਰੀਤ ਮੈਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਸਦੇ ਬਾਰੇ ਫਿਰ ਅਖਬਾਰਾਂ ਰਸਾਲਿਆਂ ਵਿਚ ਆਰਟੀਕਲ ਛਪੇ।।

**ਸਵਾਲ: ਯੂਰਪ ਤੋਂ ਵਾਪਿਸ ਜਾਣ ਬਾਦ ਕੀ ਕਾਰਨ ਬਣਿਆ ਕਿ ਤੁਸੀਂ ਪੰਜਾਬੀ ਲਈ ਕੰਮ ਕਰਨਾ ਸ਼ੁਰੂ ਕੀਤਾ?**

ਜਵਾਬ: ਇਹ ਵੀ ਇਕ ਵਾਕਿਆ ਹੋਇਆ ਮੇਰੇ ਨਾਲ। ਗੱਲ ਐਸ ਤਰ੍ਹਾਂ ਹੈ ਕਿ ਇਕ ਜ਼ੁਬਾਨ ਹੈ ਐਸਪਰੈਂਟੋ। ਮੈਂ ਕਰੀਬ 9-10 ਸਾਲ ਇਸ ਜ਼ੁਬਾਨ

**ਵੈਸੇ ਪਾਕਿਸਤਾਨ ਵਿਚ ਬੇਸ਼ੁਮਾਰ ਪੰਜਾਬੀ ਕਰੋੜਪਤੀ ਹਨ ਪਰ ਪੰਜਾਬੀ ਜ਼ੁਬਾਨ ਲਈ ਕੋਈ ਕੁਝ ਨਹੀਂ ਕਰ ਰਿਹਾ।**

ਦੀ ਖਿਦਮਤ ਕੀਤੀ ਹੈ। ਮੇਰੀਆਂ ਪੰਜ ਕਿਤਾਬਾਂ ਇਸ ਜ਼ੁਬਾਨ ਲਿਖੀਆਂ ਹੋਈਆਂ ਹਨ। ਇਹ ਜ਼ੁਬਾਨ ਸਿੱਖਣ ਲਈ ਮੈਂ ਦੁਨੀਆਂ ਦੇ ਕਈ ਮੁਲਕਾਂ ਵਿਚ ਜਾਂਦਾ ਰਿਹਾ ਹਾਂ, ਕਾਨਫ੍ਰੰਸਾਂ ਅਟੈਂਡ ਕਰਦਾ ਰਿਹਾ ਹਾਂ। ਇਕ ਵਾਰ ਮੈਂ ਪੂਰਬੀ ਯੂਰਪ ਦਾ ਟੂਰ ਕੀਤਾ, ਵਾਈ ਰੋਡ। ਈਰਾਨ, ਤੁਰਕੀ, ਬੁਲਗਾਰੀਆ ਤੋਂ ਯੂਗੋਸਲਾਵੀਆ ਪਹੁੰਚਾ। ਉਥੇ ਲੁਬਾਲਿਅਨ ਯੂਨੀਵਰਸਿਟੀ ਹੈ। ਉਥੇ ਯੂਨੀਵਰਸਿਟੀ ਵਿਚ ਮੇਰੇ ਨਾਲ ਐਸਪਰੈਂਟੋ ਜ਼ੁਬਾਨ ਦੀ ਮੇਰੀ ਜਾਣੂ ਔਰਤ ਦੋਸਤ ਜੋ ਕਿ ਚੀਨ ਵਿਚ ਮੇਰੀ ਦੋਸਤ ਬਣੀ ਸੀ, ਮੇਰੇ ਨਾਲ ਸੀ। ਉਥੇ ਲਾਇਬ੍ਰੇਰੀ ਵਿਚ ਮੈਂ ਕਿਤਾਬਾਂ ਦੇਖ ਰਿਹਾ ਸੀ ਵੱਖ ਵੱਖ ਜ਼ੁਬਾਨਾਂ ਦੀਆਂ। ਇਕ ਕਿਤਾਬ ਮੇਰੀ ਨਜ਼ਰ ਪਈ। ਮੈਂ ਆਪਣੀ ਦੋਸਤ ਨੂੰ ਪੁੱਛਿਆ ਕਿ ਇਹ ਕਿਹੜੀ ਜ਼ੁਬਾਨ ਹੈ, ਤਾਂ ਉਹ ਬੜੇ ਫਖਰ ਨਾਲ ਸੀਨਾ ਫੁਲਾ ਕੇ ਬੋਲੀ ਕਿ ਇਹ ਮੇਰੀ ਮਾਦਰੀ ਜ਼ੁਬਾਨ ਹੈ। ਉਸਨੇ ਇਨ੍ਹੇ ਜੋਸ਼ ਤੇ ਜਜ਼ਬੇ ਨਾਲ ਇਹ ਗੱਲ ਕਹੀ ਕਿ ਇਹ ਮੇਰੀ

ਮਾਦਰੀ ਜ਼ੁਬਾਨ ਵਿਚ ਕਿਤਾਬਾਂ ਹਨ। ਉਸਦਾ ਇਹ ਫਿਕਰਾ ਮੇਰੇ ਜ਼ਿਹਨ ਵਿਚ ਕਲਿੱਕ ਕਰ ਗਿਆ। ਮੇਰੇ ਅੰਦਰ ਵੀ ਜਜ਼ਬਾ ਭੜਕ ਉੱਠਿਆ। ਮੈਂ ਮਹਿਸੂਸ ਕੀਤਾ ਕਿ ਮੈਂ ਆਪਣੀ ਮਾਦਰੀ ਜ਼ੁਬਾਨ ਪੰਜਾਬੀ ਵੱਲ ਕਦੀ ਧਿਆਨ ਹੀ ਨਹੀਂ ਦਿੱਤਾ। ਬੜਾ ਬੇਧਿਆਨੀ ਨਾਲ ਹੀ ਲਿਆ ਉਸਨੂੰ। ਹਾਲਾਂਕਿ ਮੈਂ ਪੰਜਾਬੀ ਦੀਆਂ ਕੁਝ ਕਿਤਾਬਾਂ ਦਾ ਐਸਪਰੈਂਟੋ ਵਿਚ ਤਰਜ਼ਮਾ ਕੀਤਾ ਸੀ ਲੇਕਿਨ ਮੇਰੇ ਅੰਦਰ ਇਸ ਕਿਸਮ ਦਾ ਜਜ਼ਬਾਤੀ ਤਅੱਲਕ ਜਗਾਉਣ ਲਈ ਉਸ ਲੜਕੀ ਦਾ ਸਿਹਰਾ ਹੈ। ਮੈਂ ਉਸ ਮੁਹਤਰਮਾ ਦਾ ਬੜਾ ਸ਼ੁਕਰਗੁਜ਼ਾਰ ਹਾਂ।

ਫਿਰ ਬਾਅਦ ਵਿਚ ਮੈਂ ਪੋਲੈਂਡ, ਆਸਟਰੀਆ, ਹੰਗਰੀ ਵਗੈਰਾ ਘੁੰਮਦਾ ਰਿਹਾ ਤੇ ਮੈਂ ਦੇਖਿਆ ਕਿ ਦੁਨੀਆਂ ਦੀ ਹਰ ਕਮਿਉਨਿਟੀ ਆਪਣੀ ਮਾਦਰੀ ਜ਼ੁਬਾਨ ਪੜ੍ਹ ਰਹੀ ਹੈ। ਵਾਪਸ ਪਾਕਿਸਤਾਨ ਆਕੇ ਮੈਂ ਲਾਹੌਰ ਵਿਚ ਆਪਣੀ ਵੱਡੀ ਭੈਣ ਨੂੰ ਉਸਦੇ ਘਰ ਮਿਲਣ ਗਿਆ ਤਾਂ ਮੈਂ ਉਸਦੀ ਬੱਚੀ ਨੂੰ ਪੰਜਾਬੀ ਵਿਚ ਕਿਹਾ ਕਿ ਕੁੜੀਏ ਛੇਤੀ ਛੇਤੀ ਮੇਰੇ ਲਈ ਪਾਣੀ ਲਿਆ ਤਾਂ ਉਹ 'ਛੇਤੀ ਛੇਤੀਂ' ਦਾ ਮਤਲਬ ਨਾ ਸਮਝੀ ਕਿਉਂਕਿ ਉਹ ਪੰਜਾਬੀ ਨਹੀਂ ਜਾਣਦੀ ਸੀ। ਮੈਂ ਉਨ੍ਹਾਂ ਦੇ ਘਰ ਪੰਜਾਬੀ ਬੋਲਣ ਲੱਗ ਪਿਆ ਤਾਂ ਮੇਰੀ ਭੈਣ ਬੋਲੀ ਕਿ ਵੀਰ ਤੂੰ ਮੇਰੇ ਨਾਲ ਪੰਜਾਬੀ ਬੋਲ ਲੈ ਪਰ ਇਨ੍ਹਾਂ ਬੱਚਿਆਂ ਨੂੰ ਪੰਜਾਬੀ ਨਾ ਸਿਖਾ, ਇਨ੍ਹਾਂ ਦੀ ਜ਼ੁਬਾਨ ਖਰਾਬ ਹੋ ਜਾਵੇਗੀ। ਮੈਂ ਕਿਹਾ ਮੈਂ ਉਰਦੂ ਕਿਉਂ ਬੋਲਾਂ ਇਨ੍ਹਾਂ ਨਾਲ, ਇਹ ਪੰਜਾਬੀ ਬੱਚੇ ਨੇ, ਮੈਂ ਪੰਜਾਬੀ ਹਾਂ, ਤਾਂ ਪੰਜਾਬੀ ਕਿਉ ਨਾ ਬੋਲਾਂ। ਉਹ ਕਹਿੰਦੀ ਕਿ ਅਸੀ ਬੱਚੇ 'ਬਦਤਮੀਜ਼' ਨਹੀਂ ਬਣਾਉਣੇ, ਜਾਣੀ ਉਸਨੇ ਲਫ਼ਜ਼ 'ਬਦਤਮੀਜ਼' ਵਰਤਿਆ ਪੰਜਾਬੀ ਬੋਲਣ ਵਾਲੇ ਲਈ। ਮੈਂ ਉਸਨੂੰ ਕਿਹਾ ਕਿ ਜੇਕਰ ਇਸ ਤਰ੍ਹਾਂ ਆਪਾਂ ਪੰਜਾਬੀ ਨਾ ਬੋਲਾਂਗੇ ਤਾਂ ਇਹ ਜ਼ੁਬਾਨ ਮਰ ਜਾਵੇਗੀ, ਜਿੰਦਾ ਨਹੀਂ ਰਹਿ ਸਕੇਗੀ। ਉਹ ਬੋਲੀ ਕਿ ਮਰਦੀ ਹੈ ਤਾਂ ਮਰ ਜਾਵੇ। ਮੈਂ ਉਸਨੂੰ ਇਕ ਗੱਲ ਕਹੀ ਕਿ 'ਪੰਜਾਬੀ ਜ਼ੁਬਾਨ ਨਹੀਂ ਮਰੇਗੀ।' ਬਾਅਦ ਵਿਚ ਇਹੀ ਮੇਰੀ ਕਿਤਾਬ ਦਾ ਟਾਈਟਲ ਵੀ ਬਣ ਗਿਆ 'ਪੰਜਾਬੀ ਜ਼ੁਬਾਨ ਨਹੀਂ ਮਰੇਗੀ।' ਮੈਂ ਉਸੇ ਵੇਲੇ ਆਪਣੀ ਭੈਣ ਦੇ ਘਰੋਂ ਉਠਿਆ ਜੇਹਲਮ ਗਿਆ ਤੇ ਸਿੱਧਾ ਪ੍ਰੈਸ ਵਿਚ ਜਾਕੇ ਮੈਂ ਇਕ ਹਜ਼ਾਰ ਵੱਡਾ ਸਾਰਾ ਇਸ਼ਤਿਹਾਰ ਛਪਵਾਇਆ 'ਪੰਜਾਬੀ ਜ਼ੁਬਾਨ ਨਹੀਂ ਮਰੇਗੀ।' ਉਹ ਇਸ਼ਤਿਹਾਰ ਛਪਵਾ ਕੇ ਮੈਂ ਘਰ ਨਹੀ ਗਿਆ। ਸਿੱਧਾ ਗੱਡੀ ਲੈ ਕੇ ਲਾਹੌਰ ਗਿਆ ਤੇ ਹਰ ਸਟੇਸ਼ਨ ਤੇ ਉਹ ਇਸ਼ਤਿਹਾਰ ਲਾਉਂਦਾ ਗਿਆ। ਕਾਫ਼ੀ ਔਖਾ ਹੋਣਾ ਪਿਆ ਮੈਨੂੰ ਪਰ ਕਈ ਵਾਰੀ ਤੁਹਾਡੇ ਅੰਦਰ ਐਸਾ ਜਜ਼ਬਾ ਹੁੰਦਾ ਹੈ।

> **ਵਜ਼ੀਰੇ ਆਲਾ ਪੰਜਾਬ ਉਸਮਾਨ ਇਬਰਾਹੀਮ ਦਾ ਕਹਿਣਾ ਹੈ ਕਿ ਸਾਨੂੰ ਉਰਦੂ ਦੀ ਲੋੜ ਹੈ ਪੰਜਾਬੀ ਦੀ ਨਹੀਂ।**

**ਸਵਾਲ: ਹੁਣ ਜਦੋਂ ਤੁਸੀ ਇਸ ਕਿਸਮ ਦੀ ਜਦੋਜਹਿਦ ਕਰ ਰਹੇ ਹੋ ਪੰਜਾਬੀ ਵਾਸਤੇ, ਤਾਂ ਤੁਹਾਨੂੰ ਕਿਸ ਕਿਸਮ ਦੀਆਂ ਮੁਸ਼ਕਿਲਾਂ ਪੇਸ਼ ਆਉਂਦੀਆਂ ਹਨ ਸਰਕਾਰ ਵੱਲੋਂ ਜਾਂ ਪਾਕਿਸਤਾਨ ਦੇ ਲੋਕਾਂ ਵੱਲੋਂ?**

**ਜਵਾਬ:** ਪਹਿਲਾਂ ਜਦੋਂ ਮੈਂ ਐਸਪਰੈਂਟੋ ਜ਼ੁਬਾਨ ਲਈ ਕੰਮ ਕਰਦਾ ਸੀ ਤਾਂ ਮੇਰੀਆਂ ਕਿਤਾਬਾਂ ਵੀ ਸਰਕਾਰ ਛਾਪਦੀ ਸੀ। ਮੈਨੂੰ ਕਿਸੇ ਨਾ ਕਿਸੇ ਮਜ਼ਮੂਨ ਬਾਰੇ ਟੀ. ਵੀ. ਉਪਰ ਵੀ ਸੱਦ ਲੈਂਦੇ ਸਨ ਤੇ ਰੇਡੀਓ ਉਪਰ ਮੈਂ ਕਿਤਨੇ ਹੀ ਇੰਟਰਵਿਊ ਕੀਤੇ ਉਸ ਗੈਰ ਮੁਲਕੀ ਜ਼ੁਬਾਨ ਲਈ। ਇਹ ਜ਼ੁਬਾਨ ਉਰਦੂ ਨੂੰ ਸੁਪੋਰਟ ਕਰਦੀ ਸੀ ਤੇ ਅੰਗ੍ਰੇਜ਼ੀ ਦੇ ਬਰਖਲਾਫ ਸੀ। ਜਦੋਂ ਮੈਂ ਪੰਜਾਬੀ ਲਈ ਕੰਮ ਕਰਨਾ ਸ਼ੁਰੂ ਕੀਤਾ ਤਾਂ ਪਹਿਲਾਂ ਇਲਜ਼ਾਮ ਜੋ ਸਾਡੇ ਉਪਰ ਲੱਗਣ ਲੱਗਾ ਉਹ ਸੀ ਮੁਲਕ ਦੁਸ਼ਮਣੀ ਦਾ। ਮੈਂ ਪੜ੍ਹਾਉਣਾ ਵੀ ਉਰਦੂ ਦੀ ਬਜਾਏ ਪੰਜਾਬੀ ਵਿਚ ਸ਼ੁਰੂ ਕਰ ਦਿੱਤਾ। ਕਦੇ ਕਦੇ ਮੇਰੇ ਖਿਲਾਫ ਕਿਸੇ ਅਖਬਾਰ ਵਿਚ ਛਪ ਜਾਣਾ ਕਿ 'ਉਸ ਕਾਲਜ ਮੇਂ ਇਲਾਕਾਈਤ ਪਸੰਦੀ ਕਾ ਮੁਜ਼ਾਹਰਾ ਹੋ ਰਿਹਾ ਹੈ'। ਮੇਰੇ ਉਪਰ ਕੌਮਨਿਸਟ ਹੋਣ ਦੇ ਲੇਬਲ ਲੱਗੇ। ਜਾਨੀ ਕਿ ਪੰਜਾਬੀ ਦੀ ਗੱਲ ਕਰਨ ਵਾਲੇ ਨੂੰ ਇਲਾਕਾਈਤ ਪਸੰਦ, ਕਮਿਉਨਿਸਟ, ਗੱਦਾਰ ਜਾਂ ਮੁਲਕ ਦੁਸ਼ਮਣ ਸਮਝਦੇ ਹਨ।

ਉਰਦੂ, ਇਸਲਾਮ ਤੇ ਪਾਕਿਸਤਾਨ ਇਹ ਤਿੰਨ ਥੰਮ ਸਨ ਮੁਸਲਿਮ ਲੀਗ ਦੇ ਤੇ ਅੱਜ ਵੀ ਪਾਕਿਸਤਾਨ ਦੀ ਸਰਕਾਰ ਇਨ੍ਹਾਂ ਥੰਮਾਂ ਉਪਰ ਹੀ ਖੜੋਤੀ ਹੈ। ਇਸ ਕਰਕੇ ਉਹ ਪੰਜਾਬੀ ਨੂੰ ਥਰੈੱਟ (ਧਮਕੀ) ਸਮਝਦੇ ਹਨ ਤੇ ਸਾਨੂੰ ਪੰਜਾਬੀ ਲਈ ਕੰਮ ਕਰਨ ਤੋਂ ਨਿਰਉਤਸ਼ਾਹਿਤ ਕਰਦੇ ਹਨ। ਸਾਡੇ ਰਸਾਲੇ ਲੋਕਾਂ ਤੱਕ ਪਹੁੰਚਣ ਨਹੀ ਦਿੰਦੇ। ਜੇ ਕਿਧਰੇ ਮੈਂ ਬੋਲਣਾ ਹੁੰਦਾ ਹੈ ਤਾਂ ਪਹਿਲਾਂ

> **ਮੇਰੀ ਭੈਣ ਬੋਲੀ ਕਿ ਵੀਰ ਤੂੰ ਮੇਰੇ ਨਾਲ ਪੰਜਾਬੀ ਬੋਲ ਲੈ ਪਰ ਇਨ੍ਹਾਂ ਬੱਚਿਆਂ ਨੂੰ ਪੰਜਾਬੀ ਨਾ ਸਿਖਾ, ਇਨ੍ਹਾਂ ਦੀ ਜ਼ੁਬਾਨ ਖ਼ਰਾਬ ਹੋ ਜਾਵੇਗੀ।**

ਹੀ ਮੇਰੇ ਖਿਲਾਫ਼ ਪ੍ਰੋਪੇਗੰਡਾ ਕਰ ਦਿੰਦੇ ਹਨ ਕਿ ਇਹ ਮੁਲਕ ਦਾ ਦੁਸ਼ਮਣ ਹੈ। ਇਹ ਬਾਬਾ ਜਿਨਾਹ ਦੇ ਦੁਸ਼ਮਣ ਹਨ ਹਾਲਾਂਕਿ ਅਸੀਂ ਬਾਬਾ ਜਿਨਾਹ ਦੇ ਦੁਸ਼ਮਣ ਨਹੀ ਹਾਂ। ਅਸੀ ਤਾਂ ਸਰਕਾਰ ਤੋਂ ਇਹੀ ਮੰਗਦੇ ਹਾਂ ਕਿ ਜਿਤਨਾ ਹਿੱਸਾ ਉਰਦੂ ਵਿਚ ਸਾਡਾ ਸਿੰਧੀ ਭਰਾ ਪਾਉਣ ਨੂੰ ਤਿਆਰ ਹਨ ਜਾਂ ਪਠਾਣ ਭਰਾ ਜਾਂ ਬਲੋਚੀ ਭਰਾ ਪਾਉਣ ਨੂੰ ਤਿਆਰ ਹਨ, ਅਸੀਂ ਪੰਜਾਬੀ ਵੀ ਉਤਨਾ ਹੀ ਹਿੱਸਾ ਪਾਉਣ ਨੂੰ ਤਿਆਰ ਹਾਂ ਇਸ ਤੋਂ ਵੱਧ ਨਹੀਂ। ਜੇ ਉਹ ਸਾਡੇ ਤਿੰਨੇ ਭਰਾ ਆਪਣੀਆਂ ਜ਼ੁਬਾਨਾ ਵਿਚ ਅਖਬਾਰਾਂ ਛਾਪ ਕੇ ਜਾਂ ਉਨ੍ਹਾਂ ਨੂੰ ਸਕੂਲਾਂ ਵਿਚ ਪੜ੍ਹਾ ਕੇ ਨਾਲ ਉਰਦੂ ਵੀ ਪੜ੍ਹੀ ਜਾਂਦੇ ਹਨ ਤਾਂ ਸਾਨੂੰ ਪੰਜਾਬੀਆਂ ਨੂੰ ਇਹ ਹੱਕ ਕਿਉਂ ਨਹੀਂ ਪ੍ਰਾਪਤ। ਸਾਡਾ ਵੀ ਪਾਕਿਸਤਾਨ ਉਪਰ ਉਤਨਾ ਹੀ ਹੱਕ ਹੈ ਜਿਤਨਾ ਇਨ੍ਹਾਂ ਤਿੰਨ੍ਹਾਂ ਦਾ। ਸਾਡੀ ਇਹ ਗੱਲ ਮੰਨੀ ਨਹੀਂ ਜਾਂਦੀ। ਸਾਨੂੰ ਕਹਿੰਦੇ ਹਨ ਕਿ ਸਿੰਧੀ ਤਾਂ ਗੱਦਾਰ ਹਨ ਉਹ ਉਰਦੂ ਦੇ ਦੁਸ਼ਮਣ ਹਨ ਪਰ ਤੁਸੀ ਤਾਂ ਅਸਲੀ ਪਾਕਿਸਤਾਨੀ ਹੋ। ਤੁਸੀ ਉਰਦੂ ਦੀ ਗੱਲ ਕਰੋ, ਤੁਸੀਂ ਆਪਣੀ ਜ਼ੁਬਾਨ ਦੀ ਕੁਰਬਾਨੀ ਦਿਉ। ਸੋ ਇਸ ਤਰ੍ਹਾਂ ਸਾਨੂੰ ਵਰਗਲਾ ਕੇ ਕਿ ਤੁਸੀ ਅਜ਼ੀਮ ਹੋ, ਸੱਚੇ ਪਾਕਿਸਤਾਨੀ ਹੋ, ਵਗੈਰਾ ਵਗੈਰਾ ਕਰਕੇ ਸਾਡੀ ਪੰਜਾਬੀ ਲਈ ਬਣੀ ਬਣਾਈ ਮੂਵਮੈਂਟ ਉਥੇ ਹੀ ਡਿੱਗ ਪੈਂਦੀ ਹੈ। 'ਕੁਕੱਨਸ' ਤੇ 'ਮੁਸੱਲੀ' ਦੋ ਡਰਾਮੇ ਮੇਜਰ ਸਾਹਿਬ ਦੇ ਬੜੇ ਮਸ਼ਹੂਰ ਡਰਾਮੇ ਹੋਏ ਹਨ ਪੰਜਾਬੀ ਦੇ। ਪਰ ਬਾਕੀਆਂ ਦਾ ਪੰਜਾਬੀ ਬਾਰੇ ਕੋਈ ਖਾਸ ਅਲਹਿਦਾ ਰਵੱਈਆ ਨਹੀ ਇਸ ਬਾਰੇ।

ਸਾਡਾ ਸਰਮਾਏਦਾਰ ਪੰਜਾਬੀ ਬੋਲ ਤਾਂ ਲੈਂਦਾ ਹੈ ਪਰ ਪੰਜਾਬੀ ਦੀ ਵੈਸੇ ਮਦਦ ਨਹੀ ਕਰਦਾ। ਇਸੇ ਤਰ੍ਹਾਂ ਕਵੀ ਦਰਬਾਰਾਂ ਵਿਚ ਵੀ ਸ਼ਾਇਰ ਲੋਕ ਆਪਸ ਵਿਚ ਬਹਿ ਕੇ ਵਾਹ ਵਾਹ ਤਾਂ ਕਰ ਲੈਂਦੇ ਹਨ ਤੇ ਠਰਕ ਪੂਰਾ ਕਰ ਲੈਂਦੇ ਹਨ ਪਰ ਪੰਜਾਬੀ ਲਈ ਲੜ ਨਹੀ ਸਕਦੇ, ਉਥੇ ਉਨ੍ਹਾਂ ਦੇ ਮਨਾਂ ਵਿਚ ਉਰਦੂ ਫਸ ਜਾਂਦੀ ਹੈ।

ਅਸੀ ਉਰਦੂ ਨੂੰ ਸ਼ਖਸੀ, ਸਮਾਜੀ ਤੇ ਸਿਆਸੀ ਐਕਸਪਲਾਇਟੇਸ਼ਨ ਦਾ ਹਥਿਆਰ ਸਮਝਦੇ ਹਾਂ। ਉਰਦੂ ਸਾਡੀ ਜ਼ੁਬਾਨ ਨਹੀ ਹੈ। ਇਹ ਗੰਗਾ ਜਮਨਾ ਵੈਲੀ ਦੀ ਜ਼ੁਬਾਨ ਹੈ ਤੇ ਬਾਹਰੋਂ ਆਏ ਧਾੜਵੀਆਂ ਦੀ ਜ਼ੁਬਾਨ ਹੈ। ਧਾੜਵੀਆਂ ਨੇ ਸਾਡੇ ਉਤੇ ਹਕੂਮਤ ਕੀਤੀ ਹੈ। ਉਨ੍ਹਾਂ ਦੀ ਅਰਬੀ ਫਾਰਸੀ ਦੀ 'ਵੋਕੈਬਲਰੀ' ਹਿੰਦੀ ਵਿਚ ਗਈ, ਤੇ ਉਹ ਬਾਅਦ ਵਿਚ ਉਰਦੂ ਬਣ ਗਈ ਰਲ ਰਲਾ ਕੇ, ਤੇ ਇਕ ਖਾਸ ਟੋਲੇ ਦੀ, ਨਵਾਬਾਂ ਵਗੈਰਾਂ ਦੀ ਜ਼ੁਬਾਨ ਬਣ ਗਈ।

ਸੋ ਪੰਜਾਬੀ ਨੂੰ ਨੁਕਸਾਨ ਖੁਦ ਸਾਡੇ ਉਨ੍ਹਾਂ ਪੰਜਾਬੀਆਂ ਨੇ ਪਹੁੰਚਾਇਆ ਹੈ ਜਿਨ੍ਹਾਂ ਨੇ ਉਰਦੂ ਨੂੰ ਆਪਣੀ ਜ਼ੁਬਾਨ ਮੰਨਿਆ ਹੈ। ਫਰਾਂਸੀਸੀ ਸਕਾਲਰ ਪਾਲ ਸਾਰਤਰ ਕਹਿੰਦਾ ਹੈ ਕਿ ਬੰਦਾ ਪਰਾਈ ਬੋਲੀ ਵਿਚ ਕਿਰਾਏਦਾਰ ਹੁੰਦਾ ਹੈ। ਦੁਨੀਆਂ ਦੇ ਸਾਰੇ ਚੰਗੇ ਚੰਗੇ ਲੇਖਕ ਆਪਣੀ ਮਾਦਰੀ ਜ਼ੁਬਾਨ ਵਿਚ ਲਿਖਦੇ ਹਨ। ਜੋਹਨ ਮਿਲਟਨ ਭਾਵੇਂ ਲਾਤੀਨੀ ਤੇ ਯੂਨਾਨੀ ਜ਼ੁਬਾਨ ਦਾ ਮਾਹਰ ਸੀ ਪਰ ਉਹ ਆਪਣੀ ਮਾਦਰੀ ਜ਼ੁਬਾਨ ਵਿਚ ਹੀ ਲਿਖਦਾ ਸੀ। ਇਹੀ ਹਾਲ ਟੈਗੋਰ ਦਾ ਹੈ।

ਦੁਨੀਆਂ ਦੇ ਜਿਤਨੇ ਧਾਰਮਿਕ ਆਗੂ ਹੋਏ ਹਨ ਜਿੰਨੇ ਵੀ ਨੱਬੀ ਹੋਏ ਹਨ ਉਨ੍ਹਾਂ ਨੇ ਆਪਣਾ ਪੈਗਾਮ ਲੋਕਾਂ ਨੂੰ ਉਨ੍ਹਾਂ ਦੀ ਜ਼ੁਬਾਨ ਵਿਚ ਦਿੱਤਾ ਹੈ। ਇਸਲਾਮ ਵੀ ਪੰਜਾਬ ਵਿਚ ਪੰਜਾਬੀ ਰਾਹੀਂ ਫੈਲਿਆ ਨਾ ਕਿ ਫਾਰਸੀ ਅਰਬੀ ਰਾਹੀਂ। ਕੁਰਾਨ ਵਿਚ ਵੀ ਲਿਖਿਆ ਕਿ ਲੋਕਾਂ ਨੂੰ ਪੈਗਾਮ ਉਨ੍ਹਾਂ ਦੀ ਜ਼ੁਬਾਨ ਵਿਚ ਹੀ ਦੇਣਾ ਚਾਹੀਦਾ। ਕਿਸੇ ਹੋਰ ਜ਼ੁਬਾਨ ਵਿਚ ਉਨ੍ਹਾਂ ਨੂੰ ਪੈਗਾਮ ਦੇਣਾ ਉਨ੍ਹਾਂ ਨਾਲ ਦਗਾ ਕਰਨਾ ਹੈ।



**ਸਵਾਲ: ਕੀ ਪੰਜਾਬੀ ਸਕੂਲਾਂ ਵਿਚ ਵੀ ਕਿਧਰੇ ਪੰਜਾਬੀ ਪੜ੍ਹਾਉਂਦੇ ਹਨ?**

**ਜਵਾਬ:** ਪ੍ਰਾਈਮਰੀ ਵਿਚ ਤਾਂ ਨਹੀ ਪਰ ਹਾਈ ਸਕੂਲਾਂ ਵਿਚ ਕਿਧਰੇ ਕਿਧਰੇ ਕੁਝ ਅਜਿਹੇ ਦੋਸਤ ਹਨ ਜਿਨ੍ਹਾਂ ਨੇ ਵਲੰਟੀਅਰ ਬੇਸਿਸ ਤੇ ਸਕੂਲ ਟਾਇਮ ਵਿਚ ਵੀ, ਤੇ ਸਕੂਲ ਤੋਂ ਬਾਅਦ ਵੀ ਪੰਜਾਬੀ ਪੜ੍ਹਾਉਣੀ ਸ਼ੁਰੂ ਕੀਤੀ ਸੀ। ਜਿਸ ਤਰ੍ਹਾਂ ਜਨਾਬ ਹਨੀਫ ਹਨਫੀ ਹਨ ਤੇ ਇਹੋ ਜਿਹੇ ਕੁੱਝ ਹੋਰ ਟੀਚਰ ਹਨ। ਪਰ 7 ਕਰੋੜ ਆਬਾਦੀ ਹੈ ਪਾਕਿਸਤਾਨ ਦੀ, ਵਿੱਚੋਂ ਇਕ ਜਾਂ ਡੇਢ ਕਰੋੜ ਬੱਚੇ ਹੋਣਗੇ ਸਕੂਲਾਂ ਦੇ ਤੇ ਉਨ੍ਹਾਂ ਵਿਚ ਦੋ, ਚਾਰ ਜਾਂ ਦਸ ਹਜ਼ਾਰ ਕੁ ਬੱਚੇ ਹੀ ਪੜ੍ਹਦੇ ਹੋਣਗੇ।

ਮੁਸ਼ਕਿਲ ਇਹ ਹੈ ਕਿ ਜਦੋਂ ਪੰਜਾਬੀ ਦੀ ਗੱਲ ਕਰੋ ਤਾਂ ਬਹੁਤ ਵਿਰੋਧਤਾ ਸ਼ੁਰੂ ਹੋ ਜਾਂਦੀ ਹੈ। ਇਹ ਸਾਰੀਆਂ ਮਜਹਬੀ ਜਮਾਤਾਂ ਪੰਜਾਬੀ ਨਾ ਪਸੰਦ ਹਨ। ਜਿਵੇਂ ਕਿ ਮੈਂ ਪਹਿਲਾਂ ਦੱਸਿਆ ਹੈ ਕਿ ਉਹ ਸਮਝਦੇ ਹਨ ਕਿ ਅਗਰ ਪੰਜਾਬੀ ਕੋ ਪੰਜਾਬ ਮੇਂ ਲਾਗੂ ਕਰ ਦੀਆ ਗਿਆ ਤੋ ਇਸਸੇ ਸਿੱਖ ਮੱਤ ਫੈਲਨੇ ਕਾ ਅੰਦੇਸ਼ਾ ਹੈ। ਪੰਜਾਬ ਦੇ ਸਾਰੇ ਉਪਰਲੇ ਫਿਰਕੇ ਉਰਦੂ ਬੋਲਣ ਵਾਲੇ ਇਲਾਕਿਆਂ ਤੋਂ ਆਏ ਹਨ ਜਿਵੇਂ ਦਿਉਬੰਦੀ – ਦਿਉਬੰਦ ਤੋਂ, ਬਰਿਲਵੀ – ਬਰੇਲੀ ਤੋਂ, ਮਦੂਦੀ – ਹੈਦਰਾਬਾਦ ਤੋਂ। ਸੋ ਇਨ੍ਹਾਂ ਦੀ ਗੱਲ ਨੂੰ ਅਵਾਮ ਠੀਕ ਮੰਨ ਲੈਂਦਾ ਹੈ। ਮੈਨੂੰ ਇਸ ਤਰ੍ਹਾਂ ਲੱਗਦਾ ਹੈ ਕਿ ਇਨ੍ਹਾਂ ਦੀ ਕੋਈ ਲੰਬੀ ਸਕੀਮ ਹੈ ਇਕ ਵੱਡੀ ਉਰਦੂ ਬੋਲਣ ਵਾਲਿਆਂ ਦੀ ਬੈਲਟ ਬਣਾਉਣ ਦੀ। ਜਿਵੇਂ ਤੁਹਾਡੇ ਕਸ਼ਮੀਰ ਵਿਚ ਉਰਦੂ ਬੋਲਦੇ ਹਨ ਤੇ ਨਾਲ ਇਹ ਆਜ਼ਾਦ ਕਸ਼ਮੀਰ ਵਿਚ ਉਰਦੂ ਨੂੰ ਸ਼ਹਿ ਦੇ ਰਹੇ ਹਨ ਫਿਰ ਨਾਲ ਪੰਜਾਬ ਤੇ ਨਾਲ ਕਰਾਚੀ। ਸੋ ਇਸ ਤਰ੍ਹਾਂ ਇਹ ਇਕ ਉਰਦੂ ਬੋਲਣ ਵਾਲਿਆਂ ਦਾ ਦੇਸ਼ ਬਣਾਉਣਾ ਚਾਹੁੰਦੇ ਹਨ। ਪਰ ਮੇਰੇ ਖਿਆਲ ਵਿਚ ਇਹ ਸੋਚ ਗੈਰ ਫਿਤਰਤੀ ਹੈ, ਅਨ ਨੈਚੁਰਲ ਹੈ।

**ਸਵਾਲ: ਕੀ ਪੰਜਾਬੀ ਬੋਲੀ ਦੇ ਨਾਲ ਨਾਲ ਪੰਜਾਬੀਅਤ ਨੂੰ ਘਟਾਉਣ ਦੀ ਵੀ ਕੋਈ ਕੋਸ਼ਿਸ਼ ਹੁੰਦੀ ਹੈ?**

**ਜਵਾਬ:** 23 ਮਾਰਚ ਨੂੰ ਇਕ ਸਰਕਾਰੀ ਪ੍ਰੋਗਰਾਮ ਹੁੰਦਾ ਹੈ ਤੇ ਉਸ ਵਿਚ ਵੱਖ ਵੱਖ ਸੂਬਿਆਂ ਦੇ ਪੈਵਲਿਅਨਾਂ ਦੀ ਨੁਮਾਇਸ਼ ਹੁੰਦੀ ਹੈ। ਇਸ ਤੋਂ ਇਲਾਵਾ ਇਸਲਾਮਾਬਾਦ ਵਿਚ ਇਕ ਸਰਕਾਰੀ ਮੇਲਾ ਲੱਗਦਾ ਹੈ, ਲੋਕ ਵਿਰਸਾ ਮੇਲਾ। ਇਹ ਐਸੀ ਥਾਂ ਲਗਦਾ ਹੈ ਜਿੱਥੇ ਆਮ ਲੋਕਾਂ ਦਾ ਆਉਣਾ ਬਹੁਤ ਮੁਸ਼ਕਲ ਹੁੰਦਾ ਹੈ ਕਿਉਂਕਿ ਇਹ ਸੜਕ ਤੋਂ ਦੂਰ ਹੁੰਦਾ ਹੈ। ਐਸੇ ਮੌਕਿਆਂ ਤੇ ਪੰਜਾਬੀ ਕੈਸਟਾਂ ਵਗੈਰਾ ਰਿਲੀਜ਼ ਕਰਦੇ ਹਨ ਤੇ ਭੰਗੜੇ ਸ਼ੰਗੜੇ ਤੇ ਢੋਲ ਵੱਜਦੇ ਹਨ। ਸਰਕਾਰ ਅਜੇ ਇਕ ਦਮ ਨਹੀਂ ਮਾਰਨਾ ਚਾਹੁੰਦੀ ਸੋ ਮਾੜਾ ਮੋਟਾ ਜਿਉਂਦਾ ਰੱਖਦੇ ਹਨ। ਪਰ ਇਤਨੇ ਹੀ ਛੋਟੇ ਜਿਹੇ ਕੰਮ ਨੂੰ ਅਖਬਾਰਾਂ ਵਾਲੇ ਬੜੇ ਵਧਾ ਚੜ੍ਹਾ ਕੇ ਲਿਖਦੇ ਹਨ ਕਿ ਮੁਲਕ ਦੀ ਕੌਮੀਅਤ ਨੂੰ ਨੁਕਸਾਨ ਪਹੁੰਚਾਇਆ ਜਾ ਰਿਹਾ ਹੈ। ਸੂਬਿਆਂ ਨੂੰ ਉਭਾਰਿਆ ਜਾ ਰਿਹਾ ਹੈ ਵਗੈਰਾ ਵਗੈਰਾ। ਬਦਕਿਸਮਤੀ ਨਾਲ ਅਖਬਾਰਾਂ ਦਾ ਸਾਰਾ ਕੰਟਰੋਲ ਉਰਦੂ ਬੋਲਣ ਵਾਲੇ ਲੋਕਾਂ ਦੇ ਹੱਥ ਵਿਚ ਹੈ। ਜਿਸ ਤਰ੍ਹਾਂ ਪਾਕਿਸਤਾਨ ਦਾ ਮਸ਼ਹੂਰ ਅਖਬਾਰ ਹੈ ਨਵਾਏ ਵਕਤ। ਇਸ ਦਾ ਬਾਨੀ ਹਮੀਦ ਨਜ਼ਾਮੀ ਪੰਜਾਬੀ ਦਾ ਥੋੜ੍ਹਾ ਬਹੁਤ ਹਮਾਇਤੀ ਹੈਸੀ ਤੇ ਜਿਹੜਾ ਉਸਦਾ ਭਰਾ ਹੈ ਮਜ਼ੀਦ ਨਜ਼ਾਮੀ ਜੋ ਹੁਣ ਐਡੀਟਰ ਹੈ ਉਹ ਪੰਜਾਬੀ ਦਾ ਹਮਾਇਤੀ ਤਾਂ ਨਹੀਂ ਪਰ ਪੰਜਾਬੀ ਦੀ ਥੋੜ੍ਹੀ ਬਹੁਤੀ ਗੱਲ ਕਰਦਾ ਹੈ। ਪੰਜਾਬ ਦੇ ਹਕੂਕ ਦੀ ਗੱਲ ਵੀ ਕਰਦਾ ਹੈ ਲੇਕਿਨ ਨਾਲ ਨਾਲ ਪਾਕਿਸਤਾਨ ਦੀ ਵੀ ਗੱਲ ਕਰਦਾ ਹੈ। ਇਸ ਦੇ ਨਾਲ ਸਾਡੀ ਲਾਹੌਰ ਵਿਚ ਗਲਬਾਤ ਹੋਈ ਸੀ, ਕਹਿੰਦਾ ਅਸੀ ਤਾਂ ਇਹ ਮੁਲਕ ਪਾਕਿਸਤਾਨ ਬਣਾਇਆ ਹੀ ਉਰਦੂ ਖਾਤਿਰ ਹੈ, ਤੁਸੀ ਐਵੀ ਪੰਜਾਬੀ ਪੰਜਾਬੀ ਚੁੱਕੀ ਫਿਰਦੇ ਹੋ। ਮੈਂ ਇਸਨੂੰ ਜਵਾਬ ਦਿੱਤਾ ਕਿ ਭਾਈਆ ਜੇਕਰ ਤੁਸੀ ਇਹ ਮੁਲਕ ਉਰਦੂ ਲਈ ਹੀ ਬਣਾਉਣਾ ਸੀ ਤਾਂ ਯੂ. ਪੀ., ਬਿਹਾਰ ਜਾਂ ਸੀ. ਪੀ. ਵਿਚ ਬਣਾਉਂਦੇ ਜਿੱਥੇ ਉਰਦੂ ਬੋਲੀ ਜਾਂਦੀ ਹੈ। ਇਥੇ ਪੰਜਾਬ ਵਿਚ, ਸਿੰਧ ਵਿਚ ਆਕੇ ਸਾਡੇ ਗਲ੍ਹ ਕੀ ਸਿਆਪਾ ਪਾ ਦਿੱਤਾ ਹੈ। ਇਸ ਦਾ ਉਸ ਕੋਲ ਕੋਈ ਜਵਾਬ ਨਹੀ ਸੀ। ਸਾਡਾ ਕਹਿਣਾ ਇਹ ਹੈ ਕਿ ਅਸੀ ਵੀ ਪਾਕਿਸਤਾਨੀ ਹਾਂ, ਅਸੀ ਸੱਚੇ ਪਾਕਿਸਤਾਨੀ ਹਾਂ ਅਸੀ ਇਥੇ ਦੇ ਐਥਨਿਕ ਹਾਂ, ਰਹਿਣ ਵਾਲੇ ਇਥੋਂ ਦੇ ਅਤੇ ਅਸੀਂ ਉਨ੍ਹਾਂ ਨਾਲੋਂ ਵੱਧ ਪਾਕਿਸਤਾਨੀ ਹਾਂ ਜੋ ਪਾਕਿਸਤਾਨ ਉਪਰ ਉਰਦੂ ਠੋਸਣਾ ਚਾਹੁੰਦੇ ਹਨ। ਪਰ ਅਸੀ ਇਹ ਚਾਹੁੰਦੇ ਹਾਂ ਕਿ ਰੱਬ ਖੁਦ ਸਾਡੀ ਇਸਲਾਮੀ ਕਿਤਾਬ ਕੁਰਾਨ ਵਿਚ ਕਹਿੰਦਾ ਹੈ ਕਿ ਜਿਤਨੀਆਂ ਵੀ ਜ਼ੁਬਾਨਾਂ ਹਨ ਉਹ ਰੱਬ ਦੀਆਂ ਨਿਸ਼ਾਨੀਆਂ ਹਨ। ਜੇਕਰ ਉਰਦੂ ਜਾਂ ਅੰਗ੍ਰੇਜ਼ੀ ਰੱਬ ਦੀ ਨਿਸ਼ਾਨੀ ਹੈ ਤਾਂ ਪੰਜਾਬੀ ਵੀ ਉਸੇ ਦੀ ਨਿਸ਼ਾਨੀ ਹੈ। ਅਸੀ ਕਹਿੰਦੇ ਹਾਂ ਕਿ ਪਾਕਿਸਤਾਨ ਜ਼ੁਬਾਨਾਂ, ਰਹਿਤਲਾਂ ਤੇ ਕਲਚਰਾਂ ਦਾ ਇਕ ਖੂਬਸੂਰਤ ਗੁਲਦਸਤਾ ਹੈ। ਇਸਨੂੰ ਸਵਿਟਜ਼ਰਲੈਂਡ ਵਾਂਗੂ ਇਸੇ ਤਰ੍ਹਾਂ ਰਹਿਣ ਦਿੱਤਾ ਜਾਵੇ ਤੇ ਵੱਧਣ ਫੁਲਣ ਦਿੱਤਾ ਜਾਵੇ। ਉਸ ਉਪਰ ਹੱਦਬੰਦੀ ਨਾ ਲਾਈ ਜਾਏ। ਕਲਚਰ ਦੀਆਂ ਜੜ੍ਹਾਂ ਉਥੇ ਦੀ ਜ਼ਮੀਨ ਵਿਚ ਹੁੰਦੀਆਂ ਹਨ। ਇਹ ਨਾ ਤਾਂ ਖਲਾਅ ਵਿਚੋਂ ਥੱਲੇ ਉਤਰਦਾ ਹੈ ਨਾ ਹਵਾ ਵਿਚ ਹੁੰਦਾ ਹੈ ਤੇ ਨਾ ਹੀ ਇਹ ਬਾਹਰੋਂ ਮੰਗਵਾਇਆ ਜਾਂਦਾ ਹੈ। ਇਹ ਤਾਂ ਉਸ ਧਰਤੀ ਉਪਰ ਹਜ਼ਾਰਾ ਸਾਲਾਂ ਵਿਚ ਬਣਦਾ ਹੈ। ਪਾਕਿਸਤਾਨ ਵਿਚਲੇ ਕਲਚਰ ਦੀਆਂ ਜੜ੍ਹਾਂ ਪੰਜਾਬ ਵਿਚ ਨੇ, ਮਹਿੰਜੋਦੜੋ ਤੇ ਹੜੱਪਾ ਵਿਚ ਨੇ, ਸਾਡੇ ਲੋਕ ਗੀਤਾਂ ਤੇ ਬੋਲੀਆਂ ਵਿਚ ਹਨ, ਤਮਾਮ ਰਸਮਾਂ, ਰਵਾਜ਼ਾਂ, ਅਖਾਣ, ਮੁਹਾਵਰਿਆਂ ਵਿਚ ਹਨ, ਇਨ੍ਹਾਂ ਨੂੰ ਕਾਇਮ ਰੱਖਣਾ ਚਾਹੀਦਾ ਹੈ। ਇਹ ਜੜ੍ਹਾਂ ਇਕ ਨਸਲ ਤੋਂ ਦੂਸਰੀ ਨਸਲ ਤੱਕ ਆਪਣੇ ਆਪ ਟ੍ਰਾਂਸਫਰ ਹੁੰਦੀਆਂ ਹਨ। ਪਰ ਜੋ ਕੁਝ ਸਾਡੇ ਹੋ ਰਿਹਾ ਹੈ, ਕਲਚਰ ਤੇ ਹੱਦਬੰਦੀ ਲਾਕੇ, ਉਸਦੀਆਂ ਜੜ੍ਹਾਂ ਵੱਢ ਕੇ, ਇਲੈਕਟਰੋਨਿਕ ਮੀਡੀਏ ਨਾਲ ਹਵਾਈ ਕਲਚਰ ਸਾਡੇ ਉਪਰ ਮਸੱਲਤ ਕੀਤਾ ਜਾ ਰਿਹਾ ਹੈ। ਇਸ ਨਾਲ ਦਿਮਾਗੀ ਤੌਰ ਉਪਰ ਬੌਣੀ ਨਸਲ ਪੈਦਾ ਹੋ ਰਹੀ ਹੈ, ਡੰਗਰ ਪੈਦਾ ਹੋ ਰਹੇ ਹਨ। ਅੱਖਾਂ ਤੇ ਪੱਟੀ ਬੰਨ੍ਹੀ ਹੋਈ ਵਾਲੀਆਂ ਜੋਗਾਂ ਪੈਦਾ ਹੋ ਰਹੀਆਂ ਹਨ। ਜਿਸ ਤਰ੍ਹਾਂ ਇਕ ਜਗਹ

ਦਾ ਪੌਦਾ ਕਿਸੇ ਹੋਰ ਦੂਰ ਦੁਰਾਡੇ ਮੁਲਕ ਲਗਾ ਦਿੱਤਾ ਜਾਵੇ ਜਿਵੇਂ ਮੁਲਤਾਨ ਦਾ ਅੰਬ ਵੈਨਕੂਵਰ ਵਿਚ ਲਗਾ ਦਿੱਤਾ ਜਾਵੇ ਤਾਂ ਉਹ ਫਲ ਨਹੀਂ ਦੇ ਸਕੇਗਾ। ਸੋ ਅਸੀਂ ਸਮਝਦੇ ਹਾਂ ਕਿ ਇਥੋਂ ਦੇ ਕਲਚਰ ਨੂੰ ਬੁਨਿਆਦ ਬਣਾ ਕੇ ਪਾਕਿਸਤਾਨ ਇਕ ਖੂਬਸੂਰਤ, ਪੜ੍ਹਿਆ ਲਿਖਿਆ ਤੇ ਤਾਕਤਵਰ ਮੁਲਕ ਬਣ ਸਕਦਾ ਹੈ

**ਅਸੀਂ ਤਾਂ ਇਹ ਮੁਲਕ ਪਾਕਿਸਤਾਨ ਬਣਾਇਆ ਹੀ ਉਰਦੂ ਖਾਤਿਰ ਹੈ, ਤੁਸੀਂ ਐਂਵੀਂ ਪੰਜਾਬੀ ਪੰਜਾਬੀ ਚੁੱਕੀ ਫਿਰਦੇ ਹੋ।**

ਜਿਸ ਨਾਲ ਅਸੀਂ ਆਲਮੀ ਅਮਨ ਤੇ ਇਨਸਾਨੀ ਦੋਸਤੀ ਵਿਚ ਕਿਰਦਾਰ ਅਦਾ ਕਰ ਸਕਦੇ ਹਾਂ।

**ਸਵਾਲ: ਪਾਕਿਸਤਾਨ ਵਿਚ ਸਕਿਊਰਿਟੀ ਪੱਖੋਂ ਇਹ ਕਿਹਾ ਜਾਂਦਾ ਹੈ ਕਿ ਜੇਕਰ ਪੰਜਾਬੀ ਜਾਂ ਹੋਰ ਭਾਸ਼ਾਵਾਂ ਨੂੰ ਵੱਧਣ ਫੁਲਣ ਦਿੱਤਾ ਤਾਂ ਪਾਕਿਸਤਾਨ ਦੀ ਹੋਂਦ ਨੂੰ ਖਤਰਾ ਹੋ ਸਕਦਾ ਹੈ। ਕੀ ਇਹ ਖਤਰਾ ਬਾਹਰੀ ਹੈ ਜਾਂ ਉਥੋਂ ਦੀ ਹਾਕਮ ਜਮਾਤ ਦੀ ਹੋਂਦ ਲਈ ਅੰਦਰੂਨੀ ਖਤਰਾ ਹੈ?**

**ਜਵਾਬ:** ਬਹੁਤਾ ਤਾਂ ਅੰਦਰੂਨੀ ਹੀ ਹੈ। ਕੁਝ ਖਤਰਾ ਬਾਹਰੋਂ ਵੀ ਹੈ। ਜਿਵੇਂ ਪੰਜਾਬ ਦੇ ਮੁੜ ਸਾਂਝੇ ਹੋਣ ਦੇ ਅੰਦੇਸ਼ੇ ਹਨ ਜਿਵੇਂ ਜਰਮਨੀ ਵਿਚ ਹੋਇਆ ਹੈ। ਉਹ ਪੰਜਾਬ ਜਿਸਨੂੰ ਤਬਾਹ ਕਰਨ ਲਈ ਕਾਂਗਰਸ ਤੇ ਮੁਸਲੀਮ ਲੀਗ ਨੇ ਇਤਨੀਆਂ ਕੋਸ਼ਿਸ਼ਾਂ ਕੀਤੀਆਂ ਨਫਰਤ ਪੈਦਾ ਕਰਕੇ, ਉਸਨੂੰ ਨੇੜੇ ਕਿਵੇਂ ਹੋ ਲੈਣ ਦੇਣਗੇ?

**ਸਵਾਲ: ਤੁਸੀਂ ਵੱਖ ਵੱਖ ਤਾਕਤਾਂ ਦੀ ਗੱਲ ਕਰਦੇ ਹੋ ਜਿਨ੍ਹਾਂ ਨੇ ਪੰਜਾਬੀ ਨੂੰ ਨੁਕਸਾਨ ਪਹੁੰਚਾਇਆ, ਤੁਹਾਡੇ ਖਿਆਲ ਵਿਚ ਸੱਭ ਤੋਂ ਵੱਧ ਨੁਕਸਾਨ ਕਿਸਨੇ ਪਹੁੰਚਾਇਆ?**

**ਜਵਾਬ:** ਸੱਭ ਤੋਂ ਵੱਧ ਨੁਕਸਾਨ ਪਹੁੰਚਾਇਆ ਫਿਰੰਗੀ ਨੇ। ਹਿੰਦੁਸਤਾਨ ਉਨ੍ਹਾਂ ਨੇ ਪਹਿਲਾਂ ਫਤਿਹ ਕਰ ਲਿਆ ਸੀ ਪਰ ਪੰਜਾਬ ਆਖਰ ਵਿਚ ਫਤਿਹ ਹੋਇਆ। ਇਥੋਂ ਹੀ ਅੰਗ੍ਰੇਜ਼ ਨੂੰ ਸੱਭ ਤੋਂ ਵੱਧ ਵਿਰੋਧਤਾ ਮਿਲੀ। ਚੇਲਿਆਂ ਵਾਲਾ, ਗੁਜ਼ਰਾਤ ਦੀ ਜੰਗ ਬੜੀ ਮਸ਼ਹੂਰ ਹੈ। ਇਥੇ ਅੰਗ੍ਰੇਜ਼ ਨੂੰ ਰੱਜ ਕੇ ਫੈਂਟ ਪਈ, ਟਰੱਕਾਂ ਦੇ ਟਰੱਕ ਉਹ ਲਾਸ਼ਾਂ ਭਰ ਕੇ ਲੈ ਗਏ ਸਨ। ਅੰਗ੍ਰੇਜ਼ ਦੇ ਖਿਲਾਫ ਸਿੱਖ, ਹਿੰਦੂ, ਮੁਸਲਮਾਨ ਸਭ ਰਲ ਕੇ ਲੜੇ ਸਨ। ਸੋ ਅੰਗ੍ਰੇਜ਼ ਨੂੰ ਸਭ ਤੋਂ ਵੱਧ ਖਤਰਾ ਪੰਜਾਬ ਤੋਂ ਮਹਿਸੂਸ ਹੋਇਆ। ਉਸਨੇ ਸਭ ਤੋਂ ਪਹਿਲਾਂ ਪੰਜਾਬ ਦੀ ਜ਼ੁਬਾਨ ਪੰਜਾਬੀ ਜੋ ਕਿ ਉਸ ਵੇਲੇ ਮਦਰਸਿਆਂ ਵਿਚ ਪੜ੍ਹਾਈ ਜਾਂਦੀ ਸੀ ਹਟਾ ਕੇ ਉਰਦੂ ਜ਼ੁਬਾਨ ਲਗਵਾ ਦਿੱਤੀ ਕਿਉਂਕਿ ਅੰਗ੍ਰੇਜ਼ ਦੇ ਸਿਪਾਹੀ ਉਰਦੂ ਸਮਝ ਸਕਦੇ ਸਨ। ਬਾਕੀ ਹਿੰਦੁਸਤਾਨ ਨੂੰ ਜਿੱਤਣ ਤੋਂ ਬਾਅਦ ਹਿੰਦੁਸਤਾਨੀ ਸਿਪਾਹੀ ਬਹੁਤ ਸਨ ਉਸਦੀ ਫੌਜ ਵਿਚ ਤੇ ਉਸਦੇ ਆਧਾਰ ਤੇ ਅੰਗ੍ਰੇਜ਼ ਦਾ ਉਰਦੂ ਨਾਲ ਰਾਬਤਾ ਬਣ ਚੁੱਕਾ ਸੀ। ਉਨ੍ਹਾਂ ਨੇ ਸੋਚਿਆ ਕਿ ਪੰਜਾਬ ਜੇਕਰ ਬੇਜ਼ੁਬਾਨ ਹੋਵੇਗਾ ਤਾਂ ਉਸਨੂੰ ਅਸੀਂ ਆਪਣੇ ਮੁਫਾਦ ਲਈ ਵਰਤ ਸਕਦੇ ਹਾਂ।

ਜਿਸ ਤਰ੍ਹਾਂ ਕਿਸੇ ਜਾਨਵਰ ਨੂੰ ਜ਼ਿਬਹ ਕਰਨ ਤੋਂ ਪਹਿਲਾਂ ਉਸਦੀ ਜ਼ੁਬਾਨ ਕੱਢਕੇ ਉਸਦੇ ਬੁੱਟਾਂ ਥੱਲੇ ਦੱਬ ਦਿੰਦੇ ਹਨ ਤਾਂ ਕਿ ਉਹ ਵਿਰੋਧ ਨਾ ਕਰ ਸਕੇ ਜਾਂ ਰੌਲਾ ਨਾ ਪਾ ਸਕੇ। ਇਸ ਤਰ੍ਹਾਂ ਅੰਗ੍ਰੇਜ਼ ਵਲੋਂ ਪੰਜਾਬ ਨੂੰ ਜ਼ਿਬਹ ਕਰਨ ਤੋਂ ਪਹਿਲਾਂ ਉਸਦੀ ਜ਼ੁਬਾਨ ਖੋਹਣ ਦੀ ਕੋਸ਼ਿਸ਼ ਹੋਣ ਲੱਗ ਪਈ। ਉਸ ਉਪਰ ਉਰਦੂ ਠੋਸ ਦਿੱਤਾ ਗਿਆ। ਇਹੀ ਕਰਨ ਨਾਲ ਉਸ ਲਈ ਪੰਜਾਬ ਨੂੰ ਆਪਣੇ ਮੁਫਾਦ ਲਈ ਵਰਤਣਾ ਸੌਖਾ ਹੋ ਗਿਆ। ਪਹਿਲੀ ਜੰਗੇ ਅਜ਼ੀਮ ਤੇ ਦੂਸਰੀ ਜੰਗੇ ਅਜ਼ੀਮ ਵਿਚ ਪੰਜਾਬੀ ਫੌਜੀ ਅੰਗ੍ਰੇਜ਼ ਦੀ ਖਾਤਿਰ ਲੜੇ ਤੇ ਮਰੇ। ਸੋ ਮੈਂ ਇਹ ਸਮਝਦਾ ਕਿ ਅੰਗ੍ਰੇਜ਼ ਨੇ ਪੰਜਾਬੀ ਨਾਲ ਸੱਭ ਤੋਂ ਵੱਧ ਧ੍ਰੋਹ ਕੀਤਾ। ਹਾਲਾਂਕਿ ਉਨ੍ਹਾਂ ਨੇ ਬਾਕੀ ਸੂਬਿਆਂ ਵਿਚ ਉਨ੍ਹਾਂ ਦੀ ਬੋਲੀ ਹੀ ਚਾਲੂ ਰੱਖੀ, ਜਿਵੇਂ ਬੰਗਾਲ ਵਿਚ ਬੰਗਾਲੀ, ਸਿੰਧ ਵਿਚ ਸਿੰਧੀ ਰੱਖੀ, ਪਰ ਪੰਜਾਬ ਵਿਚ ਉਸਨੇ ਅਪਣੇ ਮਕਸਦ ਲਈ ਉਰਦੂ ਦੀ ਪਰਵਰਿਸ਼ ਕੀਤੀ। ਅੰਗ੍ਰੇਜ਼ ਦੇ ਖਿਲਾਫ ਲੜਨ ਵਾਲਿਆਂ ਵਿਚ ਵੀ ਪੰਜਾਬੀ ਸਭ ਤੋਂ ਅੱਗੇ ਸਨ। ਕੁਝ 2900 ਫਾਂਸੀਆਂ ਹੋਈਆਂ ਹਿੰਦੁਸਤਾਨੀਆਂ ਨੂੰ ਤੇ ਵਿਚੋਂ 2500 ਪੰਜਾਬੀ ਸਨ। ਸੋ ਸਾਨੂੰ ਇਹ ਨਾਜ਼ ਹੈ ਕਿ ਸਾਡੇ ਬਜ਼ੁਰਗਾਂ ਨੇ ਸੱਭ ਤੋਂ ਵੱਧ ਹਿੱਸਾ ਲਿਆ ਹੈ ਅਜ਼ਾਦੀ ਦੀ ਲੜਾਈ ਵਿਚ। ਅੰਗ੍ਰੇਜ਼ ਨੇ ਪੰਜਾਬ ਵਿਚ ਝੁੱਗੀ ਝੁੱਗੀ ਉਤੇ ਪਹਿਰਾ ਲਾ ਰੱਖਿਆ ਸੀ ਕਿਉਂਕਿ ਪੰਜਾਬ ਵਿਚ ਝੁੱਗੀ ਝੁੱਗੀ ਵਿਚ ਮਾਂਵਾ ਭਗਤ ਸਿੰਘ ਜਾਂ ਖਰਲ, ਫਰਿਆਜ਼ ਫੱਤੂਆਵਾ ਤੇ ਦੁੱਲਾ ਭੱਟੀ ਜੰਮਦੀਆਂ ਸਨ। ਇਹ ਝੁੱਗੀ ਝੁੱਗੀ ਉਪਰ ਪਹਿਰਾ ਸਾਡੇ ਪੰਜਾਬ ਵਿਚ ਅਜੇ ਵੀ ਸੀ. ਆਈ. ਡੀ. ਰੱਖਦੀ ਹੈ। ਸੋ ਪਹਿਲਾਂ ਅੰਗ੍ਰੇਜ਼ ਨੇ ਸਾਡੀ ਜ਼ੁਬਾਨ ਖੋਹ ਲਈ ਫਿਰ ਝੁੱਗੀ ਝੁੱਗੀ ਤੇ ਪਹਿਰਾ ਲਾ ਦਿੱਤਾ। ਤੇ ਇਨ੍ਹਾਂ ਗੱਲਾਂ ਨੇ ਜੋ ਪਹਿਲੀ ਸੰਸਾਰ ਜੰਗ ਜਾਂ ਦੂਜੀ ਸੰਸਾਰ ਜੰਗ ਵਿਚ ਜੋ ਕਿਰਦਾਰ ਅਦਾ ਕੀਤਾ ਉਹ ਤੁਹਾਡੇ ਸਾਹਮਣੇ ਹੈ।

**ਸਵਾਲ: ਭਾਰਤ ਵਿਚਲੇ ਪੰਜਾਬ ਦੇ ਕੁੱਝ ਟੀ. ਵੀ. ਪ੍ਰੋਗਰਾਮ ਤੁਹਾਡੇ ਪੰਜਾਬ ਦੇ ਕੁੱਝ ਹਿੱਸਿਆਂ ਵਿਚ ਵੀ ਪਹੁੰਚਦੇ ਹੋਣਗੇ। ਕੀ ਉਨ੍ਹਾਂ ਦਾ ਵੀ ਕੋਈ ਰੋਲ ਹੈ ਦੋਹਾਂ ਪੰਜਾਬਾਂ ਦੀ ਆਪਸੀ ਸਾਂਝ ਵਧਾਉਣ ਵੱਲ?**

**ਜਵਾਬ:** ਹਾਂ ਜੀ ਇਸਦਾ ਬੜਾ ਵੱਡਾ ਤੱਅਲੁਕ ਹੈ ਸਾਂਝ ਵਧਾਉਣ ਵਿਚ। ਮੈਂ ਤਾਂ ਇਹ ਵੀ ਸਮਝਦਾ ਹਾਂ ਕਿ ਜਿਹੜੇ ਸਿੱਖ ਲੋਕ ਉਧਰ ਨੂੰ ਲਾਹੌਰ ਜਾਂ ਨਨਕਾਣਾ ਸਾਹਿਬ ਦੀ ਯਾਤਰਾ ਨੂੰ ਜਾਂਦੇ ਹਨ ਉਹ ਚੰਗੇ ਚੰਗੇ ਗੀਤਾਂ

**ਪੰਜਾਬ ਦੀ ਗੱਲ ਕਰਨ ਵਾਲੇ ਨੂੰ ਇਲਾਕਾਈਤ ਪਸੰਦ, ਕਮਿਊਨਿਸਟ, ਗੱਦਾਰ ਜਾਂ ਮੁਲਕ ਦੁਸ਼ਮਣ ਸਮਝਦੇ ਹਨ।**

ਦੀਆਂ ਟੇਪਾਂ ਜਿਵੇਂ ਮਾਹੀਆ ਤੇ ਹੋਰ ਲੋਕ ਗੀਤਾਂ ਦੀਆਂ ਟੇਪਾਂ ਨਾਲ ਲੈ ਜਾਂਦੇ ਹਨ ਤੇ ਉਹ ਬੜੀ ਚੰਗੀ ਫੀਲਿੰਗ ਪੈਦਾ ਕਰਦੀਆਂ ਹਨ। ਇਸ ਤੋਂ ਇਲਾਵਾ ਜੋ ਹੋਰ ਪੰਜਾਬੀ ਦਾ ਫੋਕ ਉੱਠ ਰਿਹਾ ਹੈ ਲੰਡਨ ਤੋਂ ਜਾਂ ਕੈਨੇਡਾ ਤੋਂ ਜਿਵੇਂ ਹੀਰਾ ਗਰੁੱਪ ਜਾਂ ਅਲਾਪ ਗਰੁੱਪ ਇਹਨਾਂ ਨੂੰ ਵੀ ਬਹੁਤ ਲੋਕ ਪਸੰਦ ਕਰਦੇ ਹਨ। ਸੋ ਇਹੋ ਜਿਹੇ ਚੰਗੇ ਚੰਗੇ ਗੀਤਾਂ ਦੀਆਂ ਟੇਪਾਂ ਦੋਨੋ ਪਾਸੇ ਤੋਹਫਿਆਂ ਦੇ ਤੌਰ ਤੇ ਵੰਡਣੀਆਂ ਚਾਹੀਦੀਆਂ ਹਨ। ਜਿਵੇਂ ਮੈਨੂੰ ਪਤਾ ਹੈ ਕਿ ਤੁਹਾਡੇ ਪੰਜਾਬ ਵਾਲੇ ਪਾਸੇ ਸਾਡੇ ਰੇਸ਼ਮਾ, ਆਲਿਮ ਲੁਹਾਰ, ਸ਼ੌਕਤ ਅਲੀ ਜਾਂ ਅਤਾਉਲਾ ਨੂੰ ਬਹੁਤ ਪਸੰਦ ਕੀਤਾ ਜਾਂਦਾ ਹੈ। ਸੋ ਇਸ ਤਰ੍ਹਾਂ ਲਾਜ਼ਮੀ ਤੌਰ ਤੇ ਸਾਂਝ ਵਧਦੀ ਹੈ ਤੇ ਵਧਣੀ ਚਾਹੀਦੀ ਹੈ। ਹੋ ਸਕੇ ਤਾਂ ਇਸਨੂੰ ਹੋਰ ਵਧਾਉ।

**ਸਵਾਲ: ਜਿਹੜੇ ਪੰਜਾਬੀ ਬੋਲਣ ਵਾਲੇ ਲੋਕ ਪਾਕਿਸਤਾਨ ਜਾਂ ਹਿੰਦੁਸਤਾਨ ਦੇ ਪੰਜਾਬ ਤੋਂ ਬਾਹਰਲੇ ਮੁਲਕਾਂ ਵਿਚ ਵਸਦੇ ਹਨ ਉਹ ਤੁਹਾਡੀ ਪੰਜਾਬੀ ਵਾਸਤੇ ਇਸ ਜੱਦੋਜਹਿਦ ਵਿਚ ਕੀ ਰੋਲ ਅਦਾ ਕਰ ਸਕਦੇ ਹਨ?**

**ਜਵਾਬ:** ਦੁਨੀਆਂ ਦੀਆਂ ਉਹ ਤਮਾਮ ਕਮਿਊਨਿਟੀਆਂ, ਚਾਹੇ ਉਨ੍ਹਾਂ ਦਾ ਧਰਮ ਕੋਈ ਵੀ ਹੈ ਬਹੁਤ ਕਾਮਯਾਬ ਹਨ ਜਿਨ੍ਹਾਂ ਨੇ ਆਪਣੀ ਜ਼ੁਬਾਨ ਨਹੀ ਛੱਡੀ।

ਜਿਸ ਤਰ੍ਹਾਂ ਵੱਡੀ ਮਿਸਾਲ ਅੰਗ੍ਰੇਜ਼ ਦੀ ਹੀ ਲੈ ਲਵੋ ਇਹ ਜਿੱਥੇ ਵੀ ਵਸਦੇ ਹਨ ਅੰਗ੍ਰੇਜ਼ੀ ਬੋਲਦੇ ਹਨ ਤੇ ਇਸ ਨਾਲ ਇਨ੍ਹਾਂ ਨੇ ਸਾਰੀ ਦੁਨੀਆਂ ਉਪਰ ਆਪਣੀ ਪਕੜ ਕਾਇਮ ਕੀਤੀ ਹੋਈ ਹੈ।

ਪਾਕਿਸਤਾਨ ਵਿਚ ਇਕ ਨਿੱਕੀ ਜਿਹੀ ਮਨੌਰਟੀ ਹਨ ਇਸਮਾਇਲੀ ਪਰ ਉਹ ਦੁਨੀਆਂ ਵਿਚ ਜਿੱਥੇ ਵੀ ਹੋਣਗੇ ਆਪਣੀ ਜ਼ੁਬਾਨ ਜ਼ਰੂਰ ਕਾਇਮ ਰੱਖਣਗੇ। ਇਸ ਤਰ੍ਹਾਂ ਜ਼ੁਬਾਨ ਦੇ ਰਾਹੀ ਇਨ੍ਹਾਂ ਦੀ ਮੁਆਸ਼ੀ ਫਾਇਦੇ ਚੁੱਕਣੇ ਲਈ ਇਕ ਗਰੋਹ ਬਣਦਾ ਹੈ। ਮੈਂ ਇਹ ਸਮਝਦਾ ਹਾਂ ਕਿ ਜਿਹੜੇ ਪੰਜਾਬੀ ਚਾਹੇ ਕਿਤੇ ਵੀ ਵਸਦੇ ਹਨ ਬਗੈਰ ਸਿੱਖ ਮੁਸਲਮਾਨ ਦਾ ਫਰਕ ਕੀਤਿਆਂ ਇਕ ਦੂਜੇ ਨੂੰ ਮੁਆਸ਼ੀ ਫਾਇਦੇ ਪਹੁੰਚਾ ਸਕਦੇ ਹਨ। ਬਾਹਰ ਵਸਦੇ ਪੰਜਾਬੀਆਂ ਨੂੰ ਚਾਹੀਦਾ ਹੈ ਕਿ ਉਧਰੋਂ ਗੀਤਾਂ ਦੀਆਂ ਕੈਸਟਾਂ ਮੰਗਾਉਣ, ਰਸਾਲੇ ਮੰਗਾਉਣ, ਕਿਤਾਬਾਂ ਮੰਗਾਉਣ ਤੇ ਪੜ੍ਹਨ। ਉਨ੍ਹਾਂ ਦੀ ਮਦਦ ਹੁੰਦੀ ਹੈ ਇਸ ਤਰ੍ਹਾਂ ਤੇ ਤਾਕਤ ਕਾਇਮ ਰਹਿੰਦੀ ਹੈ। ਜਿਸ ਤਰ੍ਹਾਂ ਯਹੂਦੀਆਂ ਨੂੰ ਹਜ਼ਾਰਾਂ ਸਾਲਾਂ ਬਾਦ ਖਿਆਲ ਆਇਆ ਕਿ ਅਸੀਂ ਆਪਣੀ ਜ਼ੁਬਾਨ ਹੀਬਰਿਊ ਕੱਢਣੀ ਹੈ, ਸੋ ਉਹਦੇ ਨਾਲੋਂ ਚੰਗਾ ਹੈ ਕਿ ਪਹਿਲਾਂ ਹੀ ਆਪਣੀ ਜ਼ੁਬਾਨ ਆਪਣਾ ਕਲਚਰ ਸੰਭਾਲ ਲਿਆ ਜਾਵੇ। ਇਸ ਵਿਚ ਕੋਈ ਹਰਜ਼ ਨਹੀ ਹੈ। ਸਾਨੂੰ ਪੰਜਾਬੀਆਂ ਨੂੰ ਇਕ ਦੂਜੇ ਨਾਲ ਤਅੱਲਕ ਬਣਾਈ ਰੱਖਣਾ ਚਾਹੀਦਾ ਹੈ, ਇਹ ਕੋਈ ਜੁਰਮ ਨਹੀ ਹੈ। ਬਾਕੀ ਲੋਕ ਆਪਣੀ ਜ਼ੁਬਾਨ ਨਹੀ ਛੱਡਦੇ ਸਾਨੂੰ ਵੀ ਨਹੀ ਛੱਡਣੀ ਚਾਹੀਦੀ। ਜਿੱਦਾਂ ਪੰਜਾਬੀ ਵਿਚ ਕਹਿੰਦੇ ਹਨ ਕਿ ਢਿੱਡ ਨਾਲੋਂ ਗੋਡੇ ਅੱਗੇ ਨਹੀ ਹੁੰਦੇ।

ਇਸ ਤੋਂ ਇਲਾਵਾ ਉਨ੍ਹਾਂ ਅਦਾਰਿਆਂ ਦੀ ਮਦਦ ਕਰਨਾ ਚਾਹੀਦਾ ਹੈ ਜੋ ਪੰਜਾਬੀ ਜ਼ੁਬਾਨ ਦੀ ਤਰੱਕੀ ਲਈ ਸਰਗਰਮ ਹਨ। ਲਾਈਬ੍ਰੇਰੀਆਂ ਬਣਾਉਣ ਲਈ ਮਦਦ ਦੇਣੀ ਚਾਹੀਦੀ ਹੈ। ਬੱਚਿਆਂ ਨੂੰ ਪੰਜਾਬੀ ਉਪਰ ਰਿਸਰਚ ਕਰਨ ਲਈ ਸਕਾਲਰਸ਼ਿਪ ਦੇਣੇ ਚਾਹੀਦੇ ਹਨ। ਭਾਵ ਉਧਰਲੇ ਪੰਜਾਬ ਵਿਚ ਜਾਂ ਸਾਡੇ ਪੰਜਾਬ ਵਿਚ ਜਾਂ ਕੈਨੇਡਾ ਜਾਂ ਇੰਗਲੈਂਡ ਸਭ ਪਾਸੇ ਇਹ ਕੰਮ ਹੋਣਾ ਚਾਹੀਦਾ ਹੈ। ਕਿੰਨੀ ਬੁਰੀ ਗੱਲ ਹੈ ਕਿ ਪੰਜਾਬੀ ਜ਼ੁਬਾਨ ਜੋ ਕਿ ਦਸ ਕ੍ਰੋੜ ਲੋਕਾਂ ਦੀ ਜ਼ੁਬਾਨ ਹੈ ਪਰ ਇਸਦਾ ਸੰਸਰ ਦੀਆਂ ਪ੍ਰਮੁੱਖ ਜ਼ੁਬਾਨਾਂ ਵਿਚ ਨਾਮੋ ਨਿਸ਼ਾਨ ਹੀ ਨਹੀਂ ਹੈ। ਕੋਰੀਅਨ ਜਾਂ ਫਾਰਸੀ ਬੋਲਣ ਵਾਲੇ ਪੰਜਾਬੀ ਨਾਲੋਂ ਘੱਟ ਹਨ ਪਰ ਉਨ੍ਹਾਂ ਜ਼ੁਬਾਨਾਂ ਦਾ ਬੜਾ ਨਾਮ ਹੈ ਪਰ ਪੰਜਾਬੀ ਦਾ ਨਹੀਂ।

## ਪੰਜਾਬੀ ਬੋਲੀ ਬਾਰੇ ਕੁਝ ਤੱਤ:

••••

ਸਾਲ 1991 ਦੀ ਮਰਦਮ ਸ਼ੁਮਾਰੀ ਅਨੁਸਾਰ ਪਾਕਿਸਤਾਨ ਦੀ ਕੁਲ ਵਸੋਂ 114 ਮਿਲੀਅਨ ਹੈ ਜਿਹਦੇ ਵਿਚੋਂ 71.8 ਮਿਲੀਅਨ ਲੋਕ ਪੰਜਾਬੀ ਬੋਲਦੇ ਹਨ ਜੋ ਕੁਲ ਵਸੋਂ ਦਾ 63% ਹਨ।

ਪਾਕਿਸਤਾਨ ਵਿਚ ਉਰਦੂ ਬੋਲਣ ਵਾਲਿਆਂ ਦੀ ਗਣਤੀ 9 ਮਿਲੀਅਨ ਹੈ।

•••••

ਭਾਰਤ ਵਿਚ 1991 ਦੀ ਮਰਦਮ ਸ਼ੁਮਾਰੀ ਅਨੁਸਾਰ 24.6 ਮਿਲੀਅਨ ਪੰਜਾਬੀ ਬੋਲਦੇ ਲੋਕ ਹਨ।

•••••

ਦੁਨੀਆਂ ਦੇ ਬਾਕੀ ਹਿੱਸਿਆਂ ਵਿਚ ਪੰਜਾਬੀਆਂ ਦੀ ਗਿਣਤੀ 12.3 ਮਿਲੀਅਨ ਹੈ।

•••••

**ਦੁਨੀਆਂ ਭਰ ਵਿਚ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ 109 ਮਿਲੀਅਨ ਹੈ**

••••••

ਦੁਨੀਆਂ ਦੀਆਂ ਛੇ ਹਜ਼ਾਰ ਤੋਂ ਵੱਧ ਬੋਲੀਆਂ ਵਿਚ ਪੰਜਾਬੀ ਬਾਰ੍ਹਵੇਂ ਜਾਂ ਤੇਰ੍ਹਵੇਂ ਨੰਬਰ ਤੇ ਆਉਂਦੀ ਹੈ।

(ਉਪਰਲੀ ਜਾਣਕਾਰੀ ਲਾਹੌਰੋਂ ਨਿਕਲਦੇ ਪੰਜਾਬੀ ਮਾਸਕ "ਲਹਿਰਾਂ" ਦੇ ਅਕਤੂਬਰ 1991 ਵਿਚੋਂ ਲਈ ਗਈ ਹੈ।)

**ਸਵਾਲ: ਪਾਕਿਸਤਾਨ ਵਿਚ ਪੰਜਾਬੀ ਲਈ ਚਲ ਰਹੀ ਜੱਦੋਜਹਿਦ ਦਾ ਕੀ ਭਵਿੱਖ ਹੈ, ਕੀ ਇਹ ਆਮ ਲੋਕਾਂ ਦੀ ਜੱਦੋਜਹਿਦ ਬਣ ਸਕਦੀ ਹੈ?**

**ਜਵਾਬ:** ਅਸਲ ਵਿਚ ਗੱਲ ਇਹ ਹੈ ਕਿ ਇਸ ਮੂਵਮੈਂਟ ਦੇ ਮਾਸ ਮੂਵਮੈਂਟ ਬਣਨ ਦੇ ਜਦੋਂ ਜ਼ਰਾ ਜਿਤਨੇ ਕੁ ਚਾਂਸ ਵੀ ਹੁੰਦੇ ਹਨ ਉਸੇ ਵੇਲੇ ਇਸਨੂੰ ਤੋੜਨ ਲਈ ਹੋਰ ਕਈ ਮੂਵਮੈਂਟਸ ਸਿਰ ਚੁੱਕ ਲੈਂਦੀਆਂ ਹਨ। ਮਸਲਨ ਫਿਰਕਾ ਬੰਦੀ ਦੀ ਲੜਾਈ ਸ਼ੁਰੂ ਕਰ ਦਿੰਦੇ ਹਨ, ਸੁੰਨੀ ਸ਼ੀਆ ਦੀ, ਜਾਂ ਲਹਿਜ਼ਿਆਂ ਦੀ ਵੰਡ ਸ਼ੁਰੂ ਹੋ ਜਾਂਦੀ ਹੈ। ਸੋ ਕੋਈ ਨਾ ਕੋਈ ਵਿਰੋਧੀ ਲਹਿਰ ਸ਼ੁਰੂ ਹੋ ਜਾਂਦੀ ਹੈ। ਅਸੀ ਵੀ ਅਜੇ ਇਸੇ ਤਰ੍ਹਾਂ ਦੀ ਜੱਦੋਜਹਿਦ ਵਿਚੋਂ ਦੀ ਗੁਜ਼ਰ ਰਹੇ ਹਾਂ। ਪਰ ਮੈਂ ਸਮਝਦਾ ਹਾਂ ਕਿ ਪੰਜਾਬੀਆਂ ਨੂੰ ਇਹ ਹੱਕ ਜ਼ਰੂਰ ਮਿਲਕੇ ਰਹਿਣਾ। ਦੁਨੀਆਂ ਦੀਆਂ ਤਮਾਮ ਕੌਮਾਂ ਨੂੰ ਮਿਲਿਆ ਹੈ, ਬੇਸ਼ੁਮਾਰ ਕੌਮਾਂ ਤੇ ਇਹ ਕੈਫਰੀਤ ਜ਼ਾਰੀ ਰਹੀ ਹੈ। ਜਿਵੇਂ 400 ਸਾਲ ਪਹਿਲਾਂ ਇੰਗਲੈਂਡ ਵਿਚ ਕਰੋਮਵੈੱਲ ਆਕੇ ਫਰੇਂਚ ਤੋਂ ਛੁਟਕਾਰਾ ਹਾਸਲ ਕਰਦਾ ਹੈ ਤੇ ਅੰਗ੍ਰੇਜ਼ੀ ਜ਼ੁਬਾਨ ਦਿੰਦਾ ਹੈ ਆਪਣੀ ਕੌਮ ਨੂੰ। ਇਸੇ ਤਰ੍ਹਾਂ ਤੁਰਕੀ ਵਿਚ ਇਸੇ ਸਦੀ ਵਿਚ ਤੁਰਕ ਨੇ ਫਾਰਸੀ ਦੀ ਜਗਹ ਤੁਰਕੀ ਜ਼ੁਬਾਨ ਉਥੇ ਚਲਾਈ। ਇਸੇ ਤਰ੍ਹਾਂ ਇੰਡੀਆ ਵਿਚ ਹੁਣੇ ਹੁਣੇ ਤਿੰਨ ਹੋਰ ਜ਼ੁਬਾਨਾਂ ਸਰਕਾਰੀ ਤੌਰ ਉਪਰ ਮੰਨ ਲਈਆਂ ਗਈਆਂ ਹਨ। ਸੋ ਦੁਨੀਆਂ ਦੇ ਹਰ ਮੁਲਕ ਵਿਚ ਲੋਕ ਆਪਣੀ ਆਪਣੀ ਜ਼ੁਬਾਨ ਉਪਰ ਕਾਇਮ ਨੇ। ਮੇਰਾ ਨਹੀ ਖਿਆਲ ਕਿ ਪੰਜਾਬੀਆਂ ਦਾ ਹੱਕ ਜ਼ਿਆਦਾ ਦੇਰ ਤੱਕ ਖੁੱਸਿਆ ਰਹੇਗਾ ਭਾਵੇਂ ਫਿਲਹਾਲ ਲੋਕ ਮਾਸ ਮੀਡੀਆ ਤੋਂ ਮੁਤਾਸਰ ਹੋ ਕੇ ਉਰਦੂ ਵੱਲ ਜਾ ਰਹੇ ਹਨ ਪਰ ਜਿਹੜੇ ਨੌਜੁਆਨ ਸਾਡੇ ਨਾਲ ਮਿਲਕੇ ਪੰਜਾਬੀ ਲਈ ਕੰਮ ਕਰ ਰਹੇ ਹਨ ਉਹ ਜਜ਼ਬਿਆਂ ਨਾਲ ਭਰਪੂਰ ਹਨ ਤੇ ਇਸ ਮਸਲੇ ਨੂੰ ਸਮਝਦੇ ਹਨ। ਦੂਸਰੀ ਗੱਲ ਇਹ ਹੈ ਕਿ ਜੇਕਰ ਮੈਨੂੰ ਗੱਲ ਸਮਝ ਆ ਗਈ ਹੈ ਤਾਂ ਸਾਡੇ ਦੂਸਰੇ ਤਾਲੀਮ ਯਾਫਤਾ ਦੋਸਤਾਂ ਨੂੰ ਵੀ ਆ ਜਾਵੇਗੀ। ਪਰ ਸਾਨੂੰ ਲੋੜ ਹੈ ਇਸਦੇ ਵਾਸਤੇ ਕੁਝ ਬੁਨਿਆਦੀ ਕੰਮ ਕਰਨ ਦੀ ਜਿਵੇਂ ਗਰਾਮਰਾਂ ਜਾਂ ਡਿਕਸ਼ਨਰੀਆਂ ਬਣਾਉਣ ਦੀ। ਮੈਂ ਤੁਹਾਨੂੰ ਵੀ ਅਰਜ਼ ਕਰਦਾ ਹਾਂ ਕਿ ਫਰਜ਼ ਕਰੋ ਇੰਗਲਿਸ਼–ਗੁਰਮੁੱਖੀ ਦੀ ਗਰਾਮਰ ਬਣਾਉਂਦੇ ਹੋ, ਪਜੰਾਬ ਵਿਚ ਤਾਂ ਨਾਲ ਇਕ ਪੱਟੀ ਅਲਫ਼, ਬੇਅ ਦੀ ਵੀ ਲਗਾ ਦਿਆ ਕਰੋ। ਕੋਈ ਹਰਜ਼ ਨਹੀਂ ਇਸ ਵਿਚ। ਸੋ ਇਸ ਸ਼ਾਹਮੁਖੀ ਪੰਜਾਬ ਦਾ ਵੀ ਜ਼ਰਾ ਖਿਆਲ ਰੱਖ ਲਿਆ ਕਰੋ। ਇਹ ਸਾਰੀ ਪੰਜਾਬੀ ਦੇ ਫਾਇਦੇ ਦੀ ਹੀ ਗੱਲ ਹੈ।

••••

ਇਕ ਪੰਜਾਬੀ ਅਦਾਕਾਰ ਦਾ ਸਫਰ

# ਓਮ ਪੁਰੀ

### ਮੁਲਾਕਾਤੀ: ਸਾਧੂ ਤੇ ਸੁਖਵੰਤ ਹੁੰਦਲ

**ਸਵਾਲ: ਸੱਭ ਤੋਂ ਪਹਿਲਾਂ ਤੁਸੀ ਸਾਨੂੰ ਆਪਣੇ ਪਿਛੋਕੜ ਬਾਰੇ ਦੱਸੋ?**

**ਜਵਾਬ:** ਮੈਂ ਜੰਮਿਆ ਤਾਂ ਅੰਬਾਲੇ ਸੀ ਪਰ ਮੈਂ ਰਿਹਾ ਪਟਿਆਲੇ ਹੀ ਹਾਂ ਤੇ ਉਸ ਨੂੰ ਹੀ ਆਪਣਾ ਸ਼ਹਿਰ ਮੰਨਦਾ ਹਾਂ। ਕਾਲਜ ਵੀ ਉੱਥੇ ਗਿਆ। ਜਦੋਂ ਮੈਂ ਸੁਰਤ ਸੰਭਾਲੀ ਸੀ ਤਾਂ ਬਠਿੰਡਾ, ਰਾਮਾ ਮੰਡੀ, ਫੀਰੋਜ਼ਪੁਰ, ਆਦਿ ਥਾਵਾਂ ਤੇ ਮੇਰਾ ਪਾਲਣ ਹੋਇਆ। ਬਾਅਦ ਵਿਚ ਮੈਂ ਨਾਨਕੇ ਪਿੰਡ ਸਨੌਰ ਪੜ੍ਹਣ ਲੱਗ ਪਿਆ। ਫਿਰ ਖਾਲਸਾ ਕਾਲਜ ਪਟਿਆਲੇ ਪੜ੍ਹਣ ਲੱਗ ਪਿਆ। ਫਸਟ ਈਅਰ ਰੈਗੂਲਰ ਕਾਲਜ, ਸੈਕੰਡ ਈਅਰ ਈਵਨਿੰਗ ਕਾਲਜ ਤੇ ਥਰਡ ਈਅਰ ਕੌਰਸਪੋਂਡੈਂਸ (ਡਾਕ ਰਾਹੀਂ) ਨਾਲ ਪਾਸ ਕੀਤੇ।

ਦਸਵੀਂ ਜਾਂ ਬਲਕਿ ਕਹਿ ਲਓ ਅੱਠਵੀਂ ਤੋਂ ਬਾਅਦ ਮੈਂ ਆਪਣੇ ਆਪ ਸਿਰ ਸੀ। ਨੌਂਵੀਂ ਜਮਾਤ ਵਿਚ ਮੈਂ ਟਿਊਸ਼ਨ ਪੜ੍ਹਾਉਂਦਾ ਸੀ ਤੇ ਆਪਣਾ ਖਰਚਾ ਤੋਰਦਾ ਸੀ। ਕਾਲਜ ਟਾਇਮ ਵਿਚ ਮੈਂ ਇਕ ਵਕੀਲ ਕੋਲ ਕਲਰਕ ਦਾ ਕੰਮ ਕਰਦਾ ਸੀ। ਕਾਲਜ ਵਿਚ ਮੈਂ 'ਲੈਬ ਅਸਿਸਟੈਂਟ' ਵੀ ਸੀ। ਵਕੀਲ ਛੁੱਟੀ ਨਹੀਂ ਸੀ ਦਿੰਦਾ ਹੁੰਦਾ। ਮੈਨੂੰ ਯਾਦ ਹੈ ਕਿ ਇਕ ਵਾਰੀ ਚੰਡੀਗੜ੍ਹ ਯੂਥ ਫੈਸਟੀਵਲ ਵਿਚ ਸਾਡਾ ਪ੍ਰੋਗਰਾਮ ਸੀ। ਵਕੀਲ ਕਹਿੰਦਾ ਕਿ ਛੁੱਟੀ ਨਹੀਂ ਦੇਣੀ। ਮੈਂ ਕਿਹਾ ਤਾਂ ਆਹ ਫੜ ਆਪਣੀ ਨੌਕਰੀ। ਫਿਰ ਜਦੋਂ ਬਾਕੀ ਮੁੰਡਿਆਂ ਨੂੰ ਪਤਾ ਲੱਗਾ ਕਿ ਮੈਂ ਨੌਕਰੀ ਛੱਡ ਦਿੱਤੀ ਹੈ ਤਾਂ ਸਾਰਿਆਂ ਨੇ ਪ੍ਰੋਫੈਸਰਾਂ ਨੂੰ ਕਿਹਾ। ਉਨ੍ਹਾਂ ਨੇ ਕਾਲਜ ਦੇ ਪ੍ਰਿੰਸੀਪਲ ਸੰਤ ਸਿੰਘ ਸੇਖੋਂ ਸਾਹਿਬ ਨਾਲ ਗੱਲ ਕੀਤੀ ਤੇ ਮੈਨੂੰ 'ਲੈਬ ਅਸਿਸਟੈਂਟ' ਦੀ ਨੌਕਰੀ ਮਿਲ ਗਈ। ਮੈਨੂੰ ਸਾਇੰਸ ਦਾ ਕੁੱਝ ਪਤਾ ਹੀ ਨਹੀਂ ਸੀ ਕਿਉਂਕਿ ਮੈਂ ਤਾਂ ਆਰਟ ਦਾ ਸਟੂਡੈਂਟ ਸੀ। ਉਸ ਤੋਂ ਬਾਅਦ ਟਿਵਾਣਾ ਸਾਹਿਬ (ਹਰਪਾਲ ਟਿਵਾਣਾ) ਨਾਲ ਮੁਲਾਕਾਤ ਹੋਈ। ਉਨ੍ਹਾਂ ਨੇ ਮੈਨੂੰ ਜੱਜ ਦੇ ਤੌਰ ਤੇ ਯੂਥ ਫੈਸਟੀਵਲ ਵਿਚ ਦੇਖਿਆ ਹੋਇਆ ਸੀ । ਫਿਰ ਮੈਂ ਕਾਲਜ ਦੀ ਨੌਕਰੀ ਛੱਡ ਕੇ ਉਨ੍ਹਾਂ ਨਾਲ ਹੀ ਥਿਏਟਰ ਵਿਚ ਫੁੱਲ ਟਾਇਮ ਕੰਮ ਕਰਨ ਲੱਗਾ। ਤਿੰਨ ਸਾਲ ਲਾਏ। ਉਨ੍ਹਾਂ ਨਾਲ ਹੀ ਪਹਿਲੀ ਵਾਰੀ ਬੰਬਈ ਗਏ। ਇਹ ਸ਼ਾਇਦ 1968-69 ਦੀ ਗੱਲ ਹੈ। ਪੂਨੇ ਸ਼ੋਅ ਕੀਤਾ ਸੀ। ਕਾਫੀ ਚੰਗੇ ਪਲੇਅ ਕੀਤੇ ਸਨ।

**ਸਵਾਲ: ਕਾਲਜ ਵਿਚ ਕਿਹੋ ਜਿਹੇ ਨਾਟਕ ਕਰਦੇ ਸੀ?**

**ਜਵਾਬ:** ਕਪੂਰ ਸਿੰਘ ਘੁੰਮਣ ਦਾ ਕੀਤਾ ਸੀ 'ਅਣਹੋਣੀ'। ਇਕ ਵੱਨ ਐਕਟ ਸੀ 'ਸਮੁੰਦਰੋਂ ਪਾਰ'। ਪਹਿਲਾਂ ਪਹਿਲ ਕਪੂਰ ਸਿੰਘ ਘੁੰਮਣ ਦੇ ਹੀ ਕੀਤੇ ਤਿੰਨ ਚਾਰ। ਥਿਏਟਰ ਦਾ ਕੀੜਾ ਟਿਵਾਣਾ ਸਾਹਿਬ ਕੋਲ ਆਕੇ ਪੱਕ ਗਿਆ। ਸਕੂਲ ਟਾਇਮ ਤੇ ਤਾਂ ਆਰਮੀ ਵਿਚ ਜਾਣ ਦੀ ਦਿਲਚਸਪੀ ਸੀ, ਫੌਜੀ ਬਣਨ ਦੀ। ਮੈਂ ਫੌਜੀਆਂ ਨੂੰ ਇਉਂ ਦੇਖਦਾ ਹੁੰਦਾ ਸੀ ਜਿਵੇਂ ਲੋਕ ਫਿਲਮ ਸਟਾਰਾਂ ਨੂੰ ਦੇਖਦੇ ਹਨ। ਕਿਤੇ ਰੇਲਵੇ ਸਟੇਸ਼ਨ ਤੇ ਕੋਈ ਲੈਫਟੀਨੈਂਟ ਦਿਸ ਪੈਣਾ ਵਧੀਆ ਮੁੱਛਾਂ ਵਾਲਾ, ਸਿਤਾਰੇ ਆਦਿ ਲਗਾਏ ਹੋਣੇ ਤੇ ਫੱਬਦੀ ਪੱਗ ਬੰਨ੍ਹੀ ਜਾਂ ਟੋਪੀ ਪਾਈ ਹੋਣੀ ਤਾਂ ਉਹ ਮੈਨੂੰ ਬੜਾ ਹੀ ਚੰਗਾ ਲੱਗਣਾ। ਨਾਲੇ ਉਹਨੀਂ ਦਿਨੀ ਲੋਕੀ ਫੌਜੀਆਂ ਨੂੰ ਮੰਨਦੇ ਵੀ ਸੀ ਤੇ ਪਿਆਰ ਵੀ ਬਹੁਤ ਕਰਦੇ ਸਨ। ਸਕੂਲ ਵਿਚ ਐਨ. ਸੀ. ਸੀ. ਤੇ ਸਕਾਉਟ ਵਗੈਰਾ ਵੀ ਜੁਆਇਨ ਕੀਤੇ। ਮੈਂ ਮਨੀਟਰ ਹੁੰਦਾ ਸੀ ਤੇ ਖੇਡਾਂ ਵਿਚ ਵੀ ਚੰਗਾ ਵਧੀਆ ਹੁੰਦਾ ਸੀ।



**ਸਵਾਲ: ਫਿਰ ਟਿਵਾਣਾ ਸਾਹਿਬ ਨਾਲ ਨਾਟਕ ਹੀ ਕੀਤੇ ਜਾਂ ਕਿਤੇ ਕੋਈ ਹੋਰ ਕੰਮ ਜਾਂ ਨੌਕਰੀ ਵੀ ਕਰਦੇ ਸੀ?**

**ਜਵਾਬ:** ਨਹੀ ਪੂਰਾ ਵਕਤ ਨਾਟਕ ਹੀ ਕੀਤੇ। ਭਾਵ ਝਾੜੂ ਤੋਂ ਲੈ ਕੇ ਟੁਆਲਿਟ ਸਾਫ ਕਰਨ ਤੱਕ ਕਿਸੇ ਚੀਜ਼ ਦੀ ਕੋਈ ਸ਼ਰਮ ਨਹੀਂ ਸੀ। ਪੋਸਟਰ ਵੀ ਲਿਖਦੇ ਸੀ ਤੇ ਪੋਸਟਰ ਡਿਜ਼ਾਈਨ ਵੀ ਕਰਦੇ ਸੀ। ਮਤਲਬ ਕਿ ਥਿਏਟਰ ਦਾ ਪੂਰਾ ਕੰਮ। ਮੈਂ ਹੀ ਇਕ ਬੰਦਾ ਸੀ ਜਿਸਨੂੰ ਤਨਖਾਹ ਮਿਲਦੀ ਸੀ। ਬੈਕ ਸਟੇਜ ਦਾ ਪੂਰਾ ਕੰਮ ਮੈਂ ਕਰਦਾ ਸੀ। ਪਰਫਾਰਮੈਂਸ ਦੇ ਪੈਸੇ ਮੈਨੂੰ ਨਹੀਂ ਮਿਲਦੇ ਸਨ। ਉਥੋਂ ਬਾਅਦ ਮੈਂ ਨੈਸ਼ਨਲ ਸਕੂਲ ਆਫ ਡਰਾਮਾ ਜੁਆਇਨ ਕੀਤਾ। ਤਿੰਨ ਸਾਲ ਤੋਂ ਬਾਅਦ ਮੈਂ ਇਕ ਸਾਲ ਫਰੀਲਾਂਸ ਦਿੱਲੀ ਵਿਚ ਰਿਹਾ, ਉਦੋਂ ਮੈਂ ਇਹੋ ਹਮਾਰਾ ਜੀਵਣਾ ਨਾਟਕ ਡਾਇਰੈਕਟ ਕੀਤਾ ਸੀ।

**ਸਵਾਲ: ਜੋ ਕੁੱਝ ਤੁਸੀ ਨੈਸ਼ਨਲ ਸਕੂਲ ਆਫ ਡਰਾਮਾ ਵਿਚ ਜਾਣ ਤੋਂ ਪਹਿਲਾਂ ਸਿੱਖਿਆ ਸੀ, ਕੀ ਉਹ ਆਧਾਰ ਤੁਹਾਡੇ ਉਥੇ ਜਾਣ ਲਈ ਕਾਫੀ ਸੀ ਜਾਂ ਉਥੇ ਜਾਕੇ ਤੁਹਾਨੂੰ ਬਾਕੀਆਂ ਨਾਲੋਂ ਜ਼ਿਆਦਾ ਮਿਹਨਤ ਕਰਨੀ ਪਈ?**

**ਜਵਾਬ:** ਪ੍ਰੈਕਟੀਕਲ ਤਜ਼ਰਬਾ ਤਾਂ ਮੇਰਾ ਸਾਰਿਆਂ ਤੋਂ ਜ਼ਿਆਦਾ ਸੀ ਜਿਵੇਂ

ਐਕਟਿੰਗ, ਇਮਪਰੋਵਾਈਜੇਸ਼ਨ, ਸਪੀਚ ਆਦਿ ਵਿਚ ਮੇਰੇ ਚੰਗੇ ਨੰਬਰ ਹੁੰਦੇ ਸਨ। ਥਿਊਰੀ ਕਮਜ਼ੋਰ ਸੀ ਅਤੇ ਉਸਤੋਂ ਇਲਾਵਾ ਅੰਗ੍ਰੇਜ਼ੀ ਬਹੁਤ ਕਮਜ਼ੋਰ ਸੀ। ਭਾਵੇਂ ਮੈਂ ਕਾਲਜ ਪਾਸ ਕੀਤਾ ਸੀ ਪਰ ਜਿਵੇਂ ਤੁਹਾਨੂੰ ਪਤਾ ਹੈ ਪੰਜਾਬ ਵਿਚ ਪੰਜਾਬੀ ਬੋਲੀਦੀ ਸੀ। ਸੋ ਅੰਗ੍ਰੇਜ਼ੀ ਦੀ ਬਿਲਕੁਲ ਪ੍ਰੈਕਟਿਸ ਨਹੀਂ ਸੀ ਤੇ ਸਾਰੀਆਂ ਕਲਾਸਾਂ ਅੰਗ੍ਰੇਜ਼ੀ ਵਿਚ ਹੀ ਹੁੰਦੀਆਂ ਸਨ। ਇਸ ਲਈ ਮੈਨੂੰ ਜਰਾ ਕੰਪਲੈਕਸ ਮਹਿਸੂਸ ਹੁੰਦਾ ਸੀ। ਬਾਕੀ ਕਾਨਵੈਂਟ ਦੇ ਪੜ੍ਹੇ ਹੁੰਦੇ ਸਨ ਜਿਵੇਂ ਨਸੀਰ (ਨਸੁਰਦੀਨ ਸ਼ਾਹ) ਵਗੈਰਾ, ਇਹ ਸਾਰੇ ਪੱਟ ਪੱਟ ਅਗ੍ਰੇਜ਼ੀ ਬੋਲਦੇ ਸਨ। ਸੋ ਪਹਿਲੇ ਜਰਾ ਔਖ ਹੋਈ। ਸਾਡੇ ਟੀਚਰ ਐਮ. ਕੇ. ਰੈਣਾ ਨੇ ਮੇਰੀ

> ਮੈਨੂੰ ਪਤਾ ਸੀ ਕਿ ਕਮਰਸ਼ੀਅਲ ਸਿਨੇਮੇ ਵਿਚ ਮੇਰੇ ਚਿਹਰੇ ਨੂੰ ਲੈ ਕੇ ਉਹਨਾਂ ਨੂੰ ਬਹੁਤ ਔਖ ਹੋਣੀ ਸੀ ਕਿ ਇਸ ਬੰਦੇ ਨੂੰ ਪਾਈਏ ਕਿਥੇ, ਨਾ ਤਾਂ ਇਹ ਵਿਲਨ ਲੱਗਦਾ ਹੈ ਨਾ ਇਹ ਹੀਰੋ ਲੱਗਦਾ ਹੈ ਤੇ ਨਾ ਹੀ ਕਮੇਡੀਅਨ।

ਬੈਕਗਰਾਉਂਡ ਬਾਰੇ ਪਤਾ ਕੀਤਾ ਤੇ ਉਸਨੇ ਮੈਨੂੰ ਉਤਸ਼ਾਹਿਤ ਕੀਤਾ ਕਿ ਜਦੋਂ ਵੀ ਮੈਨੂੰ ਅੰਗ੍ਰੇਜ਼ੀ ਬੋਲਣ ਵਿਚ ਮੁਸ਼ਕਿਲ ਆਵੇ ਤਾਂ ਮੈਂ ਹਿੰਦੀ ਜਾਂ ਪੰਜਾਬੀ ਬੋਲਣ ਲੱਗ ਪਿਆ ਕਰਾਂ। ਜੇ ਉਸਨੂੰ ਮੇਰੀ ਗੱਲ ਸਮਝ ਨਹੀਂ ਆਵੇਗੀ ਤਾਂ ਉਹ ਆਪੇ ਹੀ ਦੂਜਿਆਂ ਤੋਂ ਪੁੱਛ ਲਿਆ ਕਰੇਗਾ। ਇਸ ਨਾਲ ਮੈਨੂੰ ਕਾਫੀ ਸੌਖ ਮਹਿਸੂਸ ਹੋਈ। ਨਾਲ ਹੀ ਉਸਨੇ ਮੈਨੂੰ ਇਹ ਵੀ ਕਿਹਾ ਕਿ ਅੰਗ੍ਰੇਜ਼ੀ ਵੀ ਇਕ ਜ਼ਰੂਰੀ ਚੀਜ਼ ਹੈ ਕਿਉਂਕਿ ਇਹ ਦੁਨੀਆਂ ਦੀ ਭਾਸ਼ਾ ਹੈ। ਉਸਨੇ ਮੈਨੂੰ ਅੰਗ੍ਰੇਜ਼ੀ ਵਿਚ ਰੇਡੀਓ ਦੀਆਂ ਖਬਰਾਂ ਸੁਣਨ ਤੇ ਅਖਬਾਰ ਤੇ ਕਿਤਾਬਾਂ ਉੱਚੀ ਉੱਚੀ ਪੜ੍ਹਨ ਦੀ ਸਲਾਹ ਦਿੱਤੀ।

**ਸਵਾਲ: ਉਥੇ ਹੋਰ ਡਾਇਰੈਕਟਰਾਂ ਨਾਲ ਵੀ ਕੰਮ ਕਰਨ ਦਾ ਮੌਕਾ ਮਿਲਿਆ?**

**ਜਵਾਬ:** ਬਾਹਰੋਂ ਵੀ ਡਾਇਰੈਕਟਰ ਆਉਂਦੇ ਸਨ ਜਿਵੇਂ ਜਰਮਨੀ ਤੋਂ 'ਫਿੱਟਸ ਬੈਨੇਂਵਰਤਜ਼' ਆਇਆ। ਫਿਰ ਇਕ ਬ੍ਰਾਜ਼ੀਲੀਅਨ ਡਾਇਰੈਕਟਰ ਆਇਆ ਸੀ ਜਿਸਨੇ ਇਕ ਪਲੇਅ ਕੀਤਾ ਸੀ 'ਟਰੂ ਹੌਰਸ' ਹਿੰਦੀ ਵਿਚ। ਫਿਰ ਇਕ ਜਾਪਾਨੀ ਡਾਇਰੈਕਟਰ ਆਇਆ ਸੋਲਜਨਸਾਤੋ, ਉਸਨੇ ਹਿੰਦੀ ਵਿਚ 'ਕਾਬੂਕੀ' ਨਾਮ ਦਾ ਪਲੇਅ ਕੀਤਾ। ਬਾਕੀ ਫਿਰ ਗਿਰੀਸ਼ ਕਰਨਾਰਡ, ਪੀ. ਐਲ. ਦੇਸ਼ਪਾਂਡੇ ਆਦਿ ਵੀ ਗੇਸਟ ਡਾਇਰੈਕਟਰਾਂ ਦੇ ਤੌਰ ਤੇ ਆਉਂਦੇ ਰਹਿੰਦੇ ਸਨ। ਸੋ ਇਟ ਵਾਜ਼ ਏ ਵੈਰੀ ਥੌਰੋ ਪ੍ਰੋਫੈਸ਼ਨਲ ਟ੍ਰੇਨਿੰਗ। ਮਤਲਬ ਮੈਂ ਅੱਜ ਜੋ ਵੀ ਹਾਂ ਉਹ ਨੈਸ਼ਨਲ ਸਕੂਲ ਆਫ ਡਰਾਮਾ ਦੀ ਵਜਹ ਨਾਲ ਹਾਂ। ਉਸਤੋਂ ਪਹਿਲਾਂ ਜੜ੍ਹ ਟਿਵਾਣਾ ਸਾਹਿਬ ਨੇ ਲਾਈ ਸੀ

**ਸਵਾਲ: ਨੈਸ਼ਨਲ ਸਕੂਲ ਆਫ ਡਰਾਮਾ ਤੋਂ ਬਾਅਦ?**

**ਜਵਾਬ:** ਇਕ ਸਾਲ ਰੇਪਰਟਰੀ 'ਚ ਕੰਮ ਕੀਤਾ ਜੋ ਬਹੁਤ ਔਖਾ ਨਿਕਲਿਆ। ਫਿਰ ਮੈਂ ਗਿਆ ਫਿਲਮ ਇੰਸਟੀਚਿਊਟ। ਇਹ 1974 ਦੀ ਗੱਲ ਹੈ ਕਿਉਂਕਿ ਜੇਕਰ ਥਿਏਟਰ ਕਰਨਾ ਸੀ ਤਾਂ ਪਹਿਲਾਂ ਦਿਨ ਨੂੰ ਨੌਕਰੀ ਕਰਨੀ ਪੈਣੀ ਸੀ ਤੇ ਰਾਤ ਨੂੰ ਥਿਏਟਰ। ਪੰਜਾਬੀ, ਹਿੰਦੀ ਵਿਚ ਪ੍ਰੋਫੈਸ਼ਨਲ ਥਿਏਟਰ ਹੈ ਨਹੀਂ। ਪੰਜਾਬ ਵਿਚ ਟਿਵਾਣਾ ਸਾਹਿਬ ਨੇ ਮਾੜੀ ਮੋਟੀ ਆਦਤ ਪਾਈ ਹੈ ਲੋਕਾਂ ਨੂੰ ਪੈਸੇ ਖਰਚ ਕੇ ਡਰਾਮਾ ਦੇਖਣ ਦੀ ਪਰ ਫਿਰ ਵੀ ਲੋਕ ਪਾਸ ਵਗੈਰਾ ਹੀ ਭਾਲਦੇ ਰਹਿੰਦੇ ਸਨ। ਲੋਕਾਂ ਨੂੰ ਨਾਟਕ ਦੇਖਣ ਲਈ ਤਿੰਨ ਰੁਪੈ ਖਰਚਣੇ ਵਾਧੂ ਲੱਗਦੇ ਸਨ। ਜੇ ਮੈਂ ਬੰਗਾਲੀ ਹੁੰਦਾ ਤਾਂ ਠੀਕ ਸੀ ਕਿਉਂਕਿ ਬੰਗਾਲੀ ਵਿਚ ਪ੍ਰੋਫੈਸ਼ਨਲ ਥਿਏਟਰ ਹੈ ਸੀ ਜਾਂ ਗੁਜਰਾਤੀ ਵਿਚ ਜਾਂ ਮਰਾਠੀ ਵਿਚ ਸੀ। ਆਪਣੇ ਪੰਜਾਬ ਵਿਚ ਪ੍ਰੋਫੈਸ਼ਨਲ ਥਿਏਟਰ ਦੀ ਰਵਾਇਤ ਨਹੀਂ ਰਹੀ।

**ਸਵਾਲ: ਤੁਹਾਨੂੰ ਇਹ ਫੈਸਲਾ ਕਰਨ ਵਿਚ ਕੋਈ ਮੁਸ਼ਕਿਲ ਆਈ ਕਿ ਥਿਏਟਰ ਨਾਲੋਂ ਫਿਲਮ ਵਿਚ ਜਾਣਾ ਹੈ?.**

**ਜਵਾਬ:** ਉਨ੍ਹਾਂ ਦਿਨਾਂ ਵਿਚ ਮਿਡਲ ਸਿਨੇਮਾ ਦੀ ਮੂਵਮੈਂਟ ਚੱਲੀ ਸੀ ਅਤੇ ਰਿਸ਼ੀਕੇਸ਼ ਮੁਕਰਜ਼ੀ, ਗੁਲਜ਼ਾਰ, ਬਾਸੂ ਚੈਟਰਜੀ, ਬਾਸੂ ਭੱਟਾਚਾਰੀਆ ਆਦਿ ਦੀਆਂ ਫਿਲਮਾਂ ਬਣਨ ਲੱਗੀਆਂ ਸਨ। ਬਾਅਦ ਵਿਚ ਬੈਨੇਗਲ ਤੇ ਗੋਬਿੰਦ ਨਿਹਲਾਨੀ ਆਦਿ ਆਫ ਬੀਟ ਫਿਲਮਾਂ ਤੋਂ ਆਕੇ ਮਿਡਲ ਸਿਨੇਮੇ ਵੱਲ ਹੋਏ ਸਨ। ਇਹ ਸਿਨੇਮਾ ਜ਼ਿਆਦਾ ਸੱਟ ਮਾਰਦਾ ਸੀ। ਭਾਵੇ ਸਿਆਸੀ ਸੰਕੇਤ (ਪੋਲੀਟੀਕਲ ਕੌਨੋਟੇਸ਼ਨ) ਨਹੀਂ ਸੀ ਪਰ ਥੀਮ ਬੜੇ ਪਾਵਰਫੁੱਲ ਸਨ। ਜਿਵੇਂ: ਅੰਕੁਰ, ਨਿਸ਼ਾਂਤ। ਮੇਰਾ ਧਿਆਨ ਉਧਰ ਗਿਆ। ਪਹਿਲਾਂ ਤਾਂ ਇਹ ਸੀ ਕਿ ਥਿਏਟਰ ਨਾਲ ਬਹੁਤ ਪਿਆਰ ਰੱਖਿਆ 'ਤੇ ਫਿਲਮ ਗੰਦੀ ਚੀਜ਼ ਲੱਗਦੀ ਸੀ ਕਿਉਂਕਿ ਜਿਆਦਾਤਰ ਵਾਹ ਪੰਜਾਬ ਵਿਚ ਵੀ ਤੇ ਬਾਹਰ ਵੀ ਕਮਰਸ਼ੀਅਲ ਸਿਨੇਮਾ ਨਾਲ ਪਿਆ ਸੀ। ਕੁਝ ਆਫ ਬੀਟ ਫਿਲਮਾਂ ਮੈਂ ਪੰਜਾਬ ਵਿਚ ਵੀ ਦੇਖੀਆਂ ਸਨ ਜਿਵੇਂ ਆਖਰੀ ਖੱਤ, ਜਾਗਤੇ ਰਹੋ, ਹੀਰ ਰਾਂਝਾ ਆਦਿ।

ਫਿਰ ਨੈਸ਼ਨਲ ਸਕੂਲ ਆਫ ਡਰਾਮਾ ਵਿਚ ਸਾਨੂੰ ਦੁਨੀਆਂ ਭਰ ਦੀਆਂ ਫਿਲਮਾਂ ਦੇਖਣ ਦਾ ਮੌਕਾ ਮਿਲਿਆ। ਸਾਨੂੰ ਸਾਲ ਵਿਚ ਇਕ ਵਾਰ ਪੁਰਾਣੀਆਂ ਜਿਵੇਂ ਸਤਿਆਜੀਤ ਰੇਅ ਦੀਆਂ ਫਿਲਮਾਂ ਦਿਖਾਉਂਦੇ ਸਨ। ਉਨ੍ਹਾਂ ਫਿਲਮਾਂ ਨੂੰ ਦੇਖ ਕੇ ਲੱਗਿਆ ਕਿ ਮੀਡੀਅਮ ਦਾ ਕੋਈ ਕਸੂਰ ਨਹੀਂ ਸਗੋਂ ਫਿਲਮਾਂ ਬਣਾਉਣ ਵਾਲਿਆਂ ਦਾ ਕਸੂਰ ਹੈ। ਸੋ ਇਸ ਤਰ੍ਹਾਂ ਨਾਲ ਫਿਲਮਾਂ ਵੱਲ ਝੁਕਾਅ ਗਿਆ। ਨਾਲੇ ਗੱਲ ਆਰਥਿਕਤਾ ਦਾ ਵੀ ਸੀ। ਮੇਰਾ ਝੁਕਾਅ ਕਮਰਸ਼ੀਅਲ ਸਿਨੇਮੇ ਵਲ ਨਹੀਂ ਸੀ। ਮੈਨੂੰ ਲੱਗਦਾ ਸੀ ਕਿ ਜ਼ਿੰਦਗੀ ਦੀਆਂ ਮੇਰੀਆਂ ਬੇਸਿਕ ਲੋੜਾਂ ਸਿਨੇਮਾ ਦੇ ਸਕਦਾ ਹੈ ਥਿਏਟਰ ਨਹੀਂ। ਉਝ ਕੋਈ ਵੱਡੀਆਂ ਆਰਥਿਕ ਖਾਹਸ਼ਾਂ ਨਹੀਂ ਸਨ। ਸੋ ਜਦੋਂ ਮੈਂ ਬੰਬਈ ਪਹੁੰਚਿਆ ਵੀ ਤਾਂ ਕਿਸੇ ਪ੍ਰੋਡਿਊਸਰ ਨੂੰ ਨਹੀਂ ਮਿਲਿਆ ਸਿਵਾਏ ਸ਼ਿਆਮ ਬੈਨੇਗਲ ਦੇ। ਮੈਂ ਕਿਸੇ ਪ੍ਰੋਡਿਊਸਰ ਕੋਲ ਆਪਣੀਆਂ ਤਸਵੀਰਾਂ ਨਹੀਂ ਲੈ ਕੇ ਗਿਆ। ਮੈਂ ਉਸਨੂੰ ਕਿਹਾ ਕਿ ਮੈਂ ਇੰਡੀਆ ਦਾ ਮੋਸਟ ਕੁਆਲੀਫਾਈਡ ਐਕਟਰ ਹਾਂ, ਤਿੰਨ ਸਾਲ ਨੈਸ਼ਨਲ ਸਕੂਲ ਆਫ ਡਰਾਮਾ ਤੇ ਦੋ ਸਲਾ ਫਿਲਮ ਇੰਸਟੀਚਿਊਟ ਵਿਚ ਰਿਹਾ ਹਾਂ, ਮੈਨੂੰ ਕੰਮ ਦਿਉ! ਮੈਨੂੰ ਪਤਾ ਸੀ ਕਿ ਕਮਰਸ਼ੀਅਲ ਸਿਨੇਮੇ ਵਿਚ ਮੇਰੇ ਚਿਹਰੇ ਨੂੰ ਲੈ ਕੇ ਉਨ੍ਹਾਂ ਨੂੰ ਬਹੁਤ ਔਖ ਹੋਣੀ ਸੀ ਕਿ ਇਸ ਬੰਦੇ ਨੂੰ ਪਾਈਏ ਕਿੱਥੇ, ਨਾਂ ਤਾਂ ਇਹ ਵਿਲਨ ਲੱਗਦਾ ਹੈ ਨਾਂ ਇਹ ਹੀਰੋ ਲੱਗਦਾ ਹੈ ਤੇ ਨਾ ਕਮੇਡੀਅਨ।

ਸੋ ਮੈਂ ਬੰਬੇ ਜਾ ਕੇ ਥਿਏਟਰ ਸ਼ੁਰੂ ਕਰ ਦਿੱਤਾ। 'ਮਜ਼ੁਮਾ' ਦੇ ਨਾਮ ਥੱਲੇ। ਤਿੰਨ ਚਾਰ ਸਾਲਾਂ ਵਿਚ 15-20 ਪਲੇਅ ਕੀਤੇ। ਉਹ ਪਲੇਜ਼ ਇਕ ਦੋ ਵਾਰੀ ਸ਼ਿਆਮ ਬੈਨੇਗਲ ਨੇ ਵੀ ਦੇਖੇ। ਇਸ ਸਦਕਾ ਛੋਟੇ ਛੋਟੇ ਰੋਲ ਕੀਤੇ, ਇਕ ਦੋ ਵਾਰੀ ਉਸ ਦੀਆਂ ਫਿਲਮਾਂ ਵਿਚ। 'ਆਕਰੋਸ਼' ਵਾਜ਼ ਏ ਬਰੇਕਥਰੂ। ਇਸ ਫਿਲਮ ਕਰਕੇ ਬਾਕੀ ਬੰਦਿਆਂ, ਜਿਵੇਂ ਸਤਿਆਜੀਤ ਰੇਅ, ਆਦਿ ਦਾ ਮੇਰੇ ਵੱਲ ਧਿਆਨ ਗਿਆ ਕਿ ਇਹ ਟੇਲੇਂਟਡ ਬੰਦਾ ਹੈ। ਫਿਰ ਉਨ੍ਹਾਂ ਦੀਆਂ ਫਿਲਮਾਂ ਵਿਚ ਕੰਮ ਕੀਤਾ। 'ਅਰਧ ਸੱਤਿਆ' ਬਨਣ ਨਾਲ ਮੈਨੂੰ ਕਮਰਸ਼ੀਅਲ ਸਿਨੇਮੇ ਨੇ ਵੀ ਕਬੂਲ ਕਰ ਲਿਆ।

**ਸਵਾਲ: ਪਹਿਲੀਆਂ ਜੋ ਛੋਟੀਆਂ ਛੋਟੀਆਂ ਫਿਲਮਾਂ ਦੀ ਗੱਲ ਕੀਤੀ ਹੈ ਉਹ ਕਿਹੜੀਆਂ ਸਨ?**

**ਜਵਾਬ:** ਰਿਲੀਜ਼ ਹੋਣ ਵਾਲੀ ਪਹਿਲੀ ਸੀ 'ਸ਼ਾਇਦ'। ਉਸ ਵਿਚ ਇਕ ਅਨਇੰਪਲਾਇਡ ਤੇ ਕੌਮਿਕ ਕਿਸਮ ਦਾ ਪਿਆਰਾ ਜਿਹਾ ਕਰੈਕਟਰ ਸੀ। ਗਾਣੇ ਵੀ ਸਨ ਉਸ ਫਿਲਮ ਵਿਚ। ਜਾਣੀ ਕਿ ਉਹ ਇਕ ਸੈਮੀ ਕਮਰਸ਼ੀਅਲ ਫਿਲਮ ਸੀ।

**ਸਵਾਲ: ਜਿਤਨੀ ਦੇਰ ਤੁਸੀ ਫਿਲਮ ਇੰਸਟੀਚੀਊਟ ਵਿਚ ਰਹੇ ਉਸ ਦੌਰਾਨ**

**ਵੀ ਕੋਈ 'ਆਫਰ' ਆਈ?**

**ਜਵਾਬ:** ਫਿਲਮ ਇੰਸਟੀਚੀਊਟ ਦਾ ਸਪਲਾਈ ਐਂਡ ਡੀਮਾਂਡ ਵਾਲਾ ਕਨਸੈਪਟ ਸੀ। ਬਲਕਿ ਉਥੇ ਮੇਰੇ ਦਾਖਲੇ ਬਾਰੇ ਵੀ ਥੋੜ੍ਹੀ ਕੰਟਰੋਵਰਸੀ ਸੀ ਕਿ ਇਸ ਬੰਦੇ ਨੂੰ ਇੰਡਸਟਰੀ ਵਿਚ ਭੇਜ ਕੇ ਇਸਦੀ ਜ਼ਿੰਦਗੀ ਖਰਾਬ ਕਰਨ ਵਾਲੀ ਗੱਲ ਹੈ ਕਿਉਂਕਿ ਇਸਨੇ ਕਿਤੇ ਫਿੱਟ ਨਹੀਂ ਹੋਣਾ। ਉਦੋਂ ਗਿਰੀਸ਼ ਕਰਨਾਰਡ ਵੀ ਉਨ੍ਹਾਂ ਦੇ ਬੋਰਡ ਵਿਚ ਸੀ। ਉਸਨੇ ਕਿਹਾ ਕਿ ਇਹ ਫੈਸਲਾ ਕਰਨ ਵਾਲੇ ਆਪਾਂ ਕੌਣ ਹੁੰਦੇ ਹਾਂ? ਆਪਾਂ ਤਾਂ ਟੇਲੇਂਟਿਡ ਬੰਦਾ ਦਾਖਲ ਕਰਨਾ। ਉਹਦਾ ਨੱਕ ਮੋਟਾ ਹੈ ਜਾਂ ਚਿਹਰੇ ਉਪਰ ਦਾਗ ਹਨ ਆਦਿ ਗੱਲਾਂ ਇਹ ਸਾਡੀ ਪਰੋਬਲਮ ਨਹੀਂ। ਇਸ ਗੱਲ ਦਾ ਮੈਨੂੰ ਬਾਅਦ ਵਿਚ ਪਤਾ ਲੱਗਾ। ਉਥੇ ਐਟੀਚਿਊਡ ਇਹ ਹੁੰਦਾ ਕਿ ਇੰਡਸਟਰੀ ਨੂੰ ਵਿਲੇਨ ਚਾਹੀਦੇ ਹਨ, ਹੀਰੋ ਚਾਹੀਦੇ ਹਨ, ਕਮੇਡੀਅਨ ਚਾਹੀਦੇ ਹਨ ਵਗੈਰਾ ਵਗੈਰਾ। ਹੋ ਸਕਦਾ ਹੈ ਕਿ ਕਿਸੇ ਹੱਦ ਤੱਕ ਉਹ ਠੀਕ ਵੀ ਹੋਣ। ਜੇਕਰ ਬੰਦਿਆਂ ਨੂੰ ਮੂਹਰੇ ਕੰਮ ਨਾ ਮਿਲੇ ਤਾਂ ਕਿਉਂ ਉਨ੍ਹਾਂ ਨੂੰ ਟਰੇਂਡ ਕਰ ਕਰ ਸੁੱਟੀ ਜਾਉ। ਇਸ ਕਰਕੇ ਫਿਲਮ ਇੰਸਟੀਚੀਊਟ ਦੀਆਂ ਫਿਲਮਾਂ ਵਿਚ ਮੈਨੂੰ ਤੇ ਨਸੀਰ ਨੂੰ ਰੋਲ ਘੱਟ ਮਿਲਦਾ ਸੀ। ਗਾਣੇ ਲਈ ਤਾਂ ਸਾਡੇ ਬਾਰੇ ਸੋਚਿਆ ਹੀ ਨਹੀ ਜਾਂਦਾ ਸੀ। ਨਸੀਰ ਨੂੰ ਫਿਰ ਦੂਜੇ ਸਾਲ ਵਿਚ ਇਕ ਦੋ ਗਾਣੇ ਮਿਲੇ ਸਨ ਤੇ ਮੈਨੂੰ ਵੀ ਇਕ ਗਾਣਾ ਸੁਰਿੰਦਰ ਚੱਡਾ ਨੇ ਫਿਲਮ ਇੰਸਟੀਚੀਊਟ ਦੀ ਫਿਲਮ ਵਿਚ ਦਿੱਤਾ। ਇਹ ਫਿਲਮਾਂ ਡਿਪਲੋਮਾ ਫਿਲਮਾਂ ਕਹਾਉਂਦੀਆਂ ਸਨ।

ਮੇਰੇ ਫਿਲਮ ਇੰਸਟੀਚੀਊਟ ਜਾਣ ਬਾਰੇ ਵੀ ਇਕ ਦਿਲਚਸਪ ਕਹਾਣੀ ਹੈ। ਸਾਡੇ ਇਕ ਬੀਬੀ ਹੁੰਦੀ ਸੀ ਉਸਦਾ ਇਕ ਇੰਡਸਟਰੀਅਲਿਸਟ ਦੋਸਤ ਸੀ ਜਿਸਨੇ ਮੈਨੂੰ ਹੈਮਲੈਟ ਨਾਟਕ ਵਿਚ ਦੇਖਿਆ ਸੀ। ਉਸਨੇ ਮੈਨੂੰ ਆਫਰ ਕੀਤੀ ਕਿ ਜੇ ਮੈਂ ਫਿਲਮ ਇੰਸਟੀਚੀਊਟ ਜਾਣਾ ਚਾਹਾਂ ਤਾਂ ਉਹ ਮੇਰਾ ਖਰਚ ਦੇਵੇਗਾ। ਉਸਨੇ ਮੈਨੂੰ ਇਕ ਮਹੀਨੇ ਦਾ ਤਿੰਨ ਸੌ ਰੁਪਿਆ ਐਡਵਾਂਸ ਦੇ ਦਿੱਤਾ ਪਰ ਬਾਅਦ ਵਿਚ ਮੈਨੂੰ ਕੋਈ ਪੈਸਾ ਨਹੀ ਭੇਜਿਆ। ਸੋ ਇਸ ਤਰ੍ਹਾਂ ਉਸਨੇ ਮੈਨੂੰ ਧੱਕਾ ਦੇਕੇ ਫਿਲਮ ਇੰਸਟੀਚੀਊਟ ਵਿਚ ਦਾਖਲ ਕਰਵਾ ਦਿੱਤਾ ਅਤੇ ਬਾਕੀ ਟਾਈਮ ਤਾਂ ਕਿਸੇ ਨਾ ਕਿਸੇ ਤਰ੍ਹਾਂ ਲੰਘ ਹੀ ਗਿਆ। ਪਹਿਲੇ ਸਾਲ ਜਰਾ ਔਖ ਹੋਈ। ਪੰਜਾਬ ਗੌਰਮਿੰਟ ਨੇ ਵੀ ਮੈਨੂੰ ਵਜੀਫਾ ਸੈਂਕਸ਼ਨ ਕਰ ਦਿੱਤਾ ਪਰ ਉਹ ਆਇਆ ਉਦੋਂ ਜਦੋਂ ਮੈਂ ਫਿਲਮ ਇੰਸਟੀਚੀਊਟ ਪਾਸ ਕਰ ਲਿਆ। ਉਹ ਪੈਸਾ ਬੰਬੇ ਮੇਰੇ ਕੰਮ ਆਇਆ। ਪਰ ਇੰਸਟੀਚੀਊਟ ਵਿਚ ਦੋਸਤਾਂ ਮਿੱਤਰਾਂ ਦੇ ਸਿਰ ਉੱਪਰ ਹੀ ਕੰਮ ਚਲਿਆ। ਜਿਵੇਂ ਨਸੀਰ ਸੀ, ਇਕ ਦੋ ਹੋਰ ਦੋਸਤ ਸਨ। ਮੇਰੇ ਫਾਦਰ ਨੇ ਵੀ ਕੁੱਝ ਪੈਸੇ ਭੇਜੇ ਸਨ। ਫਿਰ ਗਿਰੀਸ਼ ਕਰਨਾਰਡ ਨੇ ਮੈਨੂੰ ਆਫਿਸ ਬੁਲਾ ਕੇ ਕਿਹਾ ਕਿ ਛੁੱਟੀਆਂ ਵਿਚ ਇਕ ਫਿਲਮ ਕਰ ਲੈ। ਹਾਲਾਂਕਿ ਜਿੰਨਾ ਚਿਰ ਅਸੀਂ ਵਿਦਿਆਰਥੀ ਸਾਂ ਉਨਾ ਚਿਰ ਬਾਹਰ ਕੰਮ ਨਹੀ ਕਰ ਸਕਦੇ ਸੀ। ਪਰ ਉਸਨੇ ਮੈਨੂੰ ਇਕ ਬੱਚਿਆਂ ਦੀ ਫਿਲਮ ਦਿਵਾ ਦਿੱਤੀ। ਉਸਦਾ ਮੈਨੂੰ ਤਕਰੀਬਨ ਸਾਢੇ ਤਿੰਨ ਹਜ਼ਾਰ ਰੁਪਿਆ ਮਿਲ ਗਿਆ ਜਿਸ ਨਾਲ ਮੇਰਾ ਪੂਰਾ ਸਾਲ ਲੰਘ ਗਿਆ।

**ਸਵਾਲ: ਤੁਸੀ ਜ਼ਿਆਦਾ ਆਰਟ ਫਿਲਮਾਂ ਕੀਤੀਆਂ ਹਨ। ਕੀ ਆਰਟ ਫਿਲਮਾਂ ਵਿਚ ਕੰਮ ਕਰਨ ਦੀ ਤੁਹਾਡੀ ਆਪਣੀ ਚੋਣ ਸੀ?**

**ਜਵਾਬ:** ਮੈਂ ਫਿਲਮ ਇੰਸਟੀਚੀਊਟ ਇਹੀ ਸੋਚ ਕੇ ਗਿਆ ਸੀ ਕਿ ਮੈਂ ਰਿਸ਼ੀਕੇਸ਼ ਮੁਕਰਜੀ, ਗੁਲਜ਼ਾਰ, ਬਾਸੂ ਚੈਟਰਜੀ, ਸ਼ਿਆਮ ਬੈਨੇਗਲ ਦੀਆਂ ਫਿਲਮਾਂ ਵਿਚ ਕੰਮ ਕਰਨਾ ਹੈ। ਖੁਸ਼ਕਿਸਮਤੀ ਨਾਲ ਮੈਂ ਤੇ ਨਸੀਰ ਐਸੇ ਟਾਈਮ ਪਹੁੰਚੇ ਜਦੋਂ ਇਹ ਸਿਨੇਮਾ ਉੱਠ ਰਿਹਾ ਸੀ। ਇਸ ਕਰਕੇ ਸਾਨੂੰ ਦੋਹਾਂ ਨੂੰ ਲੱਗਭਗ ਹਰ ਅੱਛੇ ਫਿਲਮ-ਮੇਕਰ ਨਾਲ ਕੰਮ ਮਿਲਿਆ।

**ਸਵਾਲ: ਇਹ ਸੋਚ ਕਦੋਂ ਤੋਂ ਤੁਹਾਡੇ ਮਨ ਵਿਚ ਆਈ ਕਿ ਇਸ ਕਿਸਮ ਦੇ ਥਿਏਟਰ ਜਾਂ ਫਿਲਮ ਵਿਚ ਕੰਮ ਕਰਨਾ ਹੈ?**

**ਜਵਾਬ:** ਸੋਚ ਤਾਂ ਮਨ ਵਿਚ ਬਚਪਨ ਤੋਂ ਹੀ ਸੀ। ਪਿੰਡ ਵਿਚ ਤਾਂ ਕੋਈ ਸਿਨੇਮਾ ਨਹੀਂ ਸੀ। ਹਾਈ ਸਕੂਲ ਤੱਕ ਮੁਸ਼ਕਿਲ ਨਾਲ ਮੈਂ 10 ਜਾਂ 12 ਫਿਲਮਾਂ ਦੇਖੀਆਂ ਹੋਣਗੀਆਂ। ਬਾਅਦ ਵਿਚ ਪਟਿਆਲੇ ਪਹੁੰਚ ਕੇ ਦੇਖਣੀਆਂ ਸ਼ੁਰੂ ਕੀਤੀਆਂ। ਉਹ ਫਿਲਮਾਂ ਕੁਝ ਨਾ ਕੁਝ ਸੋਚ ਦਿਮਾਗ ਵਿਚ ਜ਼ਰੂਰ ਪਾਉਂਦੀਆਂ ਸਨ। ਹਰ ਫਿਲਮ ਤੋਂ ਬਾਅਦ ਮੈਂ ਦੋ ਘੰਟੇ ਇਧਰ ਉਧਰ ਘੁੰਮਦਾ ਰਹਿਣਾ



ਤੇ ਸੜਕ ਉਪਰ ਜੋ 'ਡਿਸਪੇਅਰਟੀ' (ਨਾ ਬਰਾਬਰਤਾ) ਦਿਸਦੀ ਸੀ ਜਿਵੇਂ ਇਕ ਪਾਸੇ ਕੋਈ ਲੰਗੜਾ, ਲੂਲਾ ਜਾਂ ਗਰੀਬ ਆਦਮੀ ਹੋਣਾ ਤੇ ਦੂਜੇ ਪਾਸੇ ਕਾਰਾਂ ਮੋਟਰਾਂ ਹੋਣੀਆਂ। ਸੋ ਇਹ 'ਡਿਸਪੇਅਰਟੀ' ਮੰਨ ਨੂੰ ਝੰਜੋੜਦੀ ਸੀ। ਲੁਧਿਆਣੇ ਇਕ ਰੇਲਵੇ ਪੁਲ ਹੈ ਜੋ ਸਿਵਲ ਲਾਈਨ ਨੂੰ ਐਧਰ ਨਾਲ ਜੋੜਦਾ ਹੈ। ਉਸ ਪੁਲ ਉਪਰ ਬਹੁਤ ਸਾਰੇ ਭਿਖਾਰੀ ਬੈਠਦੇ ਸਨ। ਛੋਟੇ ਛੋਟੇ ਬੱਚੇ ਮੋਢਿਆਂ ਉਪਰ ਚੁੱਕ ਕੇ ਸਾਈਕਲ ਪਾਰ ਕਰਾਉਂਦੇ ਸਨ। ਸ਼ਾਇਦ ਉਸਨੂੰ ਉੱਚਾ ਪੁਲ ਕਹਿੰਦੇ ਹਨ। ਸੋ ਬੱਚੇ ਬਾਬੂ ਦਾ ਸਾਈਕਲ ਮੋਢਿਆਂ ਉਪਰ ਰੱਖਕੇ ਪਾਰ ਕਰਾਕੇ 5 ਪੈਸੇ ਜਾਂ 10 ਪੈਸੇ ਲੈਂਦੇ ਸਨ। ਉਸਤੋਂ ਪਹਿਲਾਂ ਮੇਰੇ ਫਾਦਰ ਕਿਸੇ ਕੇਸ ਵਿਚ 'ਇਨਵਾਲਵ' ਹੋ ਗਏ ਸਨ ਬੇਸ਼ੱਕ ਬਾਅਦ ਵਿਚ ਬਰੀ ਹੋ ਗਏ ਸਨ ਪਰ ਉਹ ਛੇ ਮਹੀਨੇ ਬੜੇ ਔਖੇ ਸਨ। ਮੈਂ ਉਦੋਂ 6-7 ਸਾਲ ਦਾ ਹੋਵਾਂਗਾ ਤੇ ਮੈਂ ਚਾਹ ਦੀ ਦੁਕਾਨ ਉਪਰ ਭਾਂਡੇ ਧੋਂਦਾ ਹੁੰਦਾ ਸੀ। ਮੈਨੂੰ ਯਾਦ ਹੈ ਕਿ ਉਸੇ ਸਿਲਸਿਲੇ ਵਿਚ ਮਾਂ ਮੈਨੂੰ ਨਾਲ ਲੈ ਕੇ ਜੱਜ ਦੇ ਘਰ ਗਈ ਕਿ ਦੇਖੋ ਮੇਰੇ ਛੋਟੇ ਛੋਟੇ ਬੱਚੇ ਹਨ। ਮੈਨੂੰ ਯਾਦ ਹੈ ਕਿ ਮੈਂ ਮਾਂ ਦਾ ਦੁਪੱਟਾ ਖਿੱਚ ਕੇ ਕਿਹਾ ਕਿ ਮਾਂ ਮੈਨੂੰ ਭੁੱਖ ਲੱਗੀ ਹੈ। ਜੱਜ ਦੀ ਜਨਾਨੀ ਦੋ ਰੋਟੀਆਂ ਤੇ ਗੁੜ ਦੀ ਰੋੜੀ ਲੈਕੇ ਆ ਗਈ। ਸੋ ਇਹੋ ਜਿਹੇ ਇਮੇਜਜ਼ (ਦ੍ਰਿਸ਼ਾਂ) ਨੇ ਅੰਦਰ ਸੋਚ ਪੈਦਾ ਕੀਤੀ। ਬਾਅਦ ਵਿਚ ਮੈਂ ਦੋਸਤਾਂ ਕੋਲੋਂ ਬਹੁਤ ਕੁਝ ਸਿੱਖਿਆ। ਮੈਨੂੰ ਬਹੁਤ ਚੰਗੇ ਦੋਸਤ ਮਿਲੇ ਹਨ। ਪਟਿਆਲੇ ਵਿਚ ਵੀ ਤੇ ਬਾਹਰ ਵੀ। ਫਿਰ ਟਿਵਾਣਾ ਸਾਹਿਬ ਨਾਲ ਇਹੋ ਜਿਹੇ ਪਲੇਅ ਕੀਤੇ ਜਿਵੇਂ 'ਰੱਤਾ ਸਾਲੂ', 'ਅਧੂਰੇ ਸੁਪਨੇ,' 'ਚਮਕੌਰ ਦੀ ਗੜ੍ਹੀ,' ਆਦਿ। ਇਨ੍ਹਾਂ ਚੀਜ਼ਾਂ ਨਾਲ ਸੋਚ ਵਧਦੀ ਗਈ।

ਵਕੀਲ ਜਿਹੜੇ ਤੁਹਾਡੀ ਸਭਿਅਤਾ ਅਤੇ ਬੋਲੀ ਜਾਣਦੇ ਹਨ

## DOSANJH & COMPANY

## ਉੱਜਲ ਦੁਸਾਂਝ ਅਤੇ ਟੌਮ ਵੂਲੀ

202-5887 ਵਿਕਟੋਰੀਆ ਡਰਾਈਵ
ਵੈਨਕੂਵਰ, ਬੀ.ਸੀ.

* ਆਈ. ਸੀ. ਬੀ. ਸੀ.
( ਕਾਰ ਐਕਸੀਡੈਂਟ ਦੇ ਕਲੇਮ ਪ੍ਰਤੀਸ਼ਤ ਫੀਸ)
* ਡਾਇਵੋਰਸ ਤੇ ਫੈਮਲੀ ਦੇ ਕੇਸ
* ਇਮੀਗਰੇਸ਼ਨ ਦੀਆਂ ਅਪੀਲਾਂ
* ਸੁਪਰੀਮ ਕੋਰਟ ਸਿਵਲ ਟਰਾਇਲਾਂ।

ਇਸ ਤਰ੍ਹਾਂ ਦੇ ਕੇਸਾਂ ਦਾ ਸਾਡਾ 12 ਸਾਲਾਂ ਦਾ ਤਜਰਬਾ ਹੈ।

ਮੁੱਢਲੀ ਸਲਾਹ ਮੁਫਤ
ਅਪਾਇੰਟਮੈਂਟ ਲਈ ਫੋਨ ਕਰੋ।

**ਫੋਨ: 327-6381**

## BUYING OR SELLING

### Residential, Farms, Lots

### Always Remember To Call Your Friendly Realtor

Kuldip (Kal) Rangi
Ph.: Res. 278-8320
Bus. 322-3272



amex

**AMEX INTERNATIONAL REALTY CORP.**
200-6325 Fraser St. Vancouver B.C. V5W 3A3

## ਸਤਲੁੱਜ ਫੈਸ਼ਨਜ਼

9332 - 120 St. Surrey, B.C.

ਫੋਨ : 589 - 6161

ਹਰ ਮੌਕੇ ਲਈ ਹਰ ਤਰ੍ਹਾਂ ਦਾ ਕਪੜਾ ਮਿਲ ਸਕਦਾ ਹੈ। ਵਾਜਬ ਕੀਮਤਾਂ। ਅੱਜ ਹੀ ਆ ਕੇ ਦਰਸ਼ਨ ਦਿਓ।

## LOWEST FARES TO:

ਲੰਡਨ, ਦਿੱਲੀ, ਬੰਬਈ, ਮਦਰਾਸ, ਕਰਾਚੀ, ਇਸਲਾਮਾਬਾਦ, ਕੋਲੰਬੋ, ਢਾਕਾ, ਨੈਰੋਬੀ, ਦਾਰਾਸਲਮ, ਟਰਾਂਟੋ ਤੇ ਸਾਨਫਰਾਂਸਿਸਕੋ ਜਾਂ ਦੁਨੀਆਂ ਦੇ ਕਿਸੇ ਵੀ ਹਿੱਸੇ ਲਈ:

## ਘੱਟ ਤੋਂ ਘੱਟ ਕਿਰਾਏ

Professional Travel Agents for 37 years
Complete Travel arrangements for business or pleasure

**Authorized Agents for:**
**Air Canada, British Airways, Canadian, Cathay Pacific, Thai Airways Int., KLM and other major airlines.**

**BAINS** INTERNATIONAL TRAVEL
6364 FRASER STREET, VANCOUVER, B.C.
TEL.: 324-2277
OFFICES ALSO IN VICTORIA AND NORTH VANCOUVER

## MOTI RAJA

### CURRY IN HURRY FOODS INC.

Serving Indian & Canadian Cuisine Since 1975
Complete Wedding Banquet Centre

M·R
MOTI RAJA

8246 FRASER
VANCOUVER, B.C. V5X 3X6

Ph.: 325-5014
Fax.: 321- 3223

City Kitchen
Ph.: 322-2489

**ਸਵਾਲ: ਕੀ ਇਸ ਸਮੇਂ ਦੌਰਾਨ ਤੁਸੀ ਸਾਹਿਤ ਵੀ ਪੜ੍ਹਦੇ ਰਹੇ?**

**ਜਵਾਬ:** 'ਫਰੈਕਲੀ' ਮੈਂ ਸਾਹਿਤ ਜ਼ਿਆਦਾ ਨਹੀਂ ਪੜ੍ਹਿਆ, ਪਰ ਮੈਂ ਲੋਕਾਂ ਕੋਲੋਂ ਸੁਣਦਾ ਰਿਹਾਂ। ਉਨ੍ਹਾਂ ਲੋਕਾਂ ਵਿਚ ਬੈਠਦਾ ਰਿਹਾਂ ਹਾਂ ਜੋ ਸਾਹਿਤ ਪੜ੍ਹਦੇ ਸੀ। ਐਨ. ਐਸ. ਡੀ. ਵੇਲੇ ਮੈਂ ਥੋੜ੍ਹਾ ਜਿਹਾ ਪੜ੍ਹਿਆ। ਬਾਕੀ ਮੈਗਜ਼ੀਨ ਆਰਟੀਕਲ ਵਗੈਰਾ ਪੜ੍ਹਦਾ ਰਿਹਾਂ ਪਰ ਗੰਭੀਰ ਰੂਪ ਵਿਚ ਸਾਹਿਤ ਪੜ੍ਹਨ ਦੀ ਘਾਟ ਅਜੇ ਵੀ ਮਹਿਸੂਸ ਹੁੰਦੀ ਹੈ।

**ਸਵਾਲ: ਪਟਿਆਲੇ ਤੋਂ ਲੈਕੇ ਦਿੱਲੀ ਤੇ ਬਾਅਦ ਵਿਚ ਵੀ ਸਾਰੀਆਂ ਮੁਸ਼ਕਿਲਾਂ ਨਾਲ ਲੜ੍ਹਨ ਦੀ ਸ਼ਕਤੀ ਕਿੱਥੋਂ ਮਿਲਦੀ ਰਹੀ ਹੈ? ਕਿਹੜੀ ਚੀਜ਼ ਨੇ ਐਨੀਆਂ ਔਖਿਆਈਆਂ ਦੇ ਬਾਵਜੂਦ ਚਲਦੇ ਰਖਿਆ?**

**ਜਵਾਬ:** ਮੈਨੂੰ ਲੱਗਦਾ ਕਿ ਸ਼ਕਤੀ ਤਾਂ ਗਲੀਆਂ ਵਿਚੋਂ ਹੀ ਮਿਲੀ ਹੋਊ। ਬਾਕੀ ਬੰਦਿਆਂ ਨੂੰ ਦੇਖ ਕੇ ਕਿ ਜਿਹੜੇ ਬੰਦੇ ਸਾਥੋਂ ਵੀ ਥੱਲੇ ਆ। ਉਹ ਵੀ ਕਿਸੇ ਤਰ੍ਹਾਂ ਜਿਉਂਦੇ ਹਸਦੇ ਹਨ ਤੇ ਉੱਪਰ ਉੱਠਣ ਦੀ ਕੋਸ਼ਿਸ਼ ਕਰਦੇ ਹਨ। ਇਸੇ ਚੀਜ਼ ਨੇ ਮੈਨੂੰ ਧੀਰਜ ਦਿੱਤਾ। ਦਿਮਾਗ ਵਿਚ ਕਦੀ ਇਹ ਨਹੀ ਸੀ ਕਿ ਫਲਾਨੇ ਨੇ ਚੰਗਾ ਭੱਗਾ ਪਾਇਆ ਹੈ ਜਾਂ ਉਸ ਕੋਲ ਵਧੀਆ ਸਾਈਕਲ ਜਾਂ ਸਕੂਟਰ ਹੈ, ਮੇਰੇ ਕੋਲ ਵੀ ਹੋਣਾ ਚਾਹੀਦਾ। ਅਜਿਹਾ ਕਦੀ ਦਿਮਾਗ ਵਿਚ ਨਹੀ ਆਇਆ। ਲੋੜਾਂ ਘੱਟ ਸਨ। ਸ਼ਾਇਦ ਇਹ ਸਬਰ ਹੀ ਮੇਰੇ ਕੰਮ ਆਇਆ।



**ਸਵਾਲ: ਬੰਬਈ ਵਿਚ ਫਿਲਮਾਂ 'ਚ ਜਾਣ ਤੋਂ ਪਹਿਲਾਂ ਕਿਸ ਕਿਸਮ ਦੇ ਡਰਾਮੇ ਕਰਦੇ ਰਹੇ?**

**ਜਵਾਬ:** ਦੇਸ਼ ਪਾਂਡੇ ਦਾ ਇਕ ਪਲੇਅ ਕੀਤਾ। ਉਹ ਕਾਮਰੇਡ ਨੇ। ਕਈ ਵਾਰੀ ਚੀਨ ਵੀ ਗਏ ਹਨ। ਸਾਡਾ ਛੇ ਸੌ ਰੁਪਏ ਦਾ ਬੱਜਟ ਸੀ। ਕਿਸੇ ਨੇ ਸੌ ਦੇ ਦਿੱਤਾ, ਦੀਨਾ ਪਾਠਕ ਨੇ 200 ਦਿੱਤੇ, ਨਸੀਰ ਨੇ 200 ਦਿੱਤਾ। ਫਿਰ ਪ੍ਰੈਸ ਨੇ ਸਾਨੂੰ ਬਹੁਤ ਸਲਾਹਿਆ। ਫਿਰ ਬਾਕੀ ਬੰਦੇ ਵੀ ਆਕੇ ਪਲੇਅ ਦੇਖਣ ਲੱਗੇ ਜਿਵੇਂ ਜਾਵੇਦ ਅਖਤਰ ਵਗੈਰਾ। ਸੋ ਸਾਨੂੰ ਇਕ ਤਸੱਲੀ ਜਿਹੀ ਮਿਲੀ। ਬਾਸੂ ਭੱਟਾਚਾਰੀਆ ਕੋਲ ਇਕ ਜਗਾਹ ਵਿਹਲੀ ਪਈ ਸੀ ਉਸਨੇ ਉਹ ਸਾਨੂੰ ਰੀਹਰਸਲ ਕਰਨ ਲਈ ਦੇ ਦਿੱਤੀ ਨਹੀਂ ਤਾਂ ਅਸੀਂ ਬੀਚ ਉਪਰ ਰੀਹਰਸਲ ਕਰਦੇ ਸੀ ਜਾਂ ਡਰਾਮੇ ਵਿਚਲੇ ਕਿਸੇ ਐਕਟਰ ਦੇ ਘਰ ਕਰ ਲੈਣੀ। ਇਕ ਐਕਟਰ ਹਸਪਤਾਲ ਵਿਚ ਪੜ੍ਹਦਾ ਸੀ ਤੇ ਸਟੂਡੈਂਟ ਯੂਨੀਅਨ ਦਾ ਪ੍ਰੈਜ਼ੀਡੈਂਟ ਸੀ। ਸੋ ਕਦੀ ਉਸਨੇ ਰੀਹਰਸਲ ਸਟੂਡੈਂਟ ਯੂਨੀਅਨ ਦੇ ਹਾਲ ਵਿਚ ਕਰਵਾ ਦੇਣੀ। ਇਕ ਵਾਰੀ ਬੀਚ ਤੇ ਰੀਹਰਸਲ ਕਰਦੇ ਸੀ ਤਾਂ ਮੀਂਹ ਆ ਗਿਆ ਤਾਂ ਅਸੀਂ ਰੈਸਟੋਰੈਂਟ ਵਿਚ ਵੜ ਗਏ। ਚਾਹ ਦਾ ਆਰਡਰ ਦੇ ਕੇ ਪਲੇਅ ਦੀਆਂ ਲਾਈਨਾਂ ਪੜ੍ਹਨ ਲੱਗ ਪਏ। ਜਦ ਨੂੰ ਚਾਹ ਖਤਮ ਹੋ ਗਈ। ਰੈਸਟੋਰੈਂਟ ਵਿਚ ਭੀੜ ਹੋਣ ਕਰਕੇ ਉੱਠਣਾ ਪੈਣਾ ਸੀ। ਅਸੀ ਇਕ ਇਕ ਚਾਹ ਦਾ ਹੋਰ ਆਰਡਰ ਦੇ ਦਿੱਤਾ। ਇਸ ਤਰ੍ਹਾਂ ਪੂਰੀ ਰੀਹਰਸਲ ਕਰਨ ਲਈ ਤਿੰਨ ਤਿੰਨ ਚਾਹਾਂ ਪੀਣੀਆਂ ਪਈਆਂ।

**ਸਵਾਲ: ਉਸ ਸਮੇਂ ਡਰਾਮੇ ਵਿਚ ਤੁਹਾਡੇ ਨਾਲ ਹੋਰ ਕਿਹੜੇ ਐਕਟਰ ਸਨ?**

**ਜਵਾਬ:** ਸ਼ੁਰੂ ਵਿਚ ਮੈਂ ਸੀ, ਰੋਹਿਨੀ ਹਤਾਂਗੜੀ ਸੀ, ਮਦਨ ਜੈਨ ਸੀ। ਇਸ ਤੋਂ ਇਲਾਵਾ ਬੰਬੇ ਵਿਚ ਐਕਟਰ ਸਟੂਡੀਓ ਹੁੰਦਾ ਸੀ ਜਿੱਥੇ ਮੈਂ ਨੌਕਰੀ ਵੀ ਕੀਤੀ। ਉਸ ਵਿਚੋਂ ਫਜ਼ਲ ਖਾਨ, ਅਨਿਲ ਕਪੂਰ, ਸੁਰਿੰਦਰ ਗੌਤਮ (ਮਹਾਂਭਾਰਤ ਵਾਲਾ) ਆਦਿ ਸਾਡੇ ਨਾਲ ਸਨ। ਨਸੀਰ ਵੀ ਸਾਡੇ ਨਾਲ ਹੁੰਦਾ ਸੀ ਤੇ ਉਸਦੀ ਪਤਨੀ ਰਤਨਾ ਵੀ। ਨਸੀਰ ਨੂੰ ਤਾਂ ਵੈਸੇ ਇੰਸਟੀਚਿਊਟ ਦੌਰਾਨ ਹੀ ਨਿਸ਼ਾਂਤ ਫਿਲਮ ਮਿਲ ਗਈ ਸੀ। ਸੋ ਉਸ ਹਿਸਾਬ ਨਾਲ ਨਸੀਰ ਮੇਰੇ ਤੋਂ ਥੋੜ੍ਹਾ ਜਿਹਾ ਸੌਖ ਨਾਲ ਉੱਪਰ ਆਇਆ। ਪਹਿਲੀਆਂ ਚਾਰ ਫਿਲਮਾਂ ਉਸਨੇ ਸ਼ਿਆਮ ਬੈਨੇਗਲ ਨਾਲ ਹੀ ਕੀਤੀਆਂ ਹਨ।

**ਸਵਾਲ: ਜਿਹੜਾ ਥਿਏਟਰ ਤੁਸੀ ਬੰਬਈ ਵਿਚ ਕਰਦੇ ਸੀ ਕੀ ਉਹ ਰੋਟੀ ਜਿਤਨੇ ਪੈਸੇ ਦੇ ਦਿੰਦਾ ਸੀ?**

**ਜਵਾਬ:** ਪੈਸੇ ਥਿਏਟਰ ਤੋਂ ਨਹੀ ਸਨ ਮਿਲਦੇ, ਉਹ ਤਾਂ ਮੈਂ ਨੌਕਰੀ ਕਰਦਾ ਸੀ। ਇਸਨੂੰ ਸਿਆਣਪ ਕਹੋ ਜਾਂ ਕਿਵੇਂ ਵੀ, ਬੰਬੇ ਆਕੇ ਮੈਂ ਆਪਣੇ ਆਪ ਨੂੰ ਕਿਹਾ "ਓਮ ਪੁਰੀ, ਉਹ ਪੰਜ ਸਾਲਾਂ ਦੀ ਟ੍ਰੇਨਿੰਗ ਨੂੰ ਪਰੇ ਰੱਖ।" ਭਾਵ ਮੇਰੇ ਵਿਚ ਈਗੋ ਨਹੀ ਸੀ। ਮੈਂ ਟਾਈਪ ਕਰਨ ਦੀ ਨੌਕਰੀ ਕਰਨ ਨੂੰ ਤਿਆਰ ਸੀ ਜਿਸ ਵਿਚੋਂ ਛੇ ਸੱਤ ਸੌ ਮਹੀਨਾ ਦੀ ਆਮਦਨੀ ਹੋਵੇ। ਉਦੋਂ ਮੈਂ ਦਾਰੂ ਨਹੀ ਸੀ ਪੀਦਾ, ਸਿਗਰਟ ਨਹੀ ਸੀ ਪੀਦਾ ਜ਼ਿਆਦਾ। ਕਦੀ ਡੱਬੀ ਨਹੀ ਸੀ ਖਰੀਦੀ, ਸਿਰਫ ਇਕ ਜਾਂ ਦੋ ਸਿਗਰਟ ਖਰੀਦ ਲੈਣੇ। ਸੋ ਐਕਟਰ ਸਟੂਡੀਓ ਵਿਚ ਨੌਕਰੀ ਕੀਤੀ ਪੜ੍ਹਾਉਣ ਦੀ।

**ਸਵਾਲ: ਕਦੀ ਮਨ ਵਿਚ ਸ਼ਿਕਾਇਤ ਨਹੀ ਸੀ ਉਭਰੀ ਕਿ ਮੈਂ ਪੰਜ ਸਾਲ ਐਕਟਿੰਗ ਦੀ ਟ੍ਰੇਨਿੰਗ ਕੀਤੀ ਹੈ। ਫਿਰ ਮੈਂ ਇਹ ਕੀ ਕਰ ਰਿਹਾਂ?**

**ਜਵਾਬ:** ਸ਼ਿਕਾਇਤ ਤਾਂ ਵਿਚ ਵਿਚ ਉਭਰਦੀ ਰਹਿੰਦੀ ਹੈ ਜਦੋਂ ਦਾ ਮੈਂ ਜੰਮਿਆਂ। ਪਰ ਸ਼ਿਕਾਇਤ ਦਾ ਕੈਥਾਰਸਿਸ ਹੋ ਜਾਂਦਾ ਰਿਹਾ। ਹਮੇਸ਼ਾ ਮੈਨੂੰ ਕਿਤੇ ਨਾ ਕਿਤੇ ਸ਼ਾਂਤੀ ਮਿਲ ਜਾਂਦੀ ਸੀ। ਪਟਿਆਲੇ ਪੜ੍ਹਦਾ ਮੈਂ ਗੁਰਦਵਾਰੇ ਚਲਾ ਜਾਂਦਾ ਸੀ। ਉਥੇ ਬੈਠ ਕੇ ਮੈਨੂੰ ਚੰਗਾ ਲੱਗਦਾ ਭਾਵੇਂ 'ਰਿਚਿਉਲਿਸਟਕ' ਢੰਗ ਦੇ ਪੂਜਾ ਪਾਠ ਵਿਚ ਮੇਰਾ ਯਕੀਨ ਨਹੀ ਸੀ। ਇਸੇ ਤਰ੍ਹਾਂ ਬੰਬੇ ਕਦੀ ਕਦੀ ਮੈਂ ਚਰਚ ਚਲਾ ਜਾਂਦਾ ਕਿਉਂਕਿ ਉਹ ਨੇੜੇ ਸੀ। ਸੋਚ ਆਪਣੇ ਬਾਰੇ ਹੀ ਰਿਹਾ ਹੁੰਦਾ ਪਰ ਉਥੋਂ ਦੀ ਸ਼ਾਂਤੀ ਨਾਲ ਮਨ ਜ਼ਰਾ ਹੌਲਾ ਹੋ ਜਾਂਦਾ। ਜਾਂ ਫਿਰ ਕਦੀ ਘੁੰਮਣ

ਚਲਾ ਗਿਆ ਸਮੁੰਦਰ ਦੇ ਕਿਨਾਰੇ। ਸੋ ਇਸ ਤਰ੍ਹਾਂ ਇਕ ਕੈਥਾਰਸਿਸ ਹੋ ਜਾਂਦਾ ਸੀ। ਭਾਵ ਉਸ ਗਮ ਨੂੰ 'ਚੈਨਲਾਈਜ' ਕਰਨ ਦਾ ਰਾਹ ਮਿਲਦਾ ਰਿਹਾ।

**ਸਵਾਲ: ਆਕਰੋਸ਼ ਤੋਂ ਬਾਅਦ ਕਿਵੇਂ ਫਿਲਮਾਂ ਮਿਲੀਆਂ, ਇਕ ਦਮ ਜਾਂ ਹੌਲੀ ਹੌਲੀ?**

**ਜਵਾਬ:** ਆਕਰੋਸ਼ ਤੋਂ ਪਹਿਲਾਂ ਮੈਂ 30–35 ਫਿਲਮਾਂ ਕਰ ਚੁੱਕਿਆ ਸੀ। ਪਰ ਫਿਰ ਵੀ ਮੈਂ ਰਹਿੰਦਾ ਕਿਰਾਏ ਉਪਰ ਸੀ, ਮੇਰੇ ਫਾਦਰ ਨਾਲ ਸਨ। ਅਸੀਂ ਇੱਕਠੇ ਰਹਿੰਦੇ ਸੀ 600 ਰੁਪਏ ਮਹੀਨਾ ਕਿਰਾਏ ਉਪਰ। ਅਰਧ ਸੱਤਿਆ ਕਾਮਯਾਬ ਹੋਣ ਤੋਂ ਬਾਅਦ ਦੋ ਸਾਲਾਂ ਦੇ ਅੰਦਰ ਅੰਦਰ ਮੈਂ ਅਪਣਾ ਘਰ ਲੈ ਲਿਆ। ਭਾਵ ਐਨਾ ਫਰਕ ਪਿਆ। ਅਰਧ ਸੱਤਿਆ ਤੋਂ ਪਹਿਲਾਂ 40 ਫਿਲਮਾਂ ਕਰਕੇ ਵੀ ਮੈਂ ਆਪਣਾ ਘਰ ਨਹੀਂ ਲੈ ਸਕਦਾ ਸੀ। ਬਾਅਦ ਵਿਚ ਮਿਕਸ ਕਿਸਮ ਦੀਆਂ ਫਿਲਮਾਂ ਮਿਲੀਆਂ ਜੋ ਐਨੀਆਂ ਕਮਰਸ਼ੀਅਲ ਵੀ ਨਹੀਂ ਸੀ ਤੇ ਐਨੀਆਂ ਆਰਟ ਕਿਸਮ ਦੀਆਂ ਵੀ ਨਹੀਂ, ਜਿਵੇਂ ਪੱਥਰ, ਨਾਸੂਰ। ਉਨ੍ਹਾਂ ਫਿਲਮਾਂ ਤੋਂ ਮੈਨੂੰ ਘਰ ਲੈਣ ਜੋਗੇ ਪੈਸੇ ਮਿਲ ਗਏ। ਮੇਰਾ ਰਵੱਈਆ ਇਹ ਰਿਹਾ ਕਿ ਜਦੋਂ ਕੋਈ ਚੰਗੀ ਫਿਲਮ 'ਚ ਮੈਂ ਕੰਮ ਕਰ ਰਿਹਾਂ – ਜਿਵੇਂ ਜਦੋਂ ਤਮਸ ਬਣ ਰਹੀ ਹੈ – ਤਾਂ ਮੈਂ ਦੂਸਰੀ ਫਿਲਮ ਨਹੀਂ ਕਰੂੰਗਾ। ਇਸੇ ਤਰ੍ਹਾਂ ਡਿਸਕਵਰੀ ਆਫ ਇੰਡੀਆ ਦੇ ਡੇਢ ਸਾਲ ਦੇ ਦੌਰਾਨ ਮੈਂ ਸ਼ਿਆਮ ਬੈਨੇਗਲ ਨਾਲ ਰਿਹਾ। ਵਿਚ ਵਿਚ ਇਕ ਮਹੀਨੇ ਵਿਚ ਇਕ ਹਫਤਾ ਮੈਂ 'ਕਾਕਾ ਜੀ' ਵਾਲਾ ਸੀਰੀਅਲ ਕੀਤਾ। ਪਰ ਹੋਰ ਕੋਈ ਕਮਰਸ਼ੀਅਲ ਫਿਲਮ ਨਹੀਂ ਕੀਤੀ ਉਸ ਦੇ ਦੌਰਾਨ।

> ਹੁਣ ਕਮਰਸ਼ੀਅਲ ਸਿਨਮੇ ਵਾਲੇ ਥਿਏਟਰ ਦੀ ਕਾਫੀ ਇੱਜਤ ਕਰਨ ਲੱਗ ਪਏ ਹਨ। ਹੁਣ ਨੈਸ਼ਨਲ ਸਕੂਲ ਆਫ ਡਰਾਮਾ ਤੋਂ ਆਉਣ ਵਾਲੇ ਬੰਦੇ ਦੀ ਕਦਰ ਕਰਦੇ ਹਨ। ਪਹਿਲਾਂ ਕਿਸੇ ਨੇ ਉਸਦਾ ਨਾਮ ਵੀ ਨਹੀਂ ਸੀ ਸੁਣਿਆ।

**ਸਵਾਲ: ਇਹਦੇ ਨਾਲ ਕੋਈ ਫਰਕ ਤਾਂ ਨਹੀ ਪੈਦਾ ਕਿ ਇਕ ਵਾਰੀ ਜੇ ਤੁਸੀ ਵਿਦਡਰਾਅ ਕਰ ਲਉ ਤਾਂ ਬਾਅਦ ਵਿਚ ਤੁਹਾਨੂੰ ਮੁਸ਼ਕਿਲ ਆਵੇ ਹੋਰ ਫਿਲਮਾਂ ਪ੍ਰਾਪਤ ਕਰਨ ਦੀ?**

**ਜਵਾਬ:** ਨਹੀਂ ਇਸ ਮੁਆਮਲੇ ਵਿਚ ਮੇਰਾ ਰਵੱਈਆ ਬਹੁਤ 'ਐਰੋਗੈਂਟ' (ਸਵੈਮਾਨੀ) ਕਿਸਮ ਦਾ ਹੈ। ਮੈਂ ਕਹਿੰਦਾ ਹਾਂ ਕਿ ਸਾਲੇ ਮੈਨੂੰ ਲੈਣਗੇ ਤਾਂਹੀ ਜੇ ਉਨ੍ਹਾਂ ਨੂੰ ਮੇਰੀ ਲੋੜ ਹੋਵੇਗੀ ਨਹੀਂ ਤਾਂ ਕਮਰਸ਼ੀਅਲ ਸਿਨਮੇ ਵਾਲੇ ਸਾਨੂੰ ਕਿਉਂ ਲੈਣਗੇ। ਸੋ ਇਹ ਮੇਰੀ ਉਨ੍ਹਾਂ ਪ੍ਰਤੀ ਥੋੜ੍ਹੀ ਜਿਹੀ ਆਕੜ ਹੈ। ਲੋੜ ਤਾਂ ਉਨ੍ਹਾਂ ਨੂੰ ਰਹਿੰਦੀ ਹੈ ਕਿਉਂਕਿ ਵਿਚ ਵਿਚ ਕਈ ਰੋਲ ਐਸੇ ਹੁੰਦੇ ਹਨ ਜੋ ਚਿਕਨੇ ਚਿਹਰੇ ਦੇ ਕਰਨ ਵਾਲੇ ਨਹੀਂ ਹੁੰਦੇ। ਉਸ ਵਿਚ ਕੰਮ ਕਰਨ ਵਾਲੇ ਬੰਦੇ ਦੀ ਲੋੜ ਹੰਦੀ ਹੈ ਜੋ ਐਕਟਿੰਗ ਕਰ ਸਕਦਾ ਹੋਵੇ। ਜਿਵੇਂ ਹੁਣ ਪਿਛਲੇ ਤਿੰਨ ਕੁ ਸਾਲ ਤੋਂ ਇਹ ਟ੍ਰੈਂਡ ਹੈ ਕਿ ਫਿਲਮਾਂ ਦਾ ਬੱਜਟ ਘੱਟ ਰੱਖਦੇ ਹਨ ਕਿਉਂਕਿ ਰੀਟਰਨ ਜ਼ਿਆਦਾ ਨਹੀਂ ਹੁੰਦੀ। ਸੋ ਉਹ ਨਵੇਂ ਮੁੰਡੇ ਕੁੜੀਆਂ ਲੱਭਦੇ ਰਹਿੰਦੇ ਹਨ, ਜਿਹਨਾਂ ਨੂੰ ਪੈਸੇ ਨਾਂ ਦੇਣੇ ਪੈਣ। ਵਿਚ ਇਕ ਅੱਧਾ ਕਰੈਕਟਰ ਐਕਟਰ ਲੈ ਲੈਂਦੇ ਹਨ ਜਿਵੇਂ ਅਨੁਪਮ ਖੇਰ ਜਾਂ ਗੁਲਸ਼ਨ ਗਰੋਵਰ ਜਾਂ ਓਮ ਪੁਰੀ ਜਾਂ ਨਸੀਰ। ਸੋ ਇਸ ਤਰ੍ਹਾਂ ਬੈਲੇਂਸ ਜਿਹਾ ਬਣਾ ਲੈਂਦੇ ਹਨ ਕਿ ਨਵਾਂ ਮੁੰਡਾ ਕੁੜੀ ਤੇ ਵਿਚ ਇਕ ਦੋ ਚੰਗੇ ਕਰੈਕਟਰ ਐਕਟਰ ਜੋ ਕਹਾਣੀ ਚੁੱਕ ਕੇ ਤੁਰਨ। ਸੋ ਹੁਣ ਇਹ ਕਨਸੈਪਟ ਚਲ ਰਿਹਾ ਹੈ।

**ਸਵਾਲ: ਬਹੁਤੇ ਲੋਕ ਇੰਡਸਟਰੀ ਦੇ ਮਿੱਥੇ ਹੋਏ ਅਜੰਡੇ ਮੁਤਾਬਕ ਚਲਦੇ ਹਨ ਪਰ ਲਗਦਾ ਹੈ ਕਿ ਤੁਸੀ ਇਕ ਆਪਣਾ ਵਿਅਕਤੀਗਤ ਅਜੰਡਾ ਰੱਖਿਆ ਹੋਇਆ ਹੈ। ਕੀ ਇਹ ਗੱਲ ਠੀਕ ਹੈ?**

**ਜਵਾਬ:** ਹਾਂ ਬਿਲਕੁਲ। ਜਿਸ ਤਰ੍ਹਾਂ ਪਿਛਲੇ ਛੇਆਂ ਮਹੀਨਿਆਂ ਵਿਚ ਮੈਂ 10–12 ਫਿਲਮਾਂ ਨੂੰ ਜੁਆਬ ਦਿੱਤਾ ਹਾਲਾਂਕਿ ਦੋ ਮਹੀਨੇ ਮੈਂ ਵਿਹਲਾ ਬੈਠਾ ਰਿਹਾ ਘਰ, ਸਿਟੀ ਆਫ ਜੁਆਏ ਤੋਂ ਬਾਅਦ। ਵਿਚ 15 ਕੁ ਦਿਨ ਸ਼ਿਆਮ ਬੈਨੇਗਲ ਦੀ ਨਵੀਂ ਫਿਲਮ ਕੀਤੀ, ਪੁਰਸ਼। ਪੰਜ ਮਹੀਨੇ ਸਿਟੀ ਆਫ ਜੁਆਏ ਵਿਚ ਲੱਗ ਗਏ । ਸਿਟੀ ਆਫ ਜੁਆਏ ਤੋਂ ਇਕਦਮ ਪਹਿਲਾਂ ਮੈਂ ਕਰੰਟ ਕੀਤੀ ਸੀ ਜੋ 18 ਦਿਨ ਵਿਚ ਬਣੀ ਕਿਉਂਕਿ ਉਸਦੀ ਲੋਕੇਸ਼ਨ ਬੜੀ ਸੀਮਤ ਸੀ। ਉਹੀ ਘਰ, ਉਹੀ ਖੇਤ। ਉਸਦਾ ਬੱਜਟ ਸੀ ਸਿਰਫ 15 ਲੱਖ।

**ਸਵਾਲ: ਤੁਹਾਨੂੰ ਰੋਲ ਤਿਆਰ ਕਰਨ ਲਈ ਸ਼ੂਟਿੰਗ ਤੋਂ ਪਹਿਲਾ ਕਿਤਨਾ ਕੁ ਟਾਈਮ ਮਿਲਦਾ ਹੈ?**

**ਜਵਾਬ:** ਇਹ ਸਕਰਿਪਟ ਉਪਰ ਨਿਰਭਰ ਕਰਦਾ ਹੈ। ਕੁਝ ਅਜਿਹੇ ਕਿਰਦਾਰ ਹੁੰਦੇ ਹਨ ਜਿਨ੍ਹਾਂ ਨੂੰ ਤੁਸੀਂ ਇਕ ਦਮ ਜਾਣ ਲੈਂਦੇ ਹੋ ਅਤੇ ਕੁੱਝ ਕਿਰਦਾਰ ਅਜਿਹੇ ਹੁੰਦੇ ਹਨ ਜਿਹਨਾਂ ਨੂੰ ਸਮਝਣਾ ਮੁਸ਼ਕਿਲ ਹੁੰਦਾ ਹੈ। ਉਸ ਲਈ ਪੜ੍ਹਨਾ ਪੈਂਦਾ ਹੈ। ਮਿਸਾਲ ਦੇ ਤੌਰ ਤੇ ਜੇਕਰ ਇਥੋਂ ਦੇ ਏਸ਼ੀਅਨ ਲੋਕਾਂ ਬਾਰੇ ਕੋਈ ਗੰਭੀਰ ਫਿਲਮ ਹੋਵੇ ਮੇਰਾ ਮਤਲਬ ਹਿਸਟੌਰੀਕਲ ਫਿਲਮ ਹੋਵੇ ਤਾਂ ਉਸ ਲਈ ਜ਼ਿਆਦਾ ਵਕਤ ਲੱਗੇਗਾ ਉਸ ਕੰਪਲੈਕਸਟੀ ਨੂੰ ਉਭਾਰਨ ਲਈ ਅਰਧ ਸੱਤਿਆ ਵਾਲੇ ਕਿਰਦਾਰ ਦੇ ਮੁਕਾਬਲੇ। ਅਰਧ ਸੱਤਿਆ ਵਿਚ ਸਿਰਫ ਇਕ ਮਿਡਲ ਕਲਾਸ ਦੇ ਈਮਾਨਦਾਰ ਬੰਦੇ ਦੀ ਫਰਸਟ੍ਰੇਸ਼ਨ ਪੇਸ਼ ਕਰਨੀ ਸੀ ਜਿਸ ਤੋਂ ਮੈਂ ਜਾਣੂੰ ਸੀ। ਉਸ ਨੂੰ ਤਿਆਰ ਕਰਨ ਲਈ ਕੋਈ ਔਖ ਨਹੀਂ ਹੋਈ ਸਿਵਾਏ ਮੋਟਰ ਸਾਈਕਲ ਚਲਾਉਣਾ ਸਿੱਖਣ ਤੋਂ, ਜੋ ਮੈਨੂੰ ਪਹਿਲਾਂ ਨਹੀਂ ਸੀ ਆਉਂਦਾ।

**ਸਵਾਲ: ਰੋਲ ਤਿਆਰ ਕਰਨ ਵੇਲੇ ਤੁਸੀ ਕੀ ਕੀ ਦੇਖਦੇ ਹੋ?**

**ਜਵਾਬ:** ਪਹਿਲਾਂ ਤਾਂ ਸਕਰਿਪਟ ਚੰਗੀ ਤਰ੍ਹਾਂ ਚਾਰ ਪੰਜ ਵਾਰੀ ਪੜ੍ਹਦਾ ਹਾਂ। ਫਿਰ ਉਸ ਕਿਰਦਾਰ ਦੀ ਬੈਕਗਰਾਉਂਡ ਬਾਰੇ ਜਾਣਦਾ ਹਾਂ। ਜਿਵੇਂ ਜੋ ਫਿਲਮ ਮੈਂ ਇਥੇ ਕੀਤੀ ਹੈ ਬਰਨਿੰਗ ਸੀਜ਼ਨ ਉਸਦੇ ਕਿਰਦਾਰ ਦੀ ਬੈਕਗਰਾਉਂਡ ਜਾਨਣ ਲਈ ਮੈਂ ਬੰਬਈ ਅਮਰੀਕ ਗਿੱਲ ਨਾਲ ਬੈਠ ਕੇ ਸਲਾਹ ਕੀਤੀ ਕਿ ਇਹ ਬੰਦਾ ਕਿਹੋ ਜਿਹੇ ਮਾਹੌਲ ਵਿਚੋਂ ਕੈਨੇਡਾ ਗਿਆ ਹੋਵੇਗਾ। ਸਾਨੂੰ ਇਹ ਲੱਗਾ ਕਿ ਇਹ ਬੰਦਾ ਜ਼ਿਆਦਾ ਪੜ੍ਹਿਆ ਲਿਖਿਆ ਨਹੀਂ ਗਿਆ ਤੇ ਨਾ ਹੀ ਜਾਣ ਤੋਂ ਪਹਿਲਾਂ ਬਹੁਤੇ ਪੈਸੇ ਵਾਲਾ ਸੀ। ਫਿਰ ਅਮਰੀਕ ਨੇ ਇਕ ਦੋ ਸੀਨ ਲਿਖੇ ਜੋ ਭਾਵੇਂ ਇਸ ਫਿਲਮ ਲਈ ਫਿਲਮਾਏ ਨਾ ਜਾਣ ਪਰ ਫਿਰ ਵੀ ਉਹ ਸੀਨ ਇਸ ਫਿਲਮ ਦੇ ਕਿਰਦਾਰ ਦੀ ਬੈਕਗਰਾਉਂਡ ਸਮਝਣ ਲਈ ਬੜੇ ਫਿੱਟ ਬੈਠਦੇ ਹਨ।

ਬਾਕੀ ਜੇਕਰ ਕੋਈ ਫਿਜੀਕਲ ਕੰਮ ਹੋਵੇ ਉਸਨੂੰ ਕਰਨਾ ਸਿੱਖਦਾ ਹਾਂ। ਜਿਵੇਂ ਫਿਲਮ ਸੁਸਮਨ ਵਿਚ ਬੁਣਨ ਦਾ ਕੰਮ ਸੀ ਤਾਂ ਮੈਂ ਬੁਣਨਾ ਸਿੱਖਿਆ। ਇਸੇ ਤਰ੍ਹਾਂ ਸਿਟੀ ਆਫ ਜੁਆਏ ਲਈ ਮੈਂ ਪਹਿਲਾਂ ਰਿਕਸ਼ਾ ਖਿੱਚਣਾ ਸਿੱਖਿਆ। ਜਿਵੇਂ ਅਸਲੀ ਜ਼ਿੰਦਗੀ ਵਿਚ ਹੁੰਦਾ ਹੈ ਕਿ ਪਾਨ ਬਣਾਉਣ ਵਾਲਾ ਬੰਦਾ ਤੁਹਾਡੇ ਨਾਲ ਗੱਲਾਂ ਵੀ ਕਰੀ ਜਾਂਦਾ ਤੇ ਪਾਨ ਵੀ ਬਣਾਈ ਜਾਂਦਾ, ਪਾਨ ਵੱਲ ਦੇਖਦਾ ਵੀ ਨਹੀਂ। ਜੇਕਰ ਪਾਨ ਬਣਾਉਣ ਦਾ ਸੀਨ ਹੋਵੇ ਤਾਂ ਤੁਹਾਨੂੰ ਇਹ ਨਿਪੁੰਨਤਾ ਆਉਣੀ ਚਾਹੀਦੀ ਹੈ। ਫਿਲਮ ਦਰਸ਼ਕ ਨੂੰ ਇਹ ਲੱਗੇ ਕਿ ਤੁਸੀਂ ਬਹੁਤ ਸਾਲਾਂ ਤੋਂ ਇਹ ਕੰਮ ਕਰਦੇ ਆ ਰਹੇ ਹੋ। ਸੋ ਫਿਜੀਕਲ ਪ੍ਰੈਕਟਿਸ ਹੋਣੀ ਬਹੁਤ ਜ਼ਰੂਰੀ ਹੈ।

**ਸਵਾਲ: ਤੁਸੀਂ ਸਿਟੀ ਆਫ ਜੁਆਏ ਵਿਚ ਦੇਸ਼ੀ ਅਤੇ ਵਿਦੇਸ਼ੀ ਦੋਹਾਂ ਕਰੂਜ਼ (ਕੰਮ ਕਰਨ ਵਾਲੀਆਂ ਟੋਲੀਆਂ) ਨਾਲ ਕੰਮ ਕੀਤਾ ਹੈ। ਉਨ੍ਹਾਂ ਵਿਚਕਾਰ ਕੀ ਕੀ ਫਰਕ ਜਾਂ ਸਮਾਨਤਾਵਾਂ ਨਜ਼ਰ ਆਈਆਂ?**

**ਜਵਾਬ:** ਸਿਟੀ ਆਫ ਜੁਆਏ ਬਹੁਤ ਮਿਹਨਤ ਨਾਲ ਬਣੀ ਹੈ, ਫਿਲਮ ਸ਼ੁਰੂ ਹੋਣ ਤੋਂ ਪਹਿਲਾਂ ਸਕਰਿਪਟ ਪੂਰੀ ਤਿਆਰ ਸੀ। ਇਸੇ ਤਰ੍ਹਾਂ ਡਾਇਰੈਕਟਰ ਗੋਬਿੰਦ ਨਿਹਾਲਨੀ ਦੀਆਂ ਫਿਲਮਾਂ ਦੀ ਵੀ ਪੂਰੀ ਸਕਰਿਪਟ ਤਿਆਰ ਹੁੰਦੀ ਹੈ। ਸਾਡੇ ਕੋਲ ਇਧਰ ਦੇ ਮੁਕਾਬਲੇ ਰੀਸੋਰਸਜ਼ (ਸਾਧਨ) ਘੱਟ ਹੁੰਦੇ ਹਨ, ਇਕਉਪਮੈਂਟ (ਸਾਜ਼ੋ ਸਮਾਨ) ਆਦਿ ਦੇ ਹਿਸਾਬ ਨਾਲ ਤੇ ਰਹਿਣ ਸਹਿਣ ਤੇ ਖਾਣ ਪੀਣ ਦੀਆਂ ਸਹੂਲਤਾਂ ਆਦਿ। ਹਾਲਾਂਕਿ ਖਾਣ ਪੀਣ ਜਾਂ ਰਹਿਣ ਸਹਿਣ ਨੂੰ ਮੈਂ ਜ਼ਿਆਦਾ ਅਹਿਮੀਅਤ ਨਹੀਂ ਦਿੰਦਾ।

ਬੇਸਿਕ ਫਰਕ ਇਹ ਹੈ ਕਿ ਜੇਕਰ ਵਿਦੇਸ਼ੀ ਕਰੂਜ਼ (ਕੰਮ ਕਰਨ ਵਾਲੀਆਂ ਟੋਲੀਆਂ) ਕੋਲ ਸਾਜ਼ੋ ਸਮਾਨ ਪੂਰਾ ਨਾ ਹੋਵੇ ਤਾਂ ਉਹ ਸਟੱਕ (ਅੜ) ਹੋ ਜਾਂਦੇ ਹਨ ਪਰ ਸਾਡੇ ਕੰਮ ਕਰਨ ਵਾਲੇ ਕੋਈ ਨਾ ਕੋਈ ਵਿਉਂਤ ਲੱਭ ਲੈਂਦੇ ਹਨ। ਮਿਸਾਲ ਦੇ ਤੌਰ ਜੇ ਸਾਡੇ ਕੋਲ ਡੌਲੀ ਨਹੀਂ। ਤਾਂ ਸਾਡੇ ਕੰਮ ਕਰਨ ਵਾਲੇ ਹਸਪਤਾਲ ਦੀ ਵੀਲ੍ਹ ਚੇਅਰ ਨਾਲ ਕੰਮ ਸਾਰ ਲੈਣਗੇ। ਇਸ ਤਰ੍ਹਾਂ ਉਹਨਾਂ ਕੀਤਾ ਹੈ। ਕੈਮਰਾ ਮੈਨ ਉਸਦੇ ਉਪਰ ਬੈਠ ਜਾਂਦਾ ਹੈ। ਇਸੇ ਤਰ੍ਹਾਂ ਕਰੇਨ ਦੀ ਥਾਂ ਕੰਮ ਸਾਰਨ ਲਈ ਪੁਲੀ ਨਾਲ ਰੱਸੇ ਦੀ ਵਰਤੋਂ ਕਰਕੇ ਕੰਮ ਚਲਾ ਲਿਆ ਜਾਂਦਾ ਹੈ। ਝੂਲਾ ਜਿਹਾ ਬਣਾ ਕੇ ਕੈਮਰਾ ਮੈਨ ਕੈਮਰਾ ਲੈਕੇ ਉਸ ਉਪਰ ਬਹਿ ਗਿਆ ਤੇ ਰੱਸਾ ਖਿੱਚ ਲਿਆ। ਉਹ ਕਰੇਨ ਬਣ ਗਈ। ਮੇਰਾ ਖਿਆਲ ਹੈ ਵਿਦੇਸ਼ੀ ਕੰਮ ਕਰਨ ਵਾਲੇ ਇਸ ਤਰ੍ਹਾਂ ਦੀਆਂ ਹਾਲਤਾਂ ਵਿਚ ਕੰਮ ਨਹੀਂ ਕਰ ਸਕਦੇ।

**ਸਵਾਲ: ਕਮਰਸ਼ੀਅਲ ਤੇ ਆਰਟ ਸਿਨੇਮੇ ਦਾ ਆਪਸ ਵਿਚ ਕਿਸ ਤਰ੍ਹਾਂ ਦਾ ਰਿਸ਼ਤਾ ਹੈ?**

**ਜਵਾਬ:** ਪਿਛਲੇ 10-12 ਸਾਲ ਦੌਰਾਨ ਇਹ ਰਿਸ਼ਤਾ ਬਦਲਿਆ ਹੈ। ਹੁਣ ਕਮਰਸ਼ੀਅਲ ਸਿਨੇਮੇ ਵਾਲੇ ਥਿਏਟਰ ਦੀ ਕਾਫੀ ਇੱਜਤ ਕਰਨ ਲੱਗ ਪਏ ਹਨ। ਹੁਣ ਨੈਸ਼ਨਲ ਸਕੂਲ ਆਫ ਡਰਾਮਾ ਤੋਂ ਆਉਣ ਵਾਲੇ ਬੰਦੇ ਦੀ ਕਦਰ ਕਰਦੇ ਹਨ। ਪਹਿਲਾਂ ਕਿਸੇ ਨੇ ਉਸਦਾ ਨਾਮ ਵੀ ਨਹੀਂ ਸੀ ਸੁਣਿਆ। ਜਦੋਂ ਆਰਟ ਫਿਲਮਾਂ ਕਮਰਸ਼ੀਅਲ ਪੱਧਰ ਉਪਰ ਕਾਮਯਾਬ ਹੋਈਆਂ ਜਿਵੇਂ ਅਰਧ ਸੱਤਿਆ, ਆਕਰੋਸ਼, ਮੰਥਨ ਆਦਿ ਤਾਂ ਕਮਰਸ਼ੀਅਲ ਸਿਨੇਮੇ ਦਾ ਵਤੀਰਾ ਬਦਲਿਆ ਹੈ। ਦੋਨਾਂ ਵਿਚਕਾਰ ਹਾਲੇ ਵੀ ਇਕ ਸ਼ੀਤਲਤਾ (ਕੋਲਡਨੈਸ) ਹੈ ਜੋ ਮੇਰੇ ਖਿਆਲ ਵਿਚ ਗਲਤ ਹੈ। ਪਹਿਲਾਂ ਦੇ 'ਨੋ ਰੀਲੇਸ਼ਨਸ਼ਿੱਪ' ਤੋਂ ਹੁਣ ਇਕ ਡੈਫੀਨਿੱਟ ਰੀਲੇਸ਼ਨਸ਼ਿੱਪ ਬਣਿਆ ਹੈ। ਹੁਣ ਬੰਦੇ ਇਕ ਦੂਜੇ ਤੋਂ ਅੱਖ ਨਹੀਂ ਚੁਰਾਉਂਦੇ ਭਾਵੇਂ ਥੋੜ੍ਹੀ ਬਹੁਤ ਅੰਦਰੂਨੀ ਭਾਵਨਾ ਹੈ ਜਿਸ ਵਿਚ ਫਿਲਮੀ ਮੀਡੀਏ ਦਾ ਵੀ ਰੋਲ ਹੈ। ਜਿਵੇਂ ਮੈਂ ਤੇ ਨਸੀਰ (ਨਸੁਰਦੀਨ ਸ਼ਾਹ) ਨੇ ਐਨੀਆਂ ਕਮਰਸ਼ੀਅਲ ਫਿਲਮਾਂ ਵੀ ਕੀਤੀਆਂ ਹਨ ਪਰ ਉਨ੍ਹਾਂ ਨੇ ਕਦੇ ਵੀ ਸਾਨੂੰ ਕਵਰਪੇਜ ਉਪਰ ਨਹੀਂ ਦਿਖਾਇਆ। ਜਿਵੇਂ ਸਿਟੀ ਆਫ ਜੁਆਏ ਇਕ ਵੱਡੀ ਫਿਲਮ ਸੀ। ਐਥੇ ਦੇ ਅਖਬਾਰਾਂ ਨੇ ਉਸਦੀ ਕਵਰਪੇਜ ਉਪਰ ਕਵਰੇਜ ਦਿੱਤੀ ਪਰ ਇੰਡੀਆ ਦੇ ਫਿਲਮੀ ਅਖਬਾਰਾਂ ਨੇ ਅਜਿਹਾ ਨਹੀਂ ਕੀਤਾ। ਹਾਂ ਜੇਕਰ ਉਨ੍ਹਾਂ ਨੂੰ ਕੁੱਝ ਮਸਾਲਾ ਮਿਲਦਾ ਹੋਵੇ ਜਿਵੇਂ ਕਿ ਓਮ ਪੁਰੀ ਦੀ ਸ਼ਾਦੀ ਵਿਚ ਗੜਬੜ ਹੋ ਰਹੀ ਹੈ, ਫਿਰ ਪਾ ਦੇਣਗੇ ਕਵਰਪੇਜ ਤੇ। ਪਰ ਜੇ ਕੋਈ ਅਵਾਰਡ ਜਿੱਤਿਆ ਤਾਂ ਇਕ ਲਾਈਨ ਪਾ ਦੇਣਗੇ। ਕਿਉਂਕਿ ਇਹ ਮੀਡੀਆ ਪ੍ਰੋਫੈਸ਼ਨਲੀ ਪੇਡ ਮੀਡੀਆ ਹੈ। ਅੱਜ ਤੱਕ ਮੈਂ ਕਦੇ ਪਬਲਿਸਟ (ਮਸ਼ਹੂਰੀ ਕਰਨ ਵਾਲਾ) ਨਹੀਂ ਰੱਖਿਆ। ਕਿਸੇ ਤਰ੍ਹਾਂ ਦੀ ਪਬਲਿਸਟੀ ਉਪਰ ਕੋਈ ਖਰਚਾ ਨਹੀਂ ਕੀਤਾ। ਬਾਕੀ ਜੋ ਨੈਸ਼ਨਲ ਪ੍ਰੈਸ ਹੈ ਜਿਵੇਂ ਸੰਡੇ ਆਦਿ, ਉਹ ਬਾਕਾਇਦਾ ਜਗਹ ਦਿੰਦੇ ਹਨ ਪਰ ਫਿਲਮ ਇੰਡਸਟਰੀ ਦੀ ਪ੍ਰੈਸ ਸਾਨੂੰ ਇਗਨੋਰ ਕਰਦੀ ਹੈ। ਹਾਂ ਜੇ ਉਹਨਾਂ ਕੋਲ ਕੋਈ ਸੈਨਸੇਸ਼ਨਲ ਮਸਾਲਾ ਹੋਵੇ ਤਾਂ ਗੱਲ ਹੋਰ ਹੈ। ਇਟ ਇਜ਼ ਏ ਵੀਸ਼ੀਅਸ ਸਰਕਲ। ਇਸ ਵਿਚ ਡਿਸਟਰੀਬਿਊਸ਼ਨ, ਪ੍ਰੋਡਕਸ਼ਨ, ਪ੍ਰੈਸ ਆਦਿ ਸਭ ਇਕੱਠੇ ਹਨ। ਜਿਵੇਂ ਸਤਿਆਜੀਤ ਰੇਅ ਨੂੰ ਨੈਸ਼ਨਲ ਪ੍ਰੈਸ ਨੇ ਐਨ੍ਹਾਂ ਚੁੱਕਿਆ ਪਰ ਤੁਸੀਂ ਫਿਲਮੀ ਪ੍ਰੈਸ ਵੱਲ ਨਿਗ੍ਹਾ ਮਾਰੋ। ਮੈਨੂੰ ਇਕ ਵੀ ਫਿਲਮੀ ਮੈਗਜ਼ੀਨ ਦਿਖਾ ਦਿਉ ਜਿਹਨੇ ਸਾਡੇ ਕੌਮੀ ਹੀਰੋ ਸਤਿਆਜੀਤ ਰੇਅ ਉਪਰ ਕਵਰ ਸਟੋਰੀ ਦਿੱਤੀ ਹੋਵੇ। ਉਸਦੀ ਮੌਤ ਤੇ ਫਿਲਮ ਇੰਡਸਟਰੀ ਨੇ ਇਕ ਦਿਨ ਦੀ ਛੁੱਟੀ ਵੀ ਨਹੀਂ ਕੀਤੀ। ਹਾਲਾਂਕਿ ਉਨ੍ਹਾਂ ਦਾ ਕੋਈ ਛੋਟਾ ਜਿਹਾ ਐਕਟਰ ਵੀ ਮਰ ਜਾਵੇ ਤਾਂ ਇਕ ਦਿਨ ਦੀ ਛੁੱਟੀ ਕਰ ਦਿੰਦੇ ਹਨ ਸ਼ੂਟਿੰਗ ਦੀ।



**ਸਵਾਲ: ਆਰਟ ਸਿਨੇਮੇ ਦੀ ਐਸ ਵੇਲੇ ਕੀ ਹਾਲਤ ਹੈ?**

**ਜਵਾਬ:** ਆਰਟ ਸਿਨੇਮੇ ਨੂੰ ਆਪਣੀ ਬੋਲੀ ਬਦਲਣੀ ਪੈਣੀ ਹੈ। ਹੁਣ ਮਿਡਲ ਕਲਾਸ ਤੋਂ ਇਲਾਵਾ ਹੋਰ ਲੋਕ ਵੀ ਆਰਟ ਸਿਨੇਮੇ ਨੂੰ ਦੇਖਣ ਲੱਗੇ ਹਨ। ਪਰ ਅਜੇ ਵੀ ਇਸਦਾ ਕੋਈ ਡਿਸਟਰੀਬਿਊਸ਼ਨ ਸੈਂਟਰ ਨਹੀਂ ਹੈ। ਸਾਨੂੰ ਚਾਹੀਦਾ ਹੈ ਕਿ ਅਸੀਂ ਫਿਲਮਾਂ ਸੌਖੀਆਂ ਬਣਾਈਏ। ਆਪਣੀ ਬੋਲੀ ਤੇ ਆਪਣੇ ਫਾਰਮੂਲੇ ਨੂੰ ਇਸਤੇਮਾਲ ਕਰੀਏ। ਜਿਵੇਂ ਮਿਊਜ਼ਕ, ਡਾਂਸ ਕੋਈ ਮਾੜੀ ਗੱਲ ਨਹੀਂ ਹੈ ਪਰ ਅਸੀਂ ਉਹਨੂੰ ਮਾੜਾ ਬਣਾ ਦਿੱਤਾ ਹੈ। ਦੀਅਰ ਇਜ਼ ਨੋ ਪੋਇਟਰੀ। ਫਰਜ਼ ਕਰੋ ਕਿ ਤੁਸੀਂ ਕੋਈ ਕਹਾਣੀ ਸੁਣਾਉਣੀ ਹੈ ਕਿਸੇ ਪਿੰਡ ਵਿਚ ਜਾ ਕੇ। ਜੇਕਰ ਤੁਸੀਂ ਉਸ ਕਹਾਣੀ ਨੂੰ ਗਾ ਕੇ ਸੁਣਾਉ ਤਾਂ ਜ਼ਿਆਦਾ ਲੋਕ ਸੁਣਨ ਆਉਣਗੇ। ਸੋ ਤੁਸੀਂ ਗਾ ਕੇ ਸੁਣਾ ਦਿਉ। ਹੁਣ ਆਰਟ ਸਿਨੇਮੇ ਨੂੰ ਸਰਕਾਰ ਉਪਰ ਨਿਰਭਰ ਕਰਨ ਦੀ ਬਜਾਏ ਆਪਣਾ ਫਾਰਮੂਲਾ ਲੱਭ ਕੇ ਚੱਲਣਾ ਪੈਣਾ ਹੈ। ਫਿਲਮ ਨੂੰ ਆਪਣੇ ਪੈਰ ਉਪਰ ਆਪ ਖੜ੍ਹਾ ਹੋਣਾ ਪੈਣਾ ਹੈ। ਉਸ ਵਿਚ ਐਨੀ ਤਾਕਤ ਹੈ ਅਤੇ ਬਹੁਤ ਬੰਦੇ ਟਿਕਟ ਲੈ ਕੇ ਫਿਲਮ ਦੇਖਣ ਲਈ ਤਿਆਰ ਹਨ। ਆਫ ਬੀਟ ਫਿਲਮ ਬਣਾਉਣ ਵਾਲੇ ਨੂੰ ਬੈਠ ਕੇ ਸੋਚਣਾ ਪੈਣਾ ਹੈ ਕਿ ਉਹ ਇਸ ਚੱਕਰ ਵਿਚ ਨਾ ਪਵੇ ਕਿ ਸਿਰਫ ਨੈਸ਼ਨਲ ਫਿਲਮ ਫੈਸਟੀਵਲ ਵਿਚ ਜਾਣਾ ਹੈ ਜਿੱਥੇ ਉਸਦੀ ਵਾਹ ਵਾਹ ਹੋਊ। ਉਨ੍ਹਾਂ ਨੂੰ ਆਪਣਾ ਫਾਰਮੂਲਾ ਵਰਤਣਾ ਚਾਹੀਦਾ ਹੈ ਜਿਵੇਂ ਕਮਰਸ਼ੀਅਲ ਸਿਨੇਮਾ ਸੱਭ ਕੁੱਝ ਵਰਤਦਾ ਹੈ। ਕਮਰਸ਼ੀਅਲ ਸਿਨੇਮੇ ਨੇ ਆਰਟ ਸਿਨੇਮੇ ਤੋਂ ਵੀ ਸਿੱਖਿਆ ਹੈ ਸੋ ਆਰਟ ਸਿਨੇਮੇ ਨੂੰ ਵੀ ਕਮਰੀਸ਼ੀਅਲ ਸਿਨੇਮੇ ਤੋਂ ਸਿੱਖਣਾ ਪੈਣਾ ਹੈ। ਕਮਰਸ਼ੀਅਲ ਸਿਨੇਮੇ ਨੇ ਆਰਟ ਫਿਲਮਾਂ ਦੇ ਫਾਰਮੂਲੇ ਨੂੰ ਵਰਤਿਆ ਹੈ ਜਿਵੇਂ ਪੁਲਿਸ ਵਿਭਾਗ ਜਾਂ ਨੇਤਾਵਾਂ ਨਾਲ ਸਬੰਧਤ ਫਿਲਮਾਂ ਬਣਾ ਕੇ। ਤੁਸੀਂ ਦੇਖੋ ਕਿ 1984 ਤੋਂ ਬਾਅਦ ਬਣਨ ਵਾਲੀਆਂ ਕਿਤਨੀਆਂ ਫਿਲਮਾਂ ਵਿਚ ਨੇਤਾਵਾਂ ਦੇ ਕੈਰਕਟਰ ਆਏ ਹਨ। ਉਸਨੂੰ ਮੌਲਿਕ ਬਣਾਉਣ ਲਈ ਸੱਚੀਆਂ ਘਟਨਾਵਾਂ ਵੀ ਪਾਉਂਦੇ ਹਨ, ਮਸਾਲੇ ਦੇ

ਨਾਲ ਨਾਲ। ਸਾਨੂੰ ਵੀ ਇਹ ਮੰਨ ਕੇ ਚਲਣਾ ਚਾਹੀਦਾ ਕਿ ਸਾਨੂੰ ਲੋਕਾਂ ਨਾਲ ਵਰਤਣਾ ਚਾਹੀਦਾ ਹੈ। ਜਿਵੇਂ ਗੋਬਿੰਦ ਨਿਹਲਾਨੀ ਫਿਲਮ ਬਣਾਉਂਦਾ ਹੈ ਤਾਂ ਇਹ ਗਲ ਮੰਨ ਕੇ ਚਲਦਾ ਕਿ ਮੈਂ ਲੋਕਾਂ ਤੱਕ ਫਿਲਮ ਪਹੁੰਚਾਉਣੀ ਹੈ ਤੇ ਫਿਲਮ ਫੈਸਟੀਵਲ ਤੇ ਟੇਕ ਨਹੀਂ ਰੱਖਣੀ। ਇਸ ਤਰ੍ਹਾਂ ਸੋਚ ਕੇ ਹੀ ਤੁਸੀਂ ਆਰਟ ਸਿਨੇਮਾ ਵਿਚ ਕਾਮਯਾਬ ਹੋ ਸਕਦੇ ਹੋ।

**ਸਵਾਲ: ਗੋਬਿੰਦ ਨਿਹਲਾਨੀ ਤੇ ਸ਼ਿਆਮ ਬੈਨੇਗਲ ਤੋਂ ਇਲਾਵਾ ਨਵੀ ਪੀੜ੍ਹੀ ਦੇ ਵੀ ਕੋਈ ਨਵੇਂ ਡਾਇਰੇਕਟਰ ਆਰਟ ਸਿਨਮੇ ਵੱਲ ਆ ਰਹੇ ਹਨ?**

**ਜਵਾਬ:** ਹਾਂ, ਵਿਨੋਦ ਚੋਪੜਾ ਹੈ, ਕੁੰਦਨ ਸ਼ਾਹ ਹੈ, ਸਈਦ ਮਿਰਜਾ, ਗੌਤਮ ਘੋਸ਼, ਚਕਰਵਰਤੀ, ਸਤਿਆਜੀਤ ਦਾ ਬੇਟਾ ਪ੍ਰਦੀਪ ਰੇਅ ਹੈ , ਕੇਤਨ ਮਹਿਤਾ ਹੈ, ਸੁਰਿੰਦਰ ਚੱਡਾ ਹੈ। ਇਸ ਤਰ੍ਹਾਂ ਘੱਟੋ ਘੱਟ ਪੰਜਾਹ ਜਵਾਨ ਬੰਦੇ ਹੋਣਗੇ। ਜੇ ਉਨ੍ਹਾਂ ਨੂੰ ਚੰਗੇ ਮੌਕੇ ਤੇ ਸਾਧਨ ਮਿਲਣ ਤਾਂ ਉਹ ਵਧੀਆ ਫਿਲਮਾਂ ਬਣਾ ਸਕਦੇ ਹਨ।

> **ਮੈਨੂੰ ਇਕ ਵੀ ਫਿਲਮੀ ਮੇਗਜ਼ੀਨ ਦਿਖਾ ਦਿਓ ਜਿਹਨੇ ਸਾਡੇ ਕੌਮੀ ਹੀਰੋ ਸਤਿਆਜੀਤ ਰੇਅ ਉਪਰ ਕਵਰ ਸਟੋਰੀ ਦਿੱਤੀ ਹੋਵੇ।**

**ਸਵਾਲ: ਹੋਰ ਕੀ ਕੀ ਮੁਸ਼ਕਲਾਂ ਹਨ ਵਧੀਆ ਫਿਲਮ ਬਣਾਉਣ ਦੇ ਰਾਹ ਵਿਚ? ਜਾਂ ਆਰਟ ਸਿਨੇਮਾ ਦੇ ਵਧਣ ਫੁਲਣ ਵਿਚ?**

**ਜਵਾਬ:** ਇਕ ਚੀਜ਼ ਆਰਟ ਸਿਨੇਮਾ ਨੂੰ ਨਹੀ ਛਡਣੀ ਚਾਹੀਦੀ ਸੀ ਜੋ ਕਿ ਉਸ ਵਿਚ ਖਾਸੀਅਤ ਸੀ ਉਹ ਸੀ ਨਵੇਂ ਕਲਾਕਾਰਾਂ ਨੂੰ ਲੈ ਕੇ ਕੰਮ ਕਰਨਾ। ਪਰ ਉਹਨਾਂ ਨੇ ਵੀ ਦੂਜੇ ਸਿਨੇਮੇ ਵਾਂਗ ਸਟਾਰ ਸਿਸਟਮ ਪੈਦਾ ਕਰ ਦਿੱਤਾ ਹੈ। ਜਾਨੀ ਕਿ ਹੁਣ ਨਸਰੁਦੀਨ ਸ਼ਾਹ, ਓਮ ਪੁਰੀ, ਸ਼ਬਾਨਾ ਆਜ਼ਮੀ, ਸਮਿਤਾ ਪਾਟਿਲ ਆਦਿ ਆਰਟ ਸਿਨੇਮੇ ਦੇ ਸਟਾਰ ਬਣ ਗਏ ਹਨ। ਪਰ ਆਰਟ ਸਿਨੇਮਾ ਨੂੰ ਇਹ ਸੋਚਣਾ ਚਾਹੀਦਾ ਕਿ ਜਦੋਂ ਉਨ੍ਹਾਂ ਨੇ ਸਾਨੂੰ ਲਿਆ ਸੀ ਤਾਂ ਅਸੀ ਕੁਝ ਵੀ ਨਹੀ ਸੀ। ਨਵੀ ਪੌਦ ਨੂੰ ਉਸੇ ਤਰ੍ਹਾਂ ਲੈਂਦੇ ਰਹਿਣਾ ਚਾਹੀਦਾ ਜਿਵੇਂ ਪਹਿਲਾਂ ਲੈਂਦੇ ਸੀ। ਹੁਣ ਆਰਟ ਸਿਨੇਮੇ ਵਿਚ ਇਸ ਤਰ੍ਹਾਂ ਲੱਗਦਾ ਹੈ ਕਿ ਕੋਈ ਵੀ ਆਰਟ ਫਿਲਮ ਬਣਾਉਣ ਵਾਲਾ ਆਪਣੀ ਫਿਲਮ ਨੂੰ ਸਫਲ ਨਹੀ ਬਣਾ ਸਕਦਾ ਬਗੈਰ ਸਮਿਤਾ, ਸ਼ਬਾਨਾ ਜਾਂ ਨਸਰੁਦੀਨ ਸ਼ਾਹ ਲਏ ਬਿਨਾਂ। ਪਰ ਇਸ ਨਾਲ ਇਕ ਮੁਸ਼ਕਿਲ ਖੜ੍ਹੀ ਹੁੰਦੀ ਹੈ ਕਿ ਇਹ ਐਕਟਰ ਸਾਰੀ ਉਮਰ ਘੱਟ ਪੈਸੇ ਲੈ ਲੈ ਕੇ ਥੋੜ੍ਹੀ ਕੰਮ ਕਰ ਸਕਦੇ ਹਨ। ਉਨ੍ਹਾਂ ਦੀਆਂ ਵੀ ਰੋਜ਼ਾਨਾ ਜ਼ਿੰਦਗੀ ਦੀਆਂ ਲੋੜ੍ਹਾਂ ਹਨ। ਅਸੀ ਕੋਈ ਜ਼ਿਆਦਾ ਪੈਸੇ ਦੀ ਮੰਗ ਨਹੀ ਕਰਦੇ। ਪਰ ਜੇ ਤੁਹਾਡਾ ਬੱਜਟ 10 ਲੱਖ ਹੀ ਹੈ ਤਾਂ ਨਾ ਲਵੋ ਓਮ ਨੂੰ ਜਾਂ ਨਸੀਰ ਨੂੰ, ਨਵੇਂ ਬੰਦੇ ਨਾਲ ਕੰਮ ਚਲਾਓ। ਜਾਂ ਨਸੀਰ ਨੂੰ ਪੁੱਛੋ ਕਿ ਪੰਜ ਦਿਨ ਮਹਿਮਾਨ ਕਾਲਾਕਾਰ ਦੇ ਤੌਰ ਤੇ ਕੰਮ ਕਰ ਦੇਵੇ। ਕੇਤਨ ਮਹਿਤਾ ਨੇ ਫਿਲਮ 'ਹੋਲੀ' ਸਾਢੇ ਪੰਜ ਲੱਖ ਵਿਚ ਬਣਾਈ। ਫਿਲਮ ਇਨਸਟੀਚਿਊਟ ਦੇ ਮੁੰਡੇ ਲਏ, ਤੇ ਉਥੇ ਹੀ ਸ਼ੂਟਿੰਗ ਲਈ ਥਾਂ ਰੱਖੀ ਤੇ ਰਹਿਣ ਲਈ ਥਾਂ ਮੁਫਤ ਦੇ ਦਿੱਤੀ। ਅਸੀ ਜਾਕੇ ਉਥੇ ਚਾਰ ਚਾਰ ਦਿਨ ਕੰਮ ਕੀਤਾ। ਉਨ੍ਹਾਂ ਨੇ ਸਾਨੂੰ 3000 ਰੁਪੈ ਫੜਾ ਦਿੱਤੇ ਦਕਸ਼ਿਨਾ ਦੇ ਤੌਰ ਤੇ। ਅਸੀ ਕਿਹਾ ਠੀਕ ਹੈ ਬਈ ਇਹ ਵੀ ਰੱਖ ਲਉ। ਪਰ ਜੇਕਰ ਉਹ ਮੈਨੂੰ ਜਾਂ ਨਸੀਰ ਨੂੰ ਕਹਿੰਦੇ ਕਿ ਦੋ ਮਹੀਨੇ ਚਾਹੀਦੇ ਹਨ ਤੇ ਤੁਹਾਨੂੰ ਤਿੰਨ ਹਜ਼ਾਰ ਰੁਪੈ ਦੇਵਾਂਗੇ। ਫਿਰ ਅਸੀਂ ਕਿਥੋਂ ਚਲੇ ਜਾਂਦੇ?

ਗੋਬਿੰਦ ਤੇ ਸ਼ਿਆਮ ਦੀ ਬੜੀ ਵੱਡੀ ਦੇਣ ਹੈ ਕਿ ਉਨ੍ਹਾਂ ਨੇ ਕਿਤਨੇ ਹੀ ਨਵੇਂ ਬੰਦਿਆਂ ਨਾਲ ਫਿਲਮ ਦਰਸ਼ਕਾਂ ਦੀ ਜਾਨ-ਪਹਿਚਾਣ ਕਰਵਾਈ ਹੈ ਜੋ ਹੁਣ ਕਮਰਸ਼ੀਅਲ ਸਿਨੇਮੇ ਵਿਚ ਵੀ ਕੰਮ ਕਰਦੇ ਹਨ ਜਿਵੇਂ ਸਮਿਤਾ ਸੀ। ਹੁਣ ਸ਼ਬਾਨਾ, ਅਮਰੀਸ਼, ਮੈਂ, ਅਨੀਤਾ ਕੰਵਰ, ਕੁਲਭੂਸ਼ਨ ਖਰਬੰਦਾ, ਆਦਿ ਹਾਂ। ਉਹ ਜਾ ਕੇ ਨਾਟਕ ਦੇਖਦੇ ਹਨ ਜਾਂ ਦੂਜੇ ਲੋਕਾਂ ਤੋਂ ਜਾਕੇ ਪਤਾ ਕਰਦੇ ਹਨ ਤੇ ਫਿਰ ਨਵੇਂ ਬੰਦਿਆਂ ਨੂੰ ਇੰਟਰੋਡਿਊਸ ਕਰਦੇ ਹਨ।

**ਸਵਾਲ: ਹੁਣ ਆਰਟ ਫਿਲਮਾਂ ਦੇ ਕਾਫੀ ਲੋਕ ਟੈਲੀਵਿਯਨ ਵੱਲ ਆ ਗਏ ਹਨ। ਪਰ ਟੀ.ਵੀ. ਸਟੇਟ ਕੰਟਰੋਲ ਹੇਠ ਹੈ। ਜਿਹੜੀ ਗੱਲ ਉਹ ਇਕ ਆਜ਼ਾਦ ਫਿਲਮਸਾਜ਼ ਦੇ ਤੌਰ ਤੇ ਆਪਣੀ ਫਿਲਮ ਵਿਚ ਕਹਿੰਦੇ ਸੀ, ਕੀ ਉਹੀ ਗੱਲ ਉਹ ਟੀ. ਵੀ. ਉਪਰ ਕਹਿ ਸਕਣਗੇ?**

**ਜਵਾਬ:** ਕੁਝ ਹੱਦ ਤੱਕ ਤਾਂ ਮੁਸ਼ਕਿਲ ਆਉਂਦੀ ਹੈ। ਫਿਰ ਵੀ ਕੁਝ ਫਿਲਮਾਂ ਐਸੀਆਂ ਆਈਆਂ ਹਨ ਜਿਨ੍ਹਾਂ ਬਾਰੇ ਰੌਲਾ ਪਿਆ ਹੈ ਪਰ ਫਿਰ ਵੀ ਉਹ ਉਨ੍ਹਾਂ ਨੂੰ ਦਿਖਾਉਣੀਆਂ ਪਈਆਂ ਹਨ। ਜੇਕਰ ਗੌਰਮਿੰਟ ਦੀ ਸੈਂਸਰਸ਼ਿਪ ਹੈ ਤਾਂ ਦੂਸਰੇ ਪਾਸੇ ਵੀ ਲੋਕ ਹਨ। ਚਾਹੇ ਉਹ ਕਾਮਰੇਡ ਹੋਣ ਜਾਂ ਸਿਵਿਲ ਲਿਬਰਟੀ ਵਾਲੇ ਜਾਂ ਸੋਸ਼ਲ ਗਰੁਪ ਹੋਣ। ਜਿਵੇਂ ਬੀ. ਜੇ. ਪੀ. ਦੀ ਮੂਵਮੈਂਟ ਤੇ ਅਨੰਦ ਪਟਵਰਧਨ ਨੇ ਫਿਲਮ ਬਣਾਈ ਸੀ, ਇਹ ਕੋਰਟ ਗਈ, ਤੇ ਕੋਰਟ ਨੇ ਰਿਲੀਜ਼ ਕਰ ਦਿੱਤੀ। ਇਸੇ ਤਰ੍ਹਾਂ ਤਮਸ ਵੇਲੇ ਹੈਦਰਾਬਾਦ ਵਿਚ ਰੇਡੀਓ ਸਟੇਸ਼ਨ ਸਾੜ ਦਿੱਤਾ। ਟੈਲੀਕਾਸਟ ਤੋਂ ਦੋ ਦਿਨ ਪਹਿਲਾਂ ਸਟੇਅ ਆਰਡਰ ਮਿਲ ਗਿਆ ਇਸਨੂੰ ਨਾ ਦਿਖਾਉਣ ਦਾ। ਪਰ ਫਿਰ ਫੈਸਲਾ ਤਮਸ ਦੇ ਹੱਕ ਵਿਚ ਹੋ ਗਿਆ ਕਿ ਇਸ ਵਿਚ ਕੋਈ ਗਲਤ ਨਹੀਂ, ਸਾਡਾ ਟੈਲੀਕਾਸਟ ਹੋਵੇਗਾ। ਮਤਲਬ ਐਨੀ ਵੀ ਹਨ੍ਹੇਰ ਗਰਦੀ ਨਹੀ ਹੈ। ਪਰ ਸਾਨੂੰ ਤਿਆਰ ਰਹਿਣਾ ਚਾਹੀਦਾ ਹੈ ਕਿ ਸਾਨੂੰ ਇਸ ਲਈ ਜ਼ਿਆਦਾ ਮੇਹਨਤ ਕਰਨੀ ਪੈਣੀ ਹੈ ਆਪਣੇ ਵਿਚਾਰ ਲੋਕਾਂ ਤੱਕ ਪਹੁੰਚਾਣ ਲਈ। ਅਸੀਂ ਕਈ ਵਾਰੀ ਪਹਿਲਾਂ ਹੀ ਡਰ ਜਾਂਦੇ ਹਾਂ ਕਿ ਸਾਡੀ ਤਾਂ ਸਰਕਾਰ ਇਹੋ ਜਿਹੀ ਹੈ ਅਸੀਂ ਐਸੀ ਫਿਲਮ ਨਾ ਬਣਾਈਏ। ਇਸੇ ਤਰ੍ਹਾਂ ਨਿਊ ਦਿੱਲੀ ਟਾਈਮਜ਼ ਕਾਫੀ ਵਧੀਆ ਫਿਲਮ ਸੀ, ਕਾਫੀ ਮੁਸ਼ਕਿਲਾਂ ਆਈਆਂ ਪਰ ਆਖਿਰ ਦਿਖਾਈ ਗਈ। ਹੁਣ ਆਹ ਫਿਲਮ 'ਪੁਰਸ਼' ਬਣੀ ਹੈ। ਇਸ ਵਿਚ ਕੋਈ ਸਮਝੌਤਾ ਨਹੀ ਹੈ। ਹੋ ਸਕਦਾ ਹੈ ਉਸ ਵਿਚ ਔਖ ਆਵੇ। ਪਰ ਨਾਲ ਨਾਲ ਇਹ ਵੀ ਹੈ ਕਿ ਬੰਦੇ ਐਸੇ ਵੀ ਹਨ ਜੋ ਔਖੇ ਵੇਲੇ ਤੁਹਾਡੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਨ ਨੂੰ ਤਿਆਰ ਹਨ। ਹਨ੍ਹੇਰ ਗਰਦੀ ਸਿਰਫ ਸਰਕਾਰ ਹੀ ਨਹੀ ਪਾਉਂਦੀ, ਹੋਰ ਬੰਦੇ ਵੀ ਪਾਉਂਦੇ ਹਨ। ਬਿਹਾਰ ਵਿਚ ਜੇਕਰ ਦਸ ਮਜਦੂਰ ਮਾਰ ਦਿੰਦੇ ਹਾਂ ਤਾਂ ਉਹ ਸਰਕਾਰ ਨਹੀ ਮਾਰਦੀ, ਬੰਦੇ ਮਾਰਦੇ ਹਨ ਜਿਹੜੇ ਜ਼ਿਮੀਦਾਰ ਨੇ ਜਾਂ ਦੂਜੀ ਜਾਤ ਦੇ ਹਨ। ਹਰ ਚੀਜ਼ ਸਾਨੂੰ ਸਰਕਾਰ ਤੇ ਨਹੀਂ ਸੁੱਟਣੀ ਚਾਹੀਦੀ।

**ਸਵਾਲ: ਕੁੱਝ ਟੀ. ਵੀ. ਸੀਰੀਅਲਜ਼ ਬਾਰੇ ਦੱਸੋ?**

**ਜਵਾਬ:** ਇਨ੍ਹਾਂ ਨੂੰ ਅਪਣਾਂ ਸਟੈਂਡਰਡ ਠੀਕ ਕਰਣਾ ਪਵੇਗਾ। ਕਈ ਸੀਰੀਅਲਜ਼ ਬਹੁਤ ਅੱਛੇ ਹਨ। ਪੰਜਾਬ ਉਪਰ ਇਕ ਚੁੱਪ ਸੀਰੀਅਲ ਸੀ ਜਿਸ ਵਿਚ ਕੋਈ ਡਾਇਲਾਗ ਨਹੀ ਸੀ, ਅੰਤ ਵਿਚ ਸਿਰਫ ਇਕ ਸ਼ਬਦ ਸੀ। ਇਹ ਇਕ ਔਰਤ ਮੰਜੂ ਸਿੰਘ ਨੇ ਬਣਾਇਆ ਸੀ। 'ਖੇਡ' ਉਸਦਾ ਨਾਮ ਹੈ। ਇਹ ਸਾਰੇ ਦੇਸ਼ ਬਾਰੇ ਦਸਦਾ ਹੈ। ਸਭ ਕੁਝ ਇਕ 12-14 ਸਾਲ ਦੇ ਸਿੱਖ ਮੁੰਡੇ ਨਾਲ ਜੁੜਿਆ ਹੈ। ਇਹ ਸੱਚੀ ਹੀ ਤੁਹਾਡੇ ਤੇ ਅਸਰ ਕਰਦਾ ਹੈ।

**ਸਵਾਲ: ਇਕ ਚੰਗਾ ਡਾਇਰੇਕਟਰ ਕੌਣ ਹੁੰਦਾ ਹੈ? ਇਕ ਐਕਟਰ ਦੇ ਤੌਰ ਤੇ ਉਸਦੀ ਅਹਿਮੀਅਤ ਦੱਸੋ।**

**ਜਵਾਬ:** ਡਾਇਰੈਕਟਰ ਵਿਚ ਇਕ ਕਾਬਲੀਅਤ ਹੋਣੀ ਚਾਹੀਦੀ ਹੈ ਕਿ ਉਹ ਐਕਟਰ ਨੂੰ ਐਕਟਿੰਗ ਕਰਕੇ ਨਾ ਦਿਖਾਵੇ ਬਲਕਿ ਉਸ ਵਿਚੋਂ ਕੱਢੇ। ਕੁਝ ਡਾਇਰੈਕਟਰਾਂ ਨੂੰ ਕਰਕੇ ਦਿਖਾਉਣ ਦਾ ਸ਼ੌਕ ਹੁੰਦਾ ਕਿ ਮੈਂ ਆਹ ਚਾਹੁੰਦਾ



ਓਮ ਪੁਰੀ ਮਸ਼ਹੂਰ ਫਿਲਮ ਸਿਟੀ ਆਫ ਜੁਆਏ ਵਿਚ

ਹਾਂ। ਉਹਦੇ ਵਿਚ ਇਹ ਹੈ ਕਿ ਜੇਕਰ ਐਕਟਰ ਬਹੁਤ ਚੰਗਾ ਕਰੂਗਾ ਤਾਂ ਸਿਰਫ ਡਾਇਰੈਕਟਰ ਦੀ ਚੰਗੀ ਨਕਲ ਹੀ ਕਰੂਗਾ, ਉਸਦਾ ਆਪਣ ਕੋਈ ਮੌਲਿਕ ਯੋਗਦਾਨ ਨਹੀ ਹੋਵੇਗਾ। ਜੇਕਰ ਐਕਟਰ ਕੋਲੋਂ ਕੋਈ ਸੀਨ ਨਿਕਲ ਨਹੀਂ ਰਿਹਾ ਤਾਂ ਚੰਗਾ ਡਾਇਰੈਕਟਰ ਉਸਨੂੰ ਅਸਿੱਧੇ ਢੰਗ ਨਾਲ ਸੀਨ ਦਾ ਪਿਛੋਕੜ ਆਦਿ ਸਮਝਾ ਕੇ ਜਾਂ ਮਿਸਾਲਾਂ ਦੇ ਕੇ ਐਕਟਰ ਦੇ ਅੰਦਰੋਂ ਭਾਵਨਾ ਕੱਢੇ। ਉਸ ਨਾਲ ਐਕਟਰ ਦੀ ਅਦਾਕਾਰੀ ਨਕਲੀ ਨਹੀ ਲੱਗੇਗੀ। ਐਕਟਰ ਦੀ ਸਿਰਜਣਾ ਵੀ ਹੋਵੇਗੀ। ਦੂਜੇ, ਡਾਇਰੈਕਟਰ ਨੂੰ ਫਿਲਮ ਦੇ ਜਾਂ ਥਿਏਟਰ ਦੇ ਹਰ ਪੱਖ ਦੀ ਸਮਝ ਹੋਣੀ ਚਾਹੀਦੀ ਹੈ ਚਾਹੇ ਉਹ ਕੈਮਰਾ ਲੈਨਜ਼ ਹੈ, ਚਾਹੇ ਉਹ ਕੈਮਰਾ ਐਂਗਲ ਹੈ ਜਾਂ ਲਾਈਟਿੰਗ ਹੈ। ਸੱਭ ਕਾਸੇ ਬਾਰੇ ਬੇਸਿਕ ਜਾਣਕਾਰੀ ਹੋਣੀ ਜ਼ਰੂਰੀ ਹੈ। ਡਾਇਰੈਕਟਰ ਦੀ ਫਿਲਮ ਵਿਚ ਪਿਤਾ ਵਾਲੀ ਜਗਾਹ ਹੈ। ਜਿਵੇਂ ਪਿਤਾ ਚਾਹੁੰਦਾ ਹੈ ਕਿ ਉਸਦੇ ਬੱਚੇ ਇਸ ਤਰ੍ਹਾਂ ਦੇ ਹੋਣ ਇਸ ਤਰ੍ਹਾਂ ਡਾਇਰੈਕਟਰ ਦਾ ਰੋਲ ਵੀ ਉਹੀ ਹੋਣਾ ਚਾਹੀਦਾ ਹੈ। ਉਸਦਾ ਪੂਰਾ ਸੁਭਾਅ ਇਕ ਜ਼ਿੰਮੇਵਾਰ ਬਾਪ ਵਾਲਾ ਹੋਣਾ ਚਾਹੀਦਾ ਹੈ।

**ਸਵਾਲ: ਜਦੋਂ ਕੋਈ ਫਿਲਮ ਪੂਰੀ ਹੋ ਜਾਂਦੀ ਹੈ ਤਾਂ ਉਸਨੂੰ ਆਮ ਤੌਰ ਤੇ ਉਸ ਦੇ ਡਾਇਰੈਕਟਰ ਦੀ ਫਿਲਮ ਕਿਹਾ ਜਾਂਦਾ ਹੈ। ਤੁਸੀ ਇਸ ਬਾਰੇ ਕਿਵੇਂ ਮਹਿਸੂਸ ਕਰਦੇ ਹੋ?**

**ਜਵਾਬ:** ਜਦੋਂ ਕਹਿੰਦੇ ਹਨ ਕਿ ਫਲਾਨੇ ਡਾਇਰੈਕਟਰ ਦੀ ਫਿਲਮ ਹੈ ਪਰ ਜੇ ਕਿਸੇ ਐਕਟਰ ਨੇ ਉਹਦੇ ਵਿਚ ਚੰਗਾ ਕੰਮ ਕੀਤਾ ਤਾਂ ਉਸਦਾ ਨਾਮ ਵੀ ਆਉਂਦਾ ਹੈ। ਇਟ ਬੀਕਮਜ਼ ਕੰਪਲੀਮੈਂਟਰੀ। ਫਰਜ਼ ਕਰੋ 'ਅਰਧ ਸਤਿਆ' ਫਿਲਮ ਲੋਕਾਂ ਨੇ ਦੇਖੀ ਤਾਂ ਉਸ ਵਿਚੋਂ ਓਮ ਪੁਰੀ ਨੂੰ ਜ਼ਿਆਦਾ ਪਬਲੀਸਿਟੀ ਮਿਲੀ, ਗੋਬਿੰਦ ਨਿਹਲਾਨੀ ਦੇ ਮੁਕਾਬਲੇ, ਹਾਲਾਂਕਿ ਫਿਲਮ ਉਸਨੇ ਬਣਾਈ ਹੈ।

**ਸਵਾਲ: ਕੀ ਇਹ ਕਮਰਸ਼ੀਅਲ ਸਿਨੇਮਾ ਵਿਚ ਵੀ ਇਵੇਂ ਹੁੰਦਾ ਹੈ?**

**ਜਵਾਬ:** ਕੁੱਝ ਡਾਇਰੈਕਟਰ ਹਨ ਜਿਵੇਂ ਸੁਭਾਸ਼ ਘਈ , ਰਮੇਸ਼ ਸਿੱਪੀ ਉਨ੍ਹਾਂ ਦਾ ਨਾਮ ਵੀ ਆਵੇਗਾ ਜੇਕਰ ਫਿਲਮ ਦੇ ਮੁੱਖ ਐਕਟਰ ਦਾ ਨਾਮ ਆਵੇਗਾ। ਇਸੇ ਤਰ੍ਹਾਂ ਸ਼ਕਤੀ ਸਾਮੰਤ, ਰਿਸ਼ੀਕੇਸ਼ ਮੁਕਰਜੀ ਹਨ। ਪਰ ਕਮਰਸ਼ੀਅਲ ਸਿਨੇਮਾ ਵਿਚ ਕਰੀਬ 80% ਫਿਲਮਾਂ ਵਿਚ ਹੀਰੋ ਦਾ ਹੀ ਨਾਮ ਵੱਜਦਾ ਹੈ। ਕਮਰਸ਼ੀਅਲ ਸਿਨੇਮੇ ਵਿਚ ਅਜਿਹੇ ਡਾਇਰੈਕਟਰ ਵੀ ਹਨ ਜਿਨ੍ਹਾਂ ਨੂੰ ਆਉਂਦਾ ਵੀ ਕੁਝ ਨਹੀਂ।

**ਸਵਾਲ: ਤੁਸੀ ਭਾਰਤ ਦੇ ਸਾਰੇ ਵਧੀਆ ਤੇ ਚੰਗੇ ਡਾਇਰੈਕਟਰਾਂ ਨਾਲ ਕੰਮ ਕੀਤਾ ਹੈ। ਤੁਸੀ ਇਸ ਬਾਰੇ ਕੁਝ ਦੱਸੋ ਜਿਵੇਂ ਕਿ ਸਤਿਆਜੀਤ ਰੇਅ ਨਾਲ ਕੰਮ ਕਰਕੇ ਕਿਵੇਂ ਲੱਗਾ?**

**ਜਵਾਬ:** ਸਤਿਆਜੀਤ ਰੇਅ ਇਕ ਖਾਸ ਹੀ ਫਿਲਮ ਮੇਕਰ ਸੀ ਜਿਸਨੂੰ ਫਿਲਮ ਦੀ ਸਭ ਪਾਸੋਂ ਜਾਣਕਾਰੀ ਸੀ। ਉਹ ਸਕਰਿਪਟ ਵੀ ਲਿਖ ਸਕਦਾ ਸੀ, ਸੰਗੀਤ ਬਾਰੇ ਵੀ ਜਾਣਦਾ ਸੀ, ਐਡੀਟਿੰਗ, ਕੈਮਰੇ ਬਾਰੇ, ਸਾਉਂਡ ਬਾਰੇ, ਬਹੁਤ ਕੁਝ ਜਾਣਦਾ ਸੀ। ਇਸੇ ਕਰਕੇ ਉਸਨੂੰ ਮੈਨ ਆਫ ਰੈਨੇਸਿਸ ਕਹਿੰਦੇ ਹਨ। ਉਨ੍ਹਾਂ ਨਾਲ ਕੰਮ ਕਰਕੇ ਮੈਨੂੰ ਮਹਿਸੂਸ ਹੋਇਆ ਕਿ ਉਹ ਬਹੁਤ ਸ਼ਾਂਤ ਅਤੇ ਕਾਨਸਟੈਂਟਲ ਇੰਪਰੋਵਾਈਜ਼ਿੰਗ – ਇਕ ਦਮ ਨਵੀਆਂ ਚੀਜ਼ਾਂ ਸਿਰਜ਼ ਸਕਣ ਵਾਲਾ ਵਿਅਕਤੀ ਸੀ। ਉਹ ਲੋਕੇਸ਼ਨ ਤੇ ਪਹੁੰਚ ਕੇ ਵੀ ਨਵੀਂ ਚੀਜ਼ ਅਪਣਾ ਲੈਂਦਾ ਸੀ, ਜੇ ਐਕਟਰ ਨੇ ਕੋਈ ਨਵੀਂ ਚੀਜ਼ ਕੀਤੀ ਤਾਂ ਉਸਨੂੰ ਵੀ ਵਰਤ ਲੈਣਾ,

> ਮੇਰਾ ਵਿਚਾਰ ਹੈ ਕਿ ਤੁਸੀ ਕਿਸੇ ਨੂੰ 50 ਸਾਲ ਕੋਠੇ ਵਿਚ ਬੰਦ ਕਰ ਦਿਓ ਅਤੇ ਕਹੋ ਕਿ ਜੇਕਰ ਤੂੰ ਪੰਜਾਬੀ ਬੋਲੀ ਤਾਂ ਤੇਰੀ ਲੱਤ ਭੰਨ ਦੇਵਾਂਗੇ, ਤਾਂ ਵੀ ਉਹ ਪੰਜਾਬੀ ਨਹੀਂ ਭੁੱਲੇਗਾ।

ਭਾਵ ਕਿ ਉਹ 'ਫਲੈਕਸੀਬਲ' ਸੀ। ਇਕ ਵਾਰੀ ਉਸਨੇ ਬਿਜ਼ਲੀ ਚਮਕਣ ਦਾ ਸੀਨ ਲੈਣਾ ਸੀ ਤਾਂ ਦੁਪਹਿਰ ਨੂੰ ਖਾਣਾ ਖਾਂਦੇ ਖਾਂਦੇ ਨੂੰ ਕੁਝ ਸੁੱਝ ਗਿਆ। ਉਸਨੇ ਇਕ ਦਮ ਸਾਰਾ ਕੰਨਸੈਪਟ ਬਦਲ ਦਿੱਤਾ ਕਿਉਂਕਿ ਬੱਦਲ ਅਚਾਨਕ ਆ ਚੜ੍ਹੇ ਸਨ। ਉਸਨੂੰ ਪਤਾ ਸੀ ਕਿ ਹੁਣ ਮੀਂਹ ਪੈ ਜਾਵੇਗਾ ਤੇ ਉਸਨੇ ਉਹ ਸੀਨ ਮੀਂਹ ਵਿਚ ਕਰ ਲਿਆ। ਭਾਵ ਉਸਨੇ ਪ੍ਰਤੀਕੂਲ ਹਾਲਤ ਨੂੰ ਆਪਣੇ ਹਿੱਤ ਵਿਚ ਵਰਤ ਲਿਆ। ਉਸਦੇ ਕੋਲ ਅਗਾਂਹ ਦੇਖਣ ਦੀ ਸ਼ਕਤੀ ਸੀ। ਬਿਜ਼ਲੀ ਚਮਕਣ ਦਾ ਦ੍ਰਿਸ਼ ਦਿਖਾਉਣ ਲਈ ਉਸਨੇ ਇਕ ਨਵਾਂ ਤੇ ਸਾਧਾ ਢੰਗ ਖੋਜ ਲਿਆ। ਉਸਨੇ ਇਕ ਤਸਲਾ ਲੈਕੇ ਤੇ ਉਸ ਵਿਚ ਗੂੰਦ ਲਾਕੇ ਤੇ ਸ਼ੀਸ਼ਾ ਭੰਨ ਕੇ ਛੋਟੇ ਛੋਟੇ ਟੁਕੜੇ ਤਸਲੇ ਵਿਚ ਜੜ ਦਿੱਤੇ। ਵੈਲਡਿੰਗ ਦੀ ਮਸ਼ੀਨ ਨਾਲ ਸਪਾਰਕ ਦੇ ਕੇ ਬਿਜ਼ਲੀ ਚਮਕਣ ਦਾ ਇਫੈਕਟ ਪੈਦਾ ਕਰ ਦਿੱਤਾ।

**ਸਵਾਲ: ਪੰਜਾਬ ਦੇ ਲੋਕ ਤੁਹਾਨੂੰ ਪੰਜਾਬੀ ਫਿਲਮਾਂ ਕਰਕੇ ਜਾਣਦੇ ਹਨ ਖਾਸਕਰ ਲੋਕਾਂ ਅੰਦਰ ਤੁਹਾਡੇ ਲਈ ਅਪਣਤ 'ਚੰਨ ਪ੍ਰਦੇਸੀ' ਤੋਂ ਆਈ ਹੈ। ਉਸ ਫਿਲਮ ਵਿਚ ਲੋਕਾਂ ਨੂੰ ਤੁਹਾਡੀ ਬੋਲੀ ਬਹੁਤ ਪਸੰਦ ਆਈ ਸੀ। ਪੰਜਾਬੀ**

**ਫਿਲਮ ਵਿਚ ਕੰਮ ਕਰਕੇ ਤੁਸੀ ਖ਼ੁੱਦ ਕਿਵੇਂ ਮਹਿਸੂਸ ਕੀਤਾ?**

**ਜਵਾਬ:** ਸੱਭ ਤੋਂ ਵੱਡੀ ਚੀਜ਼ ਤਾਂ ਇਹ ਹੈ ਕਿ ਮੈਂ 'ਚੰਨ ਪ੍ਰਦੇਸੀ' ਤੋਂ ਪਹਿਲਾਂ 10-12 ਫਿਲਮਾਂ ਕਰ ਚੁੱਕਾ ਸੀ। ਇਸ ਕਰਕੇ ਮੇਰੀ ਪੰਜਾਬੀ ਬੋਲਣ ਦੀ ਪ੍ਰੈਕਟਿਸ ਕਾਫੀ ਘੱਟ ਚੁੱਕੀ ਸੀ। ਇਸ ਫਿਲਮ ਵਿਚ ਕੁੱਝ ਚੀਜ਼ਾਂ ਮੈਂ ਨਵੀਆਂ ਕੀਤੀਆਂ ਜੋ ਕਿ ਮੈਂ ਪਹਿਲਾਂ ਕਦੀ ਨਹੀ ਸੀ ਕੀਤੀਆਂ। ਇਸਦਾ ਮਤਲਬ ਇਹ ਕਿ ਪੰਜਾਬੀ ਮੇਰੀ ਮਾਂ ਬੋਲੀ ਹੈ ਅਤੇ ਮੈਂ ਇਸਨੂੰ ਭੁੱਲ ਨਹੀ ਸਕਿਆ। ਮੇਰਾ ਵਿਚਾਰ ਹੈ ਕਿ ਤੁਸੀ ਕਿਸੇ ਨੂੰ 50 ਸਾਲ ਕੋਠੇ ਵਿਚ ਬੰਦ ਕਰ ਦਿਉ ਅਤੇ ਕਹੋ ਕਿ ਜੇਕਰ ਤੂੰ ਪੰਜਾਬੀ ਬੋਲੀ ਤਾਂ ਤੇਰੀ ਲੱਤ ਭੰਨ ਦੇਵਾਂਗੇ, ਤਾਂ ਵੀ ਉਹ ਪੰਜਾਬੀ ਨਹੀ ਭੁੱਲੇਗਾ।

ਆਪਣੀਆਂ ਪੰਜਾਬੀ ਫਿਲਮਾਂ ਬਹੁਤੀਆਂ ਚੰਗੀਆਂ ਨਹੀ ਬਣਦੀਆਂ। ਪੰਜਾਹਵਿਆਂ ਵਿਚ ਪੰਜਾਬੀ ਤੇ ਹਿੰਦੀ ਦੋਵੇਂ ਫਿਲਮਾਂ ਚੰਗੀਆਂ ਬਣਦੀਆਂ ਸਨ। ਬਾਅਦ ਵਿਚ ਪੱਛਮ ਦਾ ਅਸਰ ਹੋਣਾ ਸ਼ੁਰੂ ਹੋ ਗਿਆ ਤੇ ਫਿਲਮਾਂ ਵਿਚ ਮਸਾਲਾ ਭਰਨਾ ਸ਼ੁਰੂ ਹੋ ਗਿਆ। ਚਾਹੇ ਪੰਜਾਬ, ਚਾਹੇ ਗੁਜਰਾਤ, ਚਾਹੇ ਸਾਊਥ ਹੋਵੇ ਹਰ ਪਾਸੇ ਘਟੀਆਂ ਫਿਲਮਾਂ ਬਣਨ ਲੱਗੀਆਂ। ਇਹ ਸਾਰਾ ਅਸਰ ਘਟੀਆ ਹਿੰਦੀ ਫਿਲਮਾਂ ਦਾ ਸੀ। ਬਾਕੀ ਪਾਸੇ ਤਾਂ ਚੰਗੀਆਂ ਮਾੜੀਆਂ ਦੋਵੇਂ ਤਰ੍ਹਾਂ ਦੀਆਂ ਫਿਲਮਾਂ ਬਣਦੀਆਂ ਰਹੀਆਂ ਹਨ ਪਰ ਪੰਜਾਬ ਵਿਚ ਮਾੜੀਆਂ ਹੀ ਬਣਨੀਆਂ ਸ਼ੁਰੂ ਹੋ ਗਈਆਂ।

**ਸਵਾਲ: ਹਿੰਦੁਸਤਨ ਦੀਆਂ ਬਾਕੀ ਜ਼ੁਬਾਨਾਂ ਵਿਚ ਥਿਏਟਰ ਦੀ ਕਾਫੀ ਰਵਾਇਤ ਹੈ। ਪੰਜਾਬ ਵਿਚ ਸਿਰਫ ਫੋਕ ਥਿਏਟਰ ਹੀ ਮਸ਼ਹੂਰ ਰਿਹਾ ਹੈ। ਪਿਛਲੇ 10-15 ਸਾਲ ਵਿਚ ਪੰਜਾਬੀ ਥਿਏਟਰ ਨੇ ਪੰਜਾਬ ਦੀ ਸਿਆਸੀ ਸਥਿਤੀ ਦੇ ਬਾਵਜੂਦ ਖ਼ੂਬ ਵਿਕਾਸ ਕੀਤਾ ਹੈ ਪਰ ਪੰਜਾਬੀ ਫਿਲਮਾਂ ਵਿਚ ਇਹ ਸੁਧਾਰ ਨਹੀ ਹੋਇਆ। ਕੀ ਭਵਿੱਖ ਵਿਚ ਪੰਜਾਬੀ ਫਿਲਮਾਂ ਵਿਚ ਕੁਝ ਸੁਧਾਰ ਹੋਣ ਦੀ ਆਸ ਹੈ?**

**ਜਵਾਬ:** ਮੈਨੂੰ ਨਹੀਂ ਲੱਗਦਾ ਕਿ ਬੰਬਈ ਤੋਂ ਕੋਈ ਆਸ ਰੱਖਣੀ ਚਾਹੀਦੀ ਹੈ। ਇਹ ਆਸ ਉਨ੍ਹਾਂ ਬੰਦਿਆਂ ਤੋਂ ਹੋਣੀ ਚਾਹੀਦੀ ਹੈ ਜੋ ਇਸਨੂੰ ਮਹਿਸੂਸ ਕਰਦੇ ਹਨ। 'ਚੰਨ ਪ੍ਰਦੇਸੀ' ਇਕ ਹਿਸਾਬ ਨਾਲ ਨਵੀਂ ਸ਼ੁਰੂਆਤ ਸੀ। ਬਾਅਦ ਵਿਚ ਟਿਵਾਣਾ ਸਾਹਿਬ ਨੇ 'ਲੌਂਗ ਦਾ ਲਿਸ਼ਕਾਰਾ' ਬਣਾਈ ਜੋ ਕਿ ਮੈਂ ਸਮਝਦਾ 'ਚੰਨ ਪ੍ਰਦੇਸੀ' ਦੇ ਪੱਧਰ ਦੀ ਨਹੀਂ ਸੀ। ਸੋ ਭਾਵ ਜੇਕਰ ਚੰਗੀ ਸ਼ੁਰੂਆਤ ਹੋ ਜਾਵੇ ਤਾਂ ਹੋਰ ਲੋਕ ਵੀ ਪਿੱਛੇ ਲੱਗ ਪੈਂਦੇ ਹਨ। ਜਿਹੜੇ ਬੰਦੇ ਪੰਜਾਬੀ ਵਿਚ ਚੰਗੀ ਫਿਲਮ ਬਣਾਉਣ ਬਾਰੇ ਮਹਿਸੂਸ ਕਰਦੇ ਹਨ ਉਨ੍ਹਾਂ ਨੂੰ ਬਣਾ ਦੇਣੀ ਚਾਹੀਦੀ ਹੈ। ਇਸਦੀ ਜ਼ਰੂਰਤ ਹੈ, ਇਸਦੀ ਜਗਹ ਹੈ, ਇਸਨੂੰ ਦੇਖਣ ਵਾਲੇ ਮੌਜੂਦ ਹਨ। ਮੈਂ ਇਹ ਬਿਲਕੁਲ ਉਸੇ ਲਿਹਾਜ਼ ਨਾਲ ਕਹਿ ਰਿਹਾ ਹਾਂ ਜਿਵੇਂ ਮੈਂ ਹਿੰਦੀ ਫਿਲਮਾਂ ਬਾਰੇ ਕਹਿ ਚੁਕਾ ਹਾਂ। ਫਿਲਮਾਂ ਆਪਣੇ ਪੈਰਾਂ ਉਪਰ ਖੜ੍ਹੀਆਂ ਹੋਣੀਆਂ ਚਾਹੀਦੀਆਂ ਹਨ ਤੇ ਮੇਰੇ ਖਿਆਲ ਵਿਚ ਹੋ ਸਕਦੀਆਂ ਹਨ। ਪੰਜਾਬੀ ਵਿਚ ਫਿਲਮ ਬਣਾਓ, ਨਾਲ ਉਸਨੂੰ ਹਿੰਦੀ ਵਿਚ ਡੱਬ ਕਰ ਲਉ। ਬਹੁਤ ਜਗਹ ਦੋਭਾਸ਼ੀ ਫਿਲਮਾਂ ਬਣਦੀਆਂ ਹਨ। ਜੇ ਤੁਸੀ ਪਹਿਲਾਂ ਹੀ ਤਿਆਰ ਹੋ ਤਾਂ ਤੁਸੀ ਇਕੋ ਸਮੇਂ ਦੋਨਾਂ ਜ਼ੁਬਾਨਾਂ ਵਿਚ ਫਿਲਮ ਬਣਾ ਸਕਦੇ ਹੋ। ਇਕ ਸ਼ਾਟ ਪੰਜਾਬੀ ਵਿਚ ਹੋ ਜਾਵੇ ਅਤੇ ਉਸੇ ਹੀ ਸੈੱਟ ਤੇ ਉਹੀ ਸ਼ਾਟ ਹਿੰਦੀ ਵਿਚ ਹੋ ਜਾਵੇ। ਜਿਹੜੇ ਸੀਨਾਂ ਵਿਚ ਕੋਈ ਡਾਇਲਾਗ ਨਹੀ ਹਨ ਉਹਨਾਂ ਦਾ ਇਕ ਸੀਨ ਨਾਲ ਹੀ ਸਰ ਸਕਦਾ ਹੈ। ਆਰਥਿਕ ਤੌਰ ਤੇ ਸਿਰਫ ਪੰਜਾਬੀ ਵਿਚ ਫਿਲਮ ਬਣਾਉਣਾ ਸ਼ਾਇਦ ਐਨਾ ਫਾਇਦੇਮੰਦ ਨਾ ਹੋਵੇ। ਜੇਕਰ ਦੋ ਭਾਸ਼ਾਵਾਂ ਵਿਚ ਹੋਵੇ ਤਾਂ ਇਕ ਤਾਂ ਦਰਸ਼ਕਾਂ ਦੀ ਗਿਣਤੀ ਵੱਧ ਮਿਲਦੀ ਹੈ, ਪ੍ਰੋਡਿਊਸਰ ਦੇ ਪੈਸੇ ਜਲਦੀ ਵਾਪਿਸ ਆਉਂਦੇ ਹਨ। ਦੂਸਰਾ ਪੰਜਾਬ ਦੇ ਕਲਚਰ ਨੂੰ ਤੁਸੀਂ ਦੂਸਰੇ ਲੋਕਾਂ ਨਾਲ ਸਾਂਝਾ ਕਰ ਸਕਦੇ ਹੋ ਜਿਨ੍ਹਾਂ ਨੂੰ ਪੰਜਾਬੀ ਨਹੀ ਆਉਂਦੀ।

●◆●◆●◆●◆

**ਓਮ ਪੁਰੀ ਦੀਆਂ ਫਿਲਮ ਟੈਲੀਵਿਜ਼ਨ ਅਤੇ ਨਾਟਕ ਦੇ ਖੇਤਰ ਵਿਚ ਕੀਤੀਆਂ ਪ੍ਰਾਪਤੀਆਂ:**

1976 ਤੋਂ ਲੈ ਕੇ ਹੁਣ ਤੱਕ 90 ਤੋਂ ਉਪਰ ਫਿਲਮਾਂ ਵਿਚ ਕੰਮ ਕੀਤਾ ਹੈ ਜਿਨ੍ਹਾਂ ਵਿਚ ਆਕਰੋਸ਼, ਅਰਧ ਸੱਤਿਆ, ਚੋਖ, ਸੁਸਮਨ, ਆਘਾਤ ਅਤੇ ਤਮਸ ਵਰਗੀਆਂ ਫਿਲਮਾਂ ਸ਼ਾਮਲ ਹਨ।

●●●●●●

ਹੁਣ ਤੱਕ ਦਸ ਤੋਂ ਉਪਰ ਟੈਲੀਵਿਜ਼ਨ ਫਿਲਮਾਂ ਅਤੇ ਨਾਟਕਾਂ ਵਿਚ ਮਹੱਤਵਪੂਰਨ ਰੋਲ ਕੀਤੇ ਹਨ।

●●●●●●

ਚਾਲੀਆਂ ਤੋਂ ਵੱਧ ਨਾਟਕਾਂ ਵਿਚ ਮਹੱਤਵਪੂਰਨ ਭੂਮਕਾਵਾਂ ਨਿਭਾਈਆਂ ਹਨ। ਤੇ ਉਹਨਾਂ ਏ ਭਾਰਤੀ ਰੰਗ ਮੰਚ ਦੇ ਅਤੇ ਅੰਤਰ-ਰਾਸ਼ਟਰੀ ਪੱਧਰ ਦੇ ਜਾਣੇ ਪਹਿਚਾਣੇ ਨਿਰਦੇਸ਼ਕਾਂ ਨਾਲ ਕੰਮ ਕੀਤਾ ਹੈ।

●●●●●●

**ਸ਼੍ਰੀ ਓਮ ਪੁਰੀ ਨੂੰ ਹੁਣ ਤੱਕ ਹੇਠ ਲਿਖੇ ਇਨਾਮ ਮਿਲ ਚੁੱਕੇ ਹਨ।**

ਪਦਮਸ਼ਿਰੀ (1989), ਸੋਵੀਅਤ ਨਹਿਰੂ ਅਵਾਰਡ (ਭਾਰਤ ਤੇ ਰੂਸ ਦਾ ਸਾਂਝਾ ਇਨਾਮ 1986), ਕਾਰਲੋਵੀ ਵਾਰੀ ਅਵਾਰਡ (ਚੈਕੋਸਲਵਾਕੀਆ, 1984) ਨੈਸ਼ਨਲ ਅਵਾਰਡ (ਦੋ ਵਾਰੀ - 1981 ਤੇ 1984) ਫਿਲਮ ਫੇਅਰ ਅਵਾਰਡ (1983)

●●●●●●


**Sutton Group Medallion Realty**
#1-9200-120th St.
Surrey,B.C. V3V 4B7

Sutton GROUP

ਜਦੋਂ ਵੀ ਤੁਸੀਂ ਜਾਇਦਾਦ ਖਰੀਦਣੀ ਜਾਂ ਵੇਚਣੀ ਹੋਵੇ ਤਾਂ ਆਪਣੀ ਕਮਿਊਨਿਟੀ ਦੇ ਜਾਣੇ ਪਹਿਚਾਣੇ ਕੁਲਦੀਪ ਗਿੱਲ ਹੁਰਾਂ ਤੋਂ ਉਨ੍ਹਾਂ ਦੇ ਪ੍ਰੋਫੈਸ਼ਨਲ ਸੁਲਾਹ ਮਸ਼ਵਰੇ ਲਈ ਫੋਨ ਕਰੋ।

KULDIP GILL M.A.B.Ed.

Member of Fraser Valley Real Estate Board M.L.S. Medallion Club. Looking for a house, building lot or house with acres, in Surrey or Delta. Call me first for my honest & genuine opinion

Ph. 581-1211 Res. 590-8066




ਸਿਰਜਣਾ ਦਾ ਮੁਲਾਕਾਤਕਾਰ

# ਡਾ: ਰਘਬੀਰ ਸਿੰਘ

◎

**ਮੁਲਾਕਾਤੀ: ਸਾਧੂ ਤੇ ਸੁਖਵੰਤ ਹੁੰਦਲ**



**ਸਵਾਲ: ਕੁੱਝ ਲੋਕ ਤੁਹਾਨੂੰ ਕਮਿਊਨਿਸਟ ਪਾਰਟੀ ਦੇ ਕੁਲਵਕਤੀ ਮੈਂਬਰ ਦੇ ਤੌਰ ਤੇ ਜਾਣਦੇ ਹੋਣਗੇ, ਕੁੱਝ ਲੋਕ ਇਕ ਅਧਿਆਪਕ ਦੇ ਤੌਰ ਤੇ ਜਾਣਦੇ ਹੋਣਗੇ, ਬਹੁਤ ਲੋਕ ਸਿਰਜਣਾ ਦੇ ਸੰਪਾਦਕ ਦੇ ਤੌਰ ਤੇ ਜਾਣਦੇ ਹਨ ਤੇ ਕਈ ਲੋਕ ਤੁਹਾਨੂੰ ਆਲੋਚਕ ਦੇ ਤੌਰ ਤੇ ਜਾਣਦੇ ਹਨ। ਜੇਕਰ ਤੁਸੀ ਪਾਠਕਾਂ ਨੂੰ ਆਪਣੀ ਜਾਣ ਪਛਾਣ ਦੇਣੀ ਹੋਵੇ ਤਾਂ ਕਿਵੇਂ ਦੇਵੋਗੇ?**

**ਜਵਾਬ:** ਜੇਕਰ ਮੇਰੀ ਇੱਛਾ ਹੀ ਹੋਵੇ ਤਾਂ ਮੈਂ ਚਾਹਵਾਂਗਾ ਕਿ ਲੋਕ ਮੈਨੂੰ ਸਿਰਜਣਾ ਦੇ ਸੰਪਾਦਕ ਵਜੋਂ ਜਾਨਣ ਜਾਂ ਉਸ ਬੰਦੇ ਦੇ ਤੌਰ ਤੇ ਜਾਨਣ ਜਿਸਨੂੰ ਸਾਹਿਤ ਵਿਚ ਦਿਲਚਸਪੀ ਹੈ, ਜੋ ਸਾਹਿਤ ਦਾ ਇਕ ਪਾਠਕ ਹੈ। ਵੈਸੇ ਜਿਹੜੀਆਂ ਤੁਸੀ ਸਾਰੀਆਂ ਗੱਲਾਂ ਗਿਣਾਈਆਂ ਹਨ, ਉਹਨਾਂ ਸਾਰੀਆਂ ਵਿਚ ਹੀ ਮੈਂ ਕਿਤੇ ਨਾ ਕਿਤੇ ਹਾਂ। ਤੁਸੀ ਪਹਿਲੀ ਗੱਲ ਕੁਲਵਕਤੀ ਦੀ ਕਹੀ ਸੀ। ਉਹ ਹੁਣ ਬਹੁਤ ਪੁਰਾਣੀ ਹੋ ਚੁੱਕੀ ਹੈ। ਮੈਂ ਆਪਣੀ ਜ਼ਿੰਦਗੀ ਦੇ ਪਹਿਲੇ ਵਰ੍ਹਿਆਂ ਵਿਚ ਪੰਜ ਛੇ ਸਾਲ ਪਾਰਟੀ ਵਿਚ ਰਿਹਾ ਹਾਂ। ਇਹ ਉਦੋਂ ਦੀ ਗੱਲ ਹੈ ਜਦੋਂ ਮੈਂ ਬਿਲਕੁਲ ਗਭਰੂ ਅਵਸਥਾ ਵਿਚ ਆ ਰਿਹਾ ਸੀ। ਸੰਨ 64 ਤੱਕ ਮੈਂ ਛੇ ਸਾਲ ਪਾਰਟੀ ਵਿਚ ਰਿਹਾ ਹਾਂ।

**ਸਵਾਲ: ਕਿਹੜੀਆਂ ਹਾਲਤਾਂ ਸੀ ਜਿਹਨਾਂ ਨੇ ਤੁਹਾਨੂੰ ਇਧਰ ਲਿਆਂਦਾ? ਕਿਵੇਂ ਇਸ ਪਾਸੇ ਵਲ ਆਏ?**

**ਜਵਾਬ:** ਸਾਡੇ ਸਾਰੇ ਇਲਾਕੇ (ਜਿਲਾ ਲੁਧਿਆਣਾ) ਵਿਚ ਅਕਾਲੀਆਂ ਦਾ ਬੜਾ ਜੋਰ ਹੁੰਦਾ ਸੀ, ਇਸ ਕਰਕੇ ਮੈਂ ਕਦੇ ਸੋਚਿਆ ਵੀ ਨਹੀ ਸੀ ਕਿ ਮੈਂ ਕਦੇ ਇਸ ਪਾਸੇ (ਮਾਰਕਿਸਟ) ਜਾਵਾਂਗਾ। ਸਾਡੇ ਸਾਰੇ ਇਲਾਕੇ ਵਿਚ ਇਕ ਬੰਦਾ ਘੁੰਮਦਾ ਫਿਰਦਾ ਹੁੰਦਾ ਸੀ, ਸਾਨੂੰ ਪਤਾ ਹੁੰਦਾ ਸੀ ਕਿ ਉਹ ਉਥੋਂ ਦਾ ਕਮਿਊਨਿਸਟ ਆਰਗੇਨਾਈਜ਼ਰ ਹੈ। ਉਸਦਾ ਨਾਂ ਸੀ ਗਿਆਨੀ ਗੁਰਬਚਨ ਸਿੰਘ ਗੁੜੇ ਤੇ ਉਸਦਾ ਪਿੰਡ ਸੀ ਕਮਾਲਪੁਰਾ ਜਿੱਥੇ ਮੈਂ ਹਾਈ ਸਕੂਲ ਵਿਚ ਪੜ੍ਹਦਾ ਸੀ। ਜਦੋਂ ਅਸੀ ਸਕੂਲ ਜਾਂਦੇ ਹੁੰਦੇ ਸੀ ਤਾਂ ਉਹ ਰਸਤੇ ਵਿਚ ਮਿਲਦਾ ਹੁੰਦਾ ਸੀ। ਗੱਲ ਇਸ ਤਰ੍ਹਾਂ ਹੋਈ ਕਿ ਅਸੀ ਜਦੋਂ ਨੌਵੀਂ ਵਿਚ ਪੜ੍ਹਦੇ ਹੁੰਦੇ ਸੀ ਤਾਂ ਅਸੀ ਮੁੰਡਿਆਂ ਨੇ ਕਮਾਲਪੁਰੇ ਨਾਟਕ ਕਰਨ ਦਾ ਫੈਸਲਾ ਕੀਤਾ। ਇਸ ਬਾਰੇ ਅਸੀ ਆਪਣੇ ਅਧਿਆਪਕਾਂ ਨੂੰ ਕੁੱਝ ਨਾ ਦੱਸਿਆ। ਇਸ ਕਾਰਨ ਉਹਨਾਂ ਸਾਨੂੰ ਕਿਹਾ ਕਿ ਕਿਉਂਕਿ ਅਸੀ ਉਹਨਾਂ ਨੂੰ ਦੱਸਿਆ ਨਹੀ ਇਸ ਕਰਕੇ ਉਹਨਾਂ ਸਾਡਾ ਦਾਖਲਾ ਨਹੀ ਭੇਜਣਾ। ਹੈਡਮਾਸਟਰ ਸਾਹਿਬ ਨੇ ਸਾਨੂੰ ਘੁਰਕੀ ਘਰਕੀ ਦਿੱਤੀ। ਹਾਲਾਂਕਿ ਉਹ ਬੜਾ ਅੱਛਾ ਬੰਦਾ ਸੀ। ਜਦੋਂ ਉਸ ਦਿਨ ਅਸੀ ਪਿੰਡ ਨੂੰ ਜਾ ਰਹੇ ਸੀ ਤਾਂ ਰਾਹ ਵਿਚ ਸਾਈਕਲ ਤੇ ਆਉਂਦੇ ਗਿਆਨੀ ਗੁਰਬਚਨ ਸਿੰਘ ਹੁਰੀ ਮਿਲ ਪਏ। ਅਸੀ ਸੋਚਿਆ ਕਿ ਜਿਹੜੇ ਕਾਮਰੇਡ ਹੁੰਦੇ ਆਂ ਇਹਨਾਂ ਕੋਲ ਸਾਰੀਆਂ ਗੱਲਾਂ ਦੇ ਹੱਲ ਹੁੰਦੇ ਹੈ। ਅਸੀ ਉਹਨਾਂ ਨੂੰ ਆਪਣੀ ਸਮੱਸਿਆ ਦੱਸੀ। ਅਸੀ ਦੱਸਿਆ ਕਿ ਅਸੀ ਇਦਾਂ ਨਾਟਕ ਕਰਨਾ ਤੇ ਹੈਡਮਾਸਟਰ ਸਾਨੂੰ ਘੂਰਦਾ। ਕਹਿੰਦਾ ਦਾਖਲਾ ਨਹੀ ਜਾਣ ਦੇਣਾ। ਉਹ (ਗਿਆਨੀ ਗੁਰਬਚਨ ਸਿੰਘ) ਕਹਿੰਦਾ ਕਿ ਕੌਣ ਰੋਕ ਸਕਦਾ ਤੁਹਾਨੂੰ ਨਾਟਕ ਕਰਨ ਤੋਂ ਤੇ ਕੌਣ ਰੋਕੇਗਾ ਦਾਖਲਾ। ਤੁਸੀ ਜਾਉ ਕਰੋ ਨਾਟਕ। ਖੁੱਲ੍ਹ ਕੇ ਕਰੋ, ਸਗੋਂ ਮੈਂ ਆਊਂਗਾ ਉਸ ਦਿਨ ਤੁਹਾਡਾ ਨਾਟਕ ਦੇਖਣ। ਅਸੀ ਉਸ ਦਿਨ ਨਾਟਕ ਕੀਤਾ ਵਾਹ ਵਾਹ ਬੜੀ ਹੋਈ। ਮੈਂ ਨਾ ਸਿਰਫ ਨਾਟਕ ਵਿਚ ਰੋਲ ਕੀਤਾ ਸਗੋਂ ਕਵਿਤਾਵਾਂ ਵੀ ਪੜ੍ਹੀਆਂ। ਮੈਂ ਉਦੋਂ ਕਵਿਤਾਵਾਂ ਵੀ ਲਿਖਦਾ ਹੁੰਦਾ ਸੀ। ਉਹ ਜਿਹੜਾ ਗਿਆਨੀ ਗੁਰਬਚਨ ਸਿੰਘ ਗੁੜੇ ਸੀ ਉਹਨੇ ਮੈਨੂੰ ਕੈਪਚਰ ਕਰ ਲਿਆ। ਪਿੰਡਾਂ ਵਿਚ ਡਰਾਮੇ ਡਰੂਮੇ ਕਰਦੇ ਹੁੰਦੇ ਸੀ, ਮੈਨੂੰ ਸ਼ੌਕ ਸੀ। ਇਸ ਤਰ੍ਹਾਂ ਮੈਂ ਪਾਰਟੀ ਦੇ ਨਾਲ ਡਰਾਮੇ ਡਰੂਮੇ ਕਰਨ ਲੱਗ ਪਿਆ। ਦਸਵੀਂ ਕਰਨ ਤੋਂ ਪਿੱਛੋਂ ਸੱਚੀ ਗੱਲ ਹੈ ਕਿ ਮੇਰੇ ਘਰਦੇ ਸੋਚ ਵੀ ਨਹੀ ਸਕਦੇ ਸੀ ਕਿ ਉਹ ਮੈਨੂੰ ਕਾਲਜ ਭੇਜਣਗੇ। ਮੈਂ ਪਾਰਟੀ ਦੇ ਜਿਲਾ ਦਫਤਰ ਵਿਚ ਕੰਮ ਕਰਨ ਲੱਗ ਪਿਆ। ਸੱਚੀ ਗਲ ਤਾਂ ਇਹ ਹੈ ਕਿ ਮੈਂ ਛੇਤੀ ਅੱਗੇ ਕਦਮ ਪੁਟ ਲੈਂਦਾ ਸੀ ਤੇ ਦੋ ਸਾਲਾਂ ਵਿਚ ਹੀ ਅੱਗੇ ਤੋਂ ਅੱਗੇ ਚਲਾ ਗਿਆ। ਫਿਰ ਪਾਰਟੀ ਦੀ ਜਿਲ੍ਹ ਕਾਨਫਰੰਸ ਹੋਈ। ਉਸ ਵਿਚ ਮੈਂ ਵੀ ਡੈਲੀਗੇਟ ਸੀ। ਮੈਂ ਉੱਥੇ ਵਾਹਵਾ ਤੇਜ ਬੋਲਿਆ। ਉੱਥੇ ਸੂਬੇ ਚੋਂ ਲੀਡਰਸ਼ਿੱਪ ਆਈ ਹੋਈ ਸੀ। ਉਹਨਾਂ ਨੂੰ ਮੇਰੀ ਸਪੀਚ

ਚੰਗੀ ਲੱਗੀ ਤੇ ਉਹ ਕਹਿੰਦੇ ਅੱਛਾ, ਤੈਨੂੰ ਅਸੀ ਸਟੇਟ ਹੈੱਡ ਕੁਆਟਰ ਵਿਚ ਲੈ ਜਾਂਦੇ ਹਾਂ। ਪਹਿਲਾਂ ਉਹਨਾਂ ਮੈਨੂੰ ਪੰਜਾਬ ਕਿਸਾਨ ਸਭਾ ਦੇ ਮੋਰਚੇ ਵਿਚ ਰੱਖਿਆ, ਵਕਤੀ ਤੌਰ ਤੇ। ਉਹਨਾਂ ਦਾ ਦਫਤਰ ਸਾਂਭਣ ਵਾਲਾ ਕੋਈ ਨਹੀ ਸੀ। ਫਿਰ ਹੈੱਡ ਕੁਆਟਰ ਚਲੇ ਗਏ। ਮੈਨੂੰ ਸੰਗ ਜਿਹੀ ਲੱਗਦੀ ਹੈ ਦਸਦੇ

**ਪ੍ਰਯੋਗਵਾਦੀ ਲੋਕ ਉਹ ਸਨ ਜੋ ਸਾਰੇ ਐਸਟੈਬਲਿਸ਼ਮੈਂਟ (ਸਥਾਪਤੀ) ਨਾਲ ਸਮਝੌਤਾ ਕਰਕੇ ਚਲਦੇ ਸਨ।**

ਨੂੰ ਕਿ ਮੈਂ ਉੱਥੇ ਐਫੀਸ਼ੈਂਟ ਕਾਫੀ ਸੀ। ਉਹ ਜਿਹੜਾ ਵੀ ਕੰਮ ਮੈਨੂੰ ਦਿੰਦੇ, ਮੈਂ ਕਰ ਲੈਂਦਾ ਸੀ। ਤੇ ਇਸ ਤਰ੍ਹਾਂ ਮੈਂ ਉਥੇ ਦੇ ਦਫਤਰ ਚਲਾਉਣ ਵਾਲੇ ਦਾ ਇਕ ਕਿਸਮ ਦਾ ਅਸਿਸਟੈਂਟ ਜਿਹਾ ਬਣ ਗਿਆ। ਫਿਰ ਉਥੇ ਕੰਮ ਕਰਦੇ ਰਹੇ ਕਾਫੀ ਦੇਰ। ਫਿਰ ਜਦੋਂ ਚੀਨ ਦੀ ਲੜਾਈ ਲੱਗੀ ਤਾਂ ਦੋ ਪਾਰਟੀਆਂ ਬਣ ਗਈਆਂ। ਜਿਹੜੇ (ਸੋ ਕਾਲਡ) ਚੀਨ ਪੱਖੀ ਸੀ ਉਹਨਾਂ ਸਾਰਿਆਂ ਨੂੰ (ਲੀਡਰਸ਼ਿਪ ਨੂੰ) ਫੜਕੇ ਲੈ ਗਏ। ਇਕ ਦੂਜੇ ਤੇ ਬੇ-ਵਿਸ਼ਵਾਸੀ ਬੜੀ ਸੀ ਉਹਨਾਂ ਦਿਨਾਂ ਵਿਚ। ਆਪਣਾ ਕਾਮਰੇਡ ਨਹੀ ਸੀ ਸਮਝਦੇ, ਸਗੋਂ ਦੁਸ਼ਮਣ ਸਮਝਦੇ ਸੀ ਜਿਹੜਾ ਤੁਹਾਡੇ ਵਿਚਾਰਾਂ ਦਾ ਨਹੀ ਸੀ। ਮੈਂ ਵੀ ਉਹਨਾਂ ਦਿਨਾਂ ਵਿਚ ਉਹਨਾਂ ਨਾਲ ਸੀ ਜਿਹਨਾਂ ਨੂੰ ਅਖੋਤੀ ਚੀਨ ਪੱਖੀ ਕਹਿੰਦੇ ਸੀ। ਪਾਰਟੀ ਵਿਚ ਬਹਿਸਾਂ ਬਹੁਤ ਹੁੰਦੀਆਂ ਸਨ। ਬੜੀਆਂ ਤਿੱਖੀਆਂ ਤਿੱਖੀਆਂ ਗੱਲਾਂ ਕੀਤੀਆਂ, ਲਿਖ ਲਿਖ ਕੇ ਵੀ ਭਾਸ਼ਣ ਦਿੱਤੇ, ਰਿਕਾਰਡ ਵਿਚ ਲਿਆਉਣ ਦੀ ਖਾਤਰ। ਦੂਜਿਆਂ ਦਾ ਕਬਜਾ ਹੋ ਗਿਆ ਪਾਰਟੀ ਤੇ। ਜਦੋਂ ਉਹਨਾਂ ਦਾ ਕਬਜਾ ਹੋ ਗਿਆ ਤਾਂ ਅਸੀ ਸੋਚਿਆ ਕਿ ਸਾਡੀ ਹੁਣ ਸੁਰ ਨਹੀ ਰਲਦੀ ਤੇ ਥੋੜੀ ਦੇਰ ਪਿਛੋਂ ਮੈਂ ਉਹਨਾਂ ਨੂੰ ਕਿਹਾ ਕਿ ਤੁਹਾਡੇ ਨਾਲ ਸਾਡਾ ਮੇਲ ਜੋਲ ਨਹੀ ਹੈ। ਇਹ ਸਾਰੀ ਗੱਲ ਵਆਠ ਦੀ ਹੈ। 63 ਦਾ ਸਾਰਾ ਸਾਲ ਸਾਡੇ ਲੀਡਰ ਅੰਦਰ ਰਹੇ। ਇਸ ਹਾਲਤ ਵਿਚ ਅਸੀ ਉਹਨਾਂ ਦਾ ਸਾਥ ਛੱਡ ਦਿੱਤਾ। ਇਸਦੇ ਨਾਲ ਨਾਲ ਮੈਂ ਪੜ੍ਹਦਾ ਰਿਹਾ ਸੀ। ਲੁਧਿਆਣੇ ਆਉਣ ਤੋਂ ਪਹਿਲਾਂ ਮੈਂ ਐਫ.ਏ. ਕੀਤੀ ਹੋਈ ਸੀ (ਪ੍ਰਾਈਵੇਟ)। ਬਾਅਦ ਵਿਚ ਮੈਂ (63 ਤੋਂ ਪਹਿਲਾਂ) ਬੀ. ਏ. ਵੀ ਕਰ ਲਈ ਸੀ।

ਪਾਰਟੀ ਛੱਡਣ ਤੇ ਮੈਂ ਸੋਚਿਆ ਕਿ ਹੁਣ ਕੀ ਕਰਨਾ ਹੈ? ਉਹਨਾਂ ਦਿਨਾਂ ਵਿਚ ਇਨਕਲਾਬ ਕਾਫੀ ਸਿਰ ਤੇ ਚੜ੍ਹਿਆ ਹੁੰਦਾ ਸੀ ਪਰ ਪਾਰਟੀ ਵਿਚ ਥਾਂ ਹੀ ਨਹੀ ਸੀ। ਮੈਂ ਚੁੱਪ ਕਰਕੇ ਕਾਲਜ ਦਾਖਲਾ ਲੈ ਲਿਆ ਤੇ ਮੈਂ ਐਮ. ਏ. ਪੜ੍ਹਨ ਲੱਗ ਗਿਆ। ਇਸ ਤਰ੍ਹਾਂ ਐਮ. ਏ. ਕਰਨ ਲੱਗਣਾ ਇਕ ਤਰ੍ਹਾਂ ਦਾ ਹਾਦਸਾ ਹੀ ਸੀ। ਐਮ.ਏ. ਕਰਕੇ ਫਿਰ ਕੈਰੀਅਰ ਹੀ ਦੂਜੇ ਪਾਸੇ ਸ਼ੁਰੂ ਹੋ ਗਿਆ। ਪਹਿਲਾਂ ਕਾਲਜ ਤੇ ਫਿਰ ਯੂਨੀਵਰਸਿਟੀ ਵਿਚ ਨੌਕਰੀ ਕੀਤੀ। ਮੈਂ ਤੁਹਾਨੂੰ ਇਹ ਦੱਸਾਂ ਮੇਰੀ ਜ਼ਿੰਦਗੀ ਵਿਚ ਇਸ ਹਾਦਸੇ ਵਾਂਗ ਹੋਰ ਵੀ ਕਈ ਕੁੱਝ ਹਾਦਸੇ ਨਾਲ ਹੀ ਹੋਇਆ ਹੈ, ਇਕ ਦਮ ਰੁੱਖ ਬਦਲ ਹੁੰਦਾ ਰਿਹਾ। ਮੈਂ ਸੋਚਦਾ ਹਾਂ ਜੇ ਡਰਾਮੇ ਵਾਲੀ ਗੱਲ ਨਾ ਹੁੰਦੀ ਤੇ ਸ਼ਾਇਦ ਮੇਰਾ ਬਿਲਕੁਲ ਇੱਧਰ ਕਾਮਰੇਡਾਂ ਨਾਲ ਮੇਲ ਮਿਲਾਪ ਨਾ ਹੁੰਦਾ ਤੇ ਫਿਰ ਜੇ ਵਾਰਠ ਦੀਆਂ ਘਟਨਾਵਾਂ ਨਾ ਵਾਪਰਦੀਆਂ ਤਾਂ ਸ਼ਾਇਦ ਮੈਂ ਕਦੇ ਵੀ ਕੁਲਵਕਤੀ ਪਾਰਟੀ ਦੀ ਮੈਂਬਰਸ਼ਿੱਪ ਨਾ ਛਡਦਾ।

**ਸਵਾਲ: ਅੱਛਾ ਇਹ ਸਾਰੇ ਸਮੇ ਦੌਰਾਨ ਜਦੋਂ ਤੁਸੀ ਸਕੂਲ ਕਾਲਜ ਤੇ ਫਿਰ ਪਾਰਟੀ ਲਈ ਕੰਮ ਕਰਦੇ ਰਹੇ ਹੋ ਉਸ ਸਮੇਂ ਜਿਹੜੀ ਪਾਰਟੀ ਦੀ, ਇਸ ਸਾਰੀ ਮੂਵਮੈਂਟ ਦੀ ਥਿਊਰੇਟੀਕਲ ਸਾਈਡ ਸੀ, ਉਸ ਬਾਰੇ ਦੱਸੋ? ਤੁਸੀ ਖੁਦ ਕਿੰਨਾ ਕੁ ਮਾਰਕਸਿਜ਼ਮ ਪੜ੍ਹਿਆ? ਦੂਜੇ ਲੋਕ ਕਿੰਨੀ ਕੁ ਥਿਊਰੀ ਪੜ੍ਹਦੇ ਸਨ? ਜਾਂ ਜਿਹੜੀ ਗੱਲ-ਬਾਤ ਹੁੰਦੀ ਸੀ ਉਹ ਸਿਰਫ ਉਥੋਂ ਦੇ ਸਿਆਸੀ ਮਸਲਿਆਂ ਦੁਆਲੇ ਹੀ ਹੁੰਦੀ ਸੀ ਜਾਂ ਥੀਊਰੇਟੀਕਲ ਸਾਈਡ ਵੀ ਤੁਹਾਡੇ ਵਿਚਾਰ ਵਟਾਂਦਰਾ ਦਾ ਹਿੱਸਾ ਹੁੰਦੀ ਸੀ?**

**ਜਵਾਬ:** ਜਿੱਥੋਂ ਤੱਕ ਮੇਰਾ ਤੁਅੱਲਕ ਹੈ ਮੈਂ ਇਹ ਤਾਂ ਨਹੀ ਕਹਿੰਦਾ ਕਿ ਬਹੁਤ ਸਿਸਟੇਮੈਟੀਕਲ ਪੜ੍ਹਿਆ ਮਾਰਕਸਿਜ਼ਮ। ਇਹੀ ਜਿਹੀ ਗੱਲ ਤਾਂ ਨਹੀ ਸੀ ਪਰ ਜਿਹੜੀਆਂ ਵੀ ਕਿਤਾਬਾਂ ਮਿਲਦੀਆਂ ਸਨ, ਜਿਹਨਾਂ ਦੀ ਜ਼ਿਆਦਾ ਚਰਚਾ ਹੁੰਦੀ ਸੀ, ਉਹ ਕਿਤਾਬਾਂ ਜ਼ਰੂਰ ਪੜ੍ਹੀ ਦੀਆਂ ਸੀ। ਕੁਝ ਬੇਸਿਕ ਕਿਤਾਬਾਂ ਇਸਤਰ੍ਹਾਂ ਦੀਆਂ ਜਿਵੇਂ ਡਾਈਲੈਕਟੀਕਲ ਮੈਟੀਰੀਅਲਿਜ਼ਮ, ਹਿਸਟੋਰੀਕਲ ਮੈਟੀਰੀਅਲਿਜ਼ਮ ਦੀਆਂ ਜੋ ਕਿਤਾਬਾਂ ਨੇ, ਉਹ ਕਿਤਾਬਾਂ ਜ਼ਰੂਰ ਪੜ੍ਹੀਆਂ। ਇਵੇਂ ਜਿਵੇਂ ਮਾਰਕਸ ਦੀਆਂ, ਲੈਨਿਨ ਦੀਆਂ ਜਿਵੇਂ ਸਟੇਟ ਐਂਡ ਰੈਵੂਲੂਸ਼ਨ ਆਦਿ ਇਸ ਤਰ੍ਹਾਂ ਦੀਆਂ ਕਿਤਾਬਾਂ ਪੜ੍ਹੀਆਂ। ਮੈਨੂੰ ਪੜ੍ਹਨ ਦਾ ਸ਼ੌਕ ਸੀ ਤੇ ਮੈਂ ਕਾਫੀ ਕਾਮਰੇਡਾਂ ਦੇ ਟਾਕਰੇ ਜ਼ਿਆਦਾ ਪੜ੍ਹਨ ਵਾਲਾ ਸੀ। ਇਹ ਜਿਹੜੀ ਗੱਲ ਤੁਸੀ ਕਹੀ ਬੜੀ ਢੁੱਕਵੀਂ ਹੈ, ਬਈ ਅਸੀ ਇਹ ਵੀ ਗੱਲ ਕਰਦੇ ਹੁੰਦੇ ਸੀ ਕਿ ਬਹੁਤ ਸਾਰੇ ਕਾਮਰੇਡ ਸਨ ਜਿਹੜੇ ਸਦਾ ਕਰੰਟ ਅਫੇਅਰ ਦੀ ਗੱਲ ਕਰਦੇ ਹੁੰਦੇ ਸੀ। ਅਸੀ ਇਸ ਗੱਲ ਨੂੰ ਮਾੜਾ ਸਮਝਦੇ ਸੀ। ਅਸੀ ਕਹਿੰਦੇ ਹੁੰਦੇ ਸੀ ਕਿ ਕਾਮਰੇਡ ਇਹ ਤਾਂ ਬਹੁਤ ਉਪਰਲੀਆਂ ਉਪਰਲੀਆਂ ਗੱਲਾਂ ਨੇ ਸਾਨੂੰ ਬੇਸਿਕ ਮਾਰਕਸਿਸਟ ਅੰਡਰਸਟੈਂਡਿੰਗ ਹੋਣੀ ਚਾਹੀਦੀ ਹੈ ਅਸੀ ਕਹਿੰਦੇ ਹੁੰਦੇ ਸੀ ਕਿ ਸਾਥੀ ਇਹ ਜਿਹੜਾ ਨਵਾਂ ਜਮਾਨਾ ਇਹ ਤਾਂ ਨਿੱਤ ਦੀਆਂ ਖਬਰਾਂ ਲਈ ਹੀ ਹੈ। ਤੇ ਜੇਕਰ ਤੁਹਾਡੀ ਬੇਸਿਕ ਅੰਡਰਸਟੈਂਡਿੰਗ ਨਹੀਂ ਤਾਂ ਫੇਰ ਤੁਸੀ ਥਿੜਕ ਜਾਉਗੇ। ਕੋਸ਼ਿਸ਼ ਮੈਂ ਕਰਦਾ ਰਿਹਾ, ਉਸ ਸਮੇਂ ਪੜ੍ਹਨ ਦੀ। ਮਾਉ ਦੀਆਂ ਲਿਖਤਾਂ ਅਤੇ ਹੋਰ ਚੀਨੀ ਲੇਖਕਾਂ ਦੀਆਂ ਲਿਖਤਾਂ। ਮਾਰਕਸ ਦੀਆਂ ਲਿਖਤਾਂ। ਮਸ਼ਹੂਰ ਮਸ਼ਹੂਰ ਕਿਤਾਬਾਂ ਪੜ੍ਹਨ ਦੀ ਹਮੇਸ਼ਾਂ ਕੋਸ਼ਿਸ਼ ਕੀਤੀ ਹੈ। ਪਰ ਇਹ ਝੋਰਾ ਜ਼ਰੂਰ ਹੈ ਕਿ ਸਿਸਟੇਮੈਟਿਕ ਢੰਗ ਨਾਲ ਸਟੱਡੀ ਨਹੀ ਹੋਈ।

**ਸਵਾਲ: ਉਦੋਂ ਜਦੋਂ ਸਿਧਾਂਤਕ ਚੀਜ਼ਾਂ ਪੜ੍ਹ ਰਹੇ ਸੀ, ਉਹਦੇ ਨਾਲ ਨਾਲ ਪੰਜਾਬੀ ਸਾਹਿਤ ਜਾਂ ਹੋਰ ਸਾਹਿਤ ਕਿੰਨਾ ਕੁ ਪੜ੍ਹਿਆ? ਤੁਹਾਡੇ ਸਾਥੀਆਂ ਦੇ ਸਾਹਿਤ ਬਾਰੇ ਕੀ ਵਿਚਾਰ ਸਨ? ਉਹ ਕਿੰਨਾ ਕੁ ਪੜ੍ਹਦੇ ਸਨ?**

**ਜਵਾਬ:** ਜਿਵੇਂ ਮੈਂ ਦੱਸਿਆ ਕਿ ਮੈਨੂੰ ਸ਼ੌਕ ਸੀ ਲਿਟਰੇਚਰ ਬਾਰੇ। ਮੈਂ ਪਾਰਟੀ ਵਿਚ ਵੀ ਉਹਨਾਂ ਲੋਕਾਂ ਵਿਚ ਗਿਣਿਆ ਜਾਂਦਾ ਸੀ ਜਿਹਨਾਂ ਦੀ ਲਿਟਰੇਚਰ ਨਾਲ ਦਿਲਚਸਪੀ ਸੀ। ਉਸ ਸਮੇਂ ਸਭਾਵਾਂ ਦਾ ਬੜਾ ਜੋਰ ਸੀ ਜਿਵੇਂ ਲਿਖਾਰੀ

**ਸਾਡੀ ਸਿਆਸੀ ਲੀਡਰਸ਼ਿੱਪ ਨੂੰ ਜ਼ੁਬਾਨ ਜਾਂ ਕਲਚਰ ਦੀ ਐਡੀ ਚੇਤਨਾ ਨਹੀ ਹੈ।**

ਸਭਾ ਰਾਮ ਪੁਰ ਹੈ, ਸਾਹਿਤ ਸਭਾ ਬਰਨਾਲਾ ਹੈ ਇਹਨਾਂ ਦਾ ਬੜਾ ਨਾਂ ਹੁੰਦਾ ਸੀ। ਮੇਰੇ ਵਰਗਾ ਬੰਦਾ ਜਿਹੜਾ ਪਿੰਡ ਵਿਚ ਬੈਠਾ ਸੀ ਉਸਨੂੰ ਵੀ ਬੜਾ ਚਾਅ ਹੁੰਦਾ ਸੀ ਕਿ ਰਾਮ ਪੁਰ ਸਭਾ ਦਾ ਫੰਕਸ਼ਨ ਹੋ ਰਿਹਾ ਹੈ, ਬਈ ਉੱਥੇ ਪਹੁੰਚਣਾ ਹੈ। ਸ਼ੁਰੂ ਵਿਚ ਇਕ ਮੈਂ ਗੱਲ ਦੱਸੀ ਸੀ ਕਿ ਮੈਂ ਕਵਿਤਾ ਕਹਿੰਦਾ ਹੁੰਦਾ ਸੀ। ਜਦੋਂ ਮੈਂ ਕਾਮਰੇਡ ਬਣਿਆ, ਇਹ ਗੱਲ ਮੈਂ ਹਾਸੇ ਵਿਚ ਕਹਿੰਦਾ ਹੁੰਦਾ - ਤਾਂ ਮੈਂ ਕਿਹਾ ਮੈਨੂੰ ਤਾਂ ਅਕਲ ਆ ਗਈ ਤੇ ਮੈਨੂੰ ਲੱਗਾ ਕਿ ਇਹ ਕਵਿਤਾ ਜਿਹੜੀ ਹੈ ਉਹ ਸਿਆਣੇ ਬੰਦੇ ਨਹੀ ਲਿਖਦੇ ਹੁੰਦੇ। ਜਾਂ ਇਹ ਕਹੋ ਕਿ ਮੈਂ ਏਨਾ ਰੁੱਖਾ ਹੋ ਗਿਆ ਕਵਿਤਾ ਵਾਲੀ ਗੱਲ ਮੈਂ ਛੱਡ ਦਿੱਤੀ। ਲਿਟਰੇਚਰ ਨੂੰ ਸਮਝਣ ਵਾਲੀ ਗੱਲ ਜਿਹੜੀ ਸੀ, ਥੋੜੀ ਕਰੀਟੀਕਲ ਅਪਰੋਚ ਜ਼ਿਆਦਾ

ਸੀ। ਮੈਂ ਕਹਿ ਸਕਦਾ ਕਿ ਸ਼ਾਇਦ ਇਹ ਮੇਰੀ ਥੋੜੀ ਜਿਹੀ ਕਮਜ਼ੋਰੀ ਵੀ ਹੋਵੇ ਕਿ ਮੈਂ ਸਿਰਜਣਾਤਮਕ ਰਚਨਾ ਨਹੀਂ ਸੀ ਕਰ ਸਕਦਾ। ਜਾਂ ਮੈਂ ਬਹੁਤਾ ਯਤਨ ਨਹੀਂ ਕੀਤਾ ਤੇ ਮੈਂ ਆਲੋਚਨਾ ਦੇ ਪਾਸੇ ਪੈ ਗਿਆ ਸੀ। ਭਾਵੇਂ ਮੈਂ ਪੜ੍ਹਿਆ ਥੋੜਾ ਹੀ ਸੀ ਉਹਨਾਂ ਦਿਨਾਂ ਵਿਚ, ਪਰ ਮੈਂ ਤਿੱਖੀਆਂ ਤਿੱਖੀਆਂ ਗੱਲਾਂ ਬੜੀਆਂ ਕਰ ਲੈਂਦਾ ਸੀ। ਮੈਨੂੰ ਚਾਅ ਬੜਾ ਹੁੰਦਾ ਸੀ ਤੇ ਜੇ ਕੋਈ ਬਹਿਸ ਹੋਣੀ ਮੈਂ ਜ਼ਰੂਰ ਹਿੱਸਾ ਲੈਣਾ। ਉਹਦੇ ਵਿਚ ਖਬਰੇ ਮੇਰੀ ਉਮਰ ਛੋਟੀ ਸੀ, ਖਬਰੇ ਕੱਦ ਛੋਟਾ ਸੀ, ਖਬਰੇ ਮੇਰੀ ਪਰਫਾਰਮੈਂਸ ਇਹੋ ਜਿਹੀ ਹੁੰਦੀ ਸੀ ਤੇ ਮੈਂ ਹਮੇਸ਼ਾਂ ਧਿਆਨ ਖਿਚਦਾ ਸੀ।



ਮੈਨੂੰ ਯਾਦ ਹੈ ਕਿ ਕਿਸ਼ਨ ਸਿੰਘ ਤੇ ਸੰਤ ਸਿੰਘ ਸੇਖੋਂ ਇਹ ਦੋਨੋਂ ਬੰਦੇ ਹੀ ਆਪਣੇ ਆਪ ਨੂੰ ਕੌਮਨਿਸਟ ਕਹਿੰਦੇ ਸੀ, ਦੋਨਾਂ ਨੂੰ ਕੌਮਨਿਸਟ ਪਾਰਟੀ ਵਾਹਵਾ ਉਭਾਰਦੀ ਸੀ। ਪਰ ਇਹ ਦੋਵੇਂ ਇਕ ਦੂਜੇ ਤੋਂ 'ਪੋਲਜ਼ ਅਪਾਰਟ' ਸੀ। ਪਾਰਟੀ ਨੇ ਸਾਡਾ ਯੁਗ ਨਾਂ ਦਾ ਸਿਧਾਂਤਕ ਪਰਚਾ ਕੱਢਿਆ ਹੋਇਆ ਸੀ। ਉਹਦੇ ਵਿਚ ਕੀਤਾ ਕੀ ਇਕ ਵਾਰ ਕੇਂਦਰੀ ਸਭਾ ਨੇ ਕਿਹਾ ਗੋਸ਼ਟੀ ਕਰਾਉਣੀ ਹੈ ਤੇ ਇਹ ਸਾਡੇ ਕਾਮਰੇਡਾਂ ਵੱਲੋਂ ਸੁਝਾਉ ਸੀ। ਗੋਸ਼ਟੀ ਤੇ ਹੋਇਆ ਕੀ ਕਿ ਸੰਤ ਸਿੰਘ ਸੇਖੋਂ ਨੇ ਤਾਂ ਪਹਿਲਾਂ ਹੀ ਸ਼ੇਖ ਫਰੀਦ ਤੇ ਇਕ ਲੇਖ ਲਿਖਿਆ ਹੋਇਆ ਸੀ ਤੇ ਕਿਸ਼ਨ ਸਿੰਘ ਨੂੰ ਕਿਹਾ ਗਿਆ ਕਿ ਤੂੰ ਲਿਖ। ਉਹਨੂੰ ਸੱਦਾ ਦਿੱਤਾ ਗਿਆ। ਅਸੀਂ ਉਹ ਦੋਨੋਂ ਲੇਖ ਸਾਡਾ ਯੁਗ ਵਿਚ ਛਾਪੇ ਤੇ ਨਾਲ ਹੀ ਕੇਂਦਰੀ ਪੰਜਾਬੀ ਲੇਖਕ ਸਭਾ ਨੇ ਗੋਸ਼ਟੀ ਕੀਤੀ। ਗਿਆਨੀ ਹੀਰਾ ਸਿੰਘ ਦਰਦ ਉਹਨਾਂ ਦਿਨਾਂ ਵਿਚ ਸਭਾ ਦੇ ਕਰਤਾ ਧਰਤਾ ਹੁੰਦੇ ਸੀ। ਉਹਨਾਂ ਸਾਰਿਆਂ ਨੂੰ ਲਿਖਿਆ ਕਿ ਜਿਹੜੇ ਲੇਖ ਪੜ੍ਹਕੇ ਨੂੰ ਆਉਣਗੇ, ਚੰਗਾ ਹੋਵੇ ਜੇ ਉਹਨਾਂ ਸੱਭ ਤੋਂ ਪਹਿਲਾਂ ਮੌਕਾ ਦਿੱਤਾ ਜਾਵੇ ਜੋ ਲਿਖ ਕੇ ਲਿਆਉਣ। ਮੈਂ ਛੋਟਾ ਜਿਹਾ ਲੇਖ ਲਿਖ ਲਿਆ ਕਿਉਂਕਿ ਸਾਡਾ ਯੁਗ ਵਿਚ ਛਪਣ ਕਰਕੇ ਉਹ ਦੋਨੋਂ ਲੇਖ ਮੇਰੇ ਹਥਾਂ ਵਿਚੋਂ ਲੰਘੇ ਸਨ। ਮੈਂ ਵੀ ਛੋਟਾ ਜਿਹਾ ਕੁਮੈਂਟ ਨਾਲ ਲਿਖ ਦਿੱਤਾ। ਗਿਆਨੀ ਜੀ ਨੂੰ ਮੈਂ ਸੰਗਦਿਆਂ ਸੰਗਦਿਆਂ ਕਿਹਾ ਕਿ ਜੀ ਮੈਂ ਸ਼ਾਮਲ ਹੋਣਾ ਗੋਸ਼ਟੀ ਵਿਚ। ਉਹਨੀ ਦੇਖਕੇ ਕਿਹਾ ਕਿ ਠੀਕ ਹੈ। ਕਿਉਂਕਿ ਉੱਥੇ ਉਹਨਾਂ ਦਿਨਾਂ ਵਿਚ ਬਹੁਤ ਮਹਾਂਰਥੀ ਆਏ ਸੀ। ਮੇਰਾ ਖਿਆਲ ਹੈ ਪੰਜਾਬੀ ਲਿਟਰੇਚਰ ਦੀ ਕੋਈ ਐਸੀ ਪਰਸਨੈਲਟੀ ਨਹੀਂ ਹੋਣੀ ਜਿਹੜੀ ਕਿ ਨਾ ਆਈ ਹੋਵੇ। ਮਤਲਬ ਕਿ ਉਥੇ ਸੇਖੋਂ ਤੇ ਕਿਸ਼ਨ ਸਿੰਘ ਹੈਗੇ ਹੀ ਸੀ, ਪਰ ਦੂਸਰੇ –ਜਿਵੇਂ ਪ੍ਰੀਤਮ ਸਿੰਘ, ਅਤਰ ਸਿੰਘ, ਜਸਵੀਰ ਸਿੰਘ, ਬਲਵੰਤ ਗਾਰਗੀ, ਸੁਜਾਨ ਸਿੰਘ, ਸੰਤੋਖ ਸਿੰਘ ਧੀਰ, ਜਸਵੰਤ ਸਿੰਘ ਕੰਵਲ – ਸਾਰੇ ਹੀ ਉੱਥੇ ਸੀ। ਮੈਂ ਕਿਉਂਕਿ ਲੇਖ ਲਿਖਿਆ ਸੀ ਤੇ ਵੱਡੇ ਵਿਦਵਾਨਾਂ ਨੇ ਨਹੀਂ ਸੀ ਲਿਖੇ ਤੇ ਮੈਨੂੰ ਪਹਿਲਾਂ ਹੀ ਮੌਕਾ ਮਿਲ ਗਿਆ। ਮੈਂ ਸਿੱਧੀਆਂ ਜਿਹੀਆਂ ਤਿੱਖੀਆਂ ਤਿੱਖੀਆਂ ਗੱਲਾਂ ਕੀਤੀਆਂ ਸੀ ਤੇ ਮੈਂ ਕਿਸ਼ਨ ਸਿੰਘ ਦੇ ਖਿਲਾਫ ਸੇਖੋਂ ਦੇ ਹੱਕ ਵਿਚ ਕਿਹਾ। ਮੈਂ ਸਿਧੀਆਂ ਪੇਂਡੂ ਜਿਹੀਆਂ ਮਿਸਾਲਾਂ ਵਰਤੀਆਂ। ਮੇਰੀ ਸਪੀਚ ਤੇ ਕਾਫੀ ਤਾੜੀਆਂ ਵੱਜੀਆਂ। ਜਲੰਧਰ ਤਾਂ ਪ੍ਰੈਸ ਦਾ ਘਰ ਹੈ। ਦੂਜੇ ਦਿਨ ਸਾਰੇ ਅਖਬਾਰਾਂ ਨੇ ਗੋਸ਼ਟੀ ਬਾਰੇ ਲਿਖਿਆ। ਸੂਬਾ ਸਿੰਘ ਚੰਡੀਗੜ ਤੋਂ ਆਇਆ ਹੋਇਆ ਸੀ। ਉਹ ਪ੍ਰਕਾਸ਼ ਦਾ ਐਡੀਟਰ ਸੀ। ਸੋ ਉਹਨੇ ਵਾਪਸ ਜਾਕੇ ਐਡੀਟੋਰੀਅਲ ਲਿਖਿਆ। ਮੇਰਾ ਖਾਸ ਜਿਕਰ ਕੀਤਾ। ਮੈਨੂੰ ਲੱਗਦਾ ਕਿ ਉਹ ਸ਼ੁਰੂਆਤ ਸੀ। ਮੈਨੂੰ ਲੱਗਾ ਕਿ ਮੈਂ ਗੱਲ ਕਰ ਸਕਦਾ ਹਾਂ।

**ਸਵਾਲ: ਉਹਨੀ ਦਿਨੀ ਪੰਜਾਬ ਦੇ ਮਸ਼ਹੂਰ ਲੇਖਕਾਂ ਵਿਚ ਕੌਣ ਕੌਣ ਗਿਣੇ ਜਾਂਦੇ ਸਨ?**

**ਜਵਾਬ:** ਜਸਵੰਤ ਸਿੰਘ ਕੰਵਲ, ਅੰਮ੍ਰਿਤਾ ਪ੍ਰੀਤਮ ਬਹੁਤ ਪੜ੍ਹੇ ਜਾਂਦੇ ਸਨ। ਉਸ ਤੋਂ ਪਹਿਲੇ ਪੀਰਡ ਵਿਚ ਨਾਨਕ ਸਿੰਘ, ਗੁਰਬਖਸ਼ ਸਿੰਘ ਪ੍ਰੀਤ ਲੜੀ ਵੀ ਪੜ੍ਹੇ ਜਾਂਦੇ ਸਨ ਪਰ ਮਸ਼ਹੂਰੀ ਪੱਖੋਂ ਜਸਵੰਤ ਸਿੰਘ ਕੰਵਲ ਤੇ ਅੰਮ੍ਰਿਤਾ ਪ੍ਰੀਤਮ ਅੱਗੇ ਸਨ। ਸਾਡਾ ਝੁਕਾਅ ਕਿਉਂਕਿ ਲੈਫਟ ਵੱਲ ਹੋ ਚੁੱਕਾ ਸੀ ਇਸ ਲਈ ਗੁਰਬਖਸ਼ ਸਿੰਘ ਨੂੰ ਪੜ੍ਹਨਾ ਅਸੀ ਜ਼ਰੂਰੀ ਸਮਝਦੇ ਸੀ। ਸ਼ਾਇਦ ਹੀ ਉਨ੍ਹਾਂ ਦਿਨਾਂ ਵਿਚ ਪੰਜਾਬੀ ਦਾ ਕੋਈ ਪਾਠਕ ਐਸਾ ਹੋਵੇ ਜੋ ਨਾਨਕ ਸਿੰਘ ਨੂੰ ਨਾ ਪੜ੍ਹਦਾ ਹੋਵੇ। ਸੰਤੋਖ ਸਿੰਘ ਧੀਰ, ਕਰਤਾਰ ਸਿੰਘ ਦੁੱਗਲ, ਕੁਲਵੰਤ ਸਿੰਘ ਵਿਰਕ, ਮੋਹਨ ਸਿੰਘ ਆਦਿ ਵੀ ਪੜ੍ਹੇ ਜਾਂਦੇ ਸਨ। ਇਹ ਪਾਰਟੀ ਦੇ ਪਾਟਣ ਤੋਂ ਪਹਿਲਾਂ ਦੀਆਂ ਗੱਲਾਂ ਹਨ।

**ਸਵਾਲ: ਪਾਰਟੀ ਦੇ ਪਾਟਣ ਤੋਂ ਪਹਿਲਾਂ ਜਾਂ ਬਾਅਦ ਵਿਚ ਲੇਖਕਾਂ ਤੇ ਪਾਰਟੀ ਦਾ ਆਪਸੀ ਰਿਸ਼ਤਾ ਕਿਹੋ ਜਿਹਾ ਸੀ?**

**ਜਵਾਬ:** ਉਨ੍ਹਾਂ ਦਿਨਾਂ ਵਿਚ ਸਮੁੱਚਾ ਸਾਹਿਤਕ ਸੀਨ ਖੱਬੇ ਪੱਖੀ ਸੀ। ਜਿਹੜੇ ਬੰਦੇ ਆਪਣੇ ਆਪ ਨੂੰ ਪਰਾਗਰੈਸਿਵ ਨਹੀਂ ਵੀ ਕਹਾਉਂਦੇ ਸਨ ਉਨ੍ਹਾਂ ਦੀਆਂ ਲਿਖਤਾਂ ਵੀ ਉਸੇ ਕਿਸਮ ਦੀਆਂ ਸਨ। ਜਿਵੇਂ ਕਰਤਾਰ ਸਿੰਘ ਦੁੱਗਲ, ਬਲਵੰਤ ਗਾਰਗੀ ਜਾਂ ਕੁਲਵੰਤ ਸਿੰਘ ਵਿਰਕ ਆਦਿ ਕਦੀ ਬਹੁਤਾ ਪਾਰਟੀ ਦੇ ਲਾਗੇ

ਨਹੀਂ ਆਏ ਸਨ ਪਰ ਇਨ੍ਹਾਂ ਦੀਆਂ ਲਿਖਤਾਂ ਵੀ ਜ਼ਿਆਦਾਤਰ ਪਰਾਗਰੈਸਿਵ ਕਿਸਮ ਦੀਆਂ ਹੀ ਹੁੰਦੀਆਂ ਸਨ। ਉਸ ਵੇਲੇ ਸ਼ਾਇਦ ਮਾਹੌਲ ਹੀ ਇਸ ਕਿਸਮ ਦਾ ਸੀ। ਜਿਵੇਂ ਜਦੋਂ ਅਸੀਂ ਸਕੂਲਾਂ ਵਿਚ ਪੜ੍ਹਦੇ ਸੀ ਸਾਨੂੰ ਕਿਸੇ ਨੇ ਨਹੀਂ ਸੀ ਕਿਹਾ ਡਰਾਮੇ ਕਰਨ ਲਈ। ਪਰ ਮਾਹੌਲ ਹੀ ਕੁੱਝ ਐਸਾ ਸੀ ਕਿ ਸਾਡੇ ਅੰਦਰ ਇਹ ਭਾਵਨਾ ਪੈਦਾ ਹੋ ਗਈ ਕਿ ਅਸੀਂ ਲੋਕਾਂ ਨੂੰ ਚੇਤਨਾ ਦੇਣੀ ਹੈ। ਸ਼ਾਇਦ ਇਸੇ ਗੱਲ ਦਾ ਸਿੱਟਾ ਸੀ ਕਿ ਉਦੋਂ ਸਭਾਵਾਂ ਵੀ ਬਣੀਆਂ ਸਨ। ਮੈਂ ਇਹ ਨਹੀਂ ਕਹਿੰਦਾ ਕਿ ਪਾਰਟੀ ਨੇ ਖੜ੍ਹੀਆਂ ਕਰ ਦਿੱਤੀਆਂ। ਵੈਸੇ ਵਿਅਕਤੀਗਤ ਤੌਰ ਤੇ ਕਾਮਰੇਡਾਂ ਦਾ ਬੜਾ ਦਖਲ ਰਿਹਾ ਹੈ ਸਭਾਵਾਂ ਨੂੰ ਉਭਾਰਨ ਵਿਚ। ਜਿਵੇਂ ਕਿ ਕੇਂਦਰੀ ਲੇਖਕ ਸਭਾ ਖੜੀ ਕਰਨ ਪਿੱਛੇ ਪਾਰਟੀ ਦਾ ਹੱਥ ਜ਼ਰੂਰ ਸੀ। ਪਰ ਕਮਾਲ ਦੀ ਗੱਲ ਦੇਖੋ ਉਨ੍ਹਾਂ ਨੇ ਉਸ ਵਿਚ ਗਿਆਨੀ ਗੁਰਮੁਖ ਸਿੰਘ ਮੁਸਾਫਿਰ ਨੂੰ ਵੀ ਲਿਆ ਜੋ ਬਾਅਦ ਵਿਚ ਪ੍ਰਧਾਨ ਵੀ ਰਿਹਾ। ਉਸ ਵੇਲੇ ਕਾਮਰੇਡਾਂ ਦੀ ਇਸ ਕਿਸਮ ਦੀ ਪਹੁੰਚ ਸੀ ਕਿ ਜੇਕਰ ਅਸੀਂ ਸਾਹਿਤਕ ਗੱਲ ਕਰਨੀ ਹੈ ਤਾਂ ਇਹ 'ਸੈਕਟੈਰੀਅਨ' ਨਹੀਂ ਹੋ ਸਕਦੀ। ਉਹ ਵੱਡੀ ਪਰਾਗਰੈਸਿਵ ਫੋਰਸ ਲੈ ਕੇ ਗੱਲ ਕਰਦੇ ਸਨ। ਐਵੀਂ ਨਹੀਂ ਕਿਸੇ ਬੰਦੇ ਨੂੰ ਲੇਬਲ ਲਾਕੇ ਅਪਣੇ ਤੋਂ ਦੂਰ ਕਰਦੇ ਸਨ। ਇਸੇ ਕਰਕੇ ਕੇਂਦਰੀ ਲੇਖਕ ਸਭਾ ਵਿਚ ਹਰ ਕਿਸਮ ਦੇ ਵਿਚਾਰਾਂ ਵਾਲੇ ਲੋਕ ਸਨ। ਸ਼ਾਇਦ ਉਸ ਵੇਲੇ ਪਾਰਟੀ ਦਾ ਵਤੀਰਾ ਹੀ ਕੁਝ ਅਜਿਹਾ ਸੀ ਜਾਂ ਮਾਹੌਲ ਹੀ ਐਸਾ ਸੀ ਕਿ ਰੀਐਕਸ਼ਨਰੀ ਕਿਸਮ ਦੀ ਗੱਲ ਘੱਟ ਹੀ ਸੀ। ਮਿਸਾਲ ਦੇ ਤੌਰ ਤੇ ਦੇਖੋ ਕਿ ਜਿਵੇਂ ਆਈ. ਸੀ. ਨੰਦਾ ਵਰਗੇ ਦਾ ਪਾਰਟੀ ਨਾਲ ਦੂਰ ਦਾ ਵਾਸਤਾ ਵੀ ਨਹੀਂ ਸੀ ਪਰ ਉਸਦੇ ਨਾਟਕਾਂ ਦਾ ਵਿਸ਼ਾ ਇਹੀ ਹੁੰਦਾ ਸੀ ਕਿ ਹਨ੍ਹੇਰਗਰਦੀ ਦੇ ਖਿਲਾਫ ਲੜਨਾ ਹੈ ਤੇ ਪਰਾਗਰੈਸਿਵ ਗੱਲ ਕਰਨੀ ਹੈ।

> **ਮੈਂ ਸਮਝਦਾ ਹਾਂ ਕਿ ਹੁਣ ਤੱਕ ਪੰਜਾਬ ਵਿਚ ਜ਼ੁਬਾਨ ਦੀ ਵਰਤੋਂ ਲਈ ਰਾਜ ਪ੍ਰਬੰਧ ਅਤੇ ਵਿਦਿਅਕ ਅਦਾਰਿਆ ਵਿਚ ਜੋ ਕੁੱਝ ਹੋਇਆ ਹੈ ਉਹ ਮੁੱਖ ਤੌਰ ਤੇ ਲੇਖਕਾਂ ਦੇ ਯਤਨਾਂ ਨਾਲ ਹੋਇਆ ਹੈ।**

**ਸਵਾਲ: ਕੀ ਪਾਰਟੀ ਕੋਈ ਇਸ ਕਿਸਮ ਦਾ ਅਸਰ ਪਾਉਣ ਦੀ ਵੀ ਕੋਸ਼ਿਸ਼ ਵੀ ਸੀ ਕਿ ਲੇਖਕ ਇਨਕਲਾਬ ਦੀ ਗੱਲ ਵੀ ਕਰਨ, ਜੇਕਰ ਹਾਂ ਤਾਂ ਕਿਵੇਂ?**

**ਜਵਾਬ:** ਹਾਂ ਪਾਰਟੀ ਦਾ ਵੱਖਰਾ ਧੜਾ ਹੁੰਦਾ ਸੀ ਲੇਖਕਾਂ ਵਿਚ। ਜਦੋਂ ਇਲੈਕਸ਼ਨ ਹੁੰਦੀ ਸੀ ਕੇਂਦਰੀ ਲੇਖਕ ਸਭਾ ਦੀ ਤਾਂ ਪਾਰਟੀ ਦੇ ਮੈਂਬਰ ਲੇਖਕ ਆਪਣੀ ਜੁਦੀ ਮੀਟਿੰਗ ਕਰਦੇ ਸਨ ਤੇ ਕਾਮਰੇਡ ਆਪ ਖੁਦ ਫੈਸਲੇ ਕਰਦੇ ਸਨ ਕਿ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਅਹੁਦੇਦਾਰ ਫਲਾਨੇ ਵਿਅਕਤੀ ਹੋਣਗੇ। ਪਰ ਉਹ ਫੈਸਲੇ ਐਸੇ ਨਹੀਂ ਕਰਦੇ ਸਨ ਜੋ ਸੌੜੇ ਹਿੱਤਾਂ ਦੀ ਰਖਵਾਲੀ ਕਰਨ ਬਲਕਿ ਉਹ ਫੈਸਲੇ ਤਕਰੀਬਨ ਹਰੇਕ ਨੂੰ ਮਨਜ਼ੂਰ ਹੁੰਦੇ ਸਨ। ਜਿਵੇਂ ਕਿ ਗਿਆਨੀ ਗੁਰਮੁਖ ਸਿੰਘ ਮੁਸਾਫਰ ਪੰਜਾਬ ਪ੍ਰਦੇਸ਼ ਕਾਂਗਰਸ ਦਾ ਪ੍ਰਧਾਨ ਸੀ ਤੇ ਸੋਹਣ ਸਿੰਘ ਜੋਸ਼ ਉਹਦੇ ਖਿਲਾਫ ਚੋਣ ਲੜਦੇ ਰਹੇ ਸੀ ਪਰ ਫਿਰ ਵੀ ਮੁਸਾਫਿਰ ਨੂੰ ਕੇਂਦਰੀ ਲੇਖਕ ਸਭਾ ਦਾ ਪ੍ਰਧਾਨ ਬਣਾਇਆ।

**ਸਵਾਲ: ਪਾਰਟੀ ਵੱਲੋਂ ਕੋਈ ਅਜਿਹੀ ਕੋਸ਼ਿਸ਼ ਵੀ ਹੁੰਦੀ ਸੀ ਕਿ ਜੋ ਲੇਖਕ ਪਾਰਟੀ ਦੇ ਮੈਂਬਰ ਨਹੀਂ ਸਨ ਉਨ੍ਹਾਂ ਕਿਸੇ ਸਿੱਧੇ ਜਾਂ ਅਸਿੱਧੇ ਢੰਗ ਨਾਲ ਪਾਸੇ ਕੀਤਾ ਜਾਵੇ?**

**ਜਵਾਬ:** ਫੈਸਲੇ ਸਾਰੇ ਅੰਦਰੂਨੀ ਹੁੰਦੇ ਸਨ ਜਿਵੇਂ ਕਿ ਫਰਜ ਕਰੋ ਪਾਰਟੀ ਨੇ ਫੈਸਲਾ ਕਰ ਲਿਆ ਕਿ ਗਿਆਨੀ ਗੁਰਮੁਖ ਸਿੰਘ ਮੁਸਾਫਿਰ ਨੂੰ ਪ੍ਰਧਾਨ ਬਣਾਉਣਾ ਹੈ ਤਾਂ ਉਸਦਾ ਵਿਰੋਧ ਜਿਸਨੇ ਕਰਨਾ ਹੈ ਅੰਦਰਲੇ ਸਰਕਲ ਵਿਚ ਹੀ ਕਰਨਾ ਹੈ ਪਾਰਟੀ ਦੇ, ਬਾਹਰ ਨਹੀਂ। ਮੋਟੇ ਤੌਰ ਤੇ ਸਮਝ ਇਹ ਹੁੰਦੀ ਸੀ ਕਿ ਇਸ ਸਭਾ ਨੂੰ ਸਿਰਫ ਆਪਣੀ ਹੀ ਨਹੀਂ ਰੱਖਣਾ ਬਲਕਿ ਸਾਰਿਆਂ ਨੂੰ ਨਾਲ ਲੈਣਾ ਹੈ। ਇਸ ਕਰਕੇ ਕੇਂਦਰੀ ਸਭਾ ਦਾ ਵਿਰੋਧ ਕਰਨ ਵਾਲਾ ਵੀ ਕੋਈ ਨਹੀ ਸੀ ਇਨ੍ਹਾਂ ਦਿਨਾਂ ਵਿਚ। ਵੈਸੇ ਪੰਜਾਬੀ ਸਾਹਿਤ ਅਕੈਡਮੀ ਵੀ ਇਨ੍ਹਾਂ ਦਿਨਾਂ ਵਿਚ ਹੀ ਬਣੀ ਹੈ ਜਿਸਦਾ ਕਰੈਕਟਰ ਥੋੜ੍ਹਾ ਜਿਹਾ ਸਰਕਾਰ ਪੱਖੀ ਹੁੰਦਾ ਸੀ ਹਾਲਾਂ ਕਿ ਦੋਨਾਂ ਸਭਾਵਾਂ ਵਿਚ ਬੰਦੇ ਉਹੀ ਹੁੰਦੇ ਸਨ। ਪੰਜਾਬੀ ਸਾਹਿਤ ਅਕੈਡਮੀ ਦਾ ਕਰਤਾ ਧਰਤਾ ਭਾਈ ਯੋਧ ਸਿੰਘ ਸੀ, ਸੰਤ ਸਿੰਘ ਸੇਖੋਂ, ਪ੍ਰੋਫੈਸਰ ਪ੍ਰੀਤਮ ਸਿੰਘ ਆਦਿ ਅਕਾਦਮਿਕ ਸਰਕਲ ਦੇ ਬੰਦੇ ਜ਼ਿਆਦਾ ਸਨ ਉਸ ਵਿਚ। ਇਸ ਕਰਕੇ ਜਦੋਂ ਕਿਤੇ ਉਨ੍ਹਾਂ ਦਾ ਕੋਈ ਫੰਕਸ਼ਨ ਹੁੰਦਾ ਸੀ ਤਾਂ ਉਸ ਵਿਚ ਸਰਕਾਰੀ ਅੰਡਬਰ ਬਹੁਤ ਹੁੰਦਾ ਸੀ ਪਰ ਇਉਂ ਨਹੀਂ ਸੀ ਕਦੀ ਕਿ ਇਸ ਕਿਸਮ ਦੀ ਪਾਬੰਦੀ ਹੋਵੇ ਕਿ ਉਸ ਸਭਾ ਦੇ ਬੰਦੇ ਇੱਧਰ ਨਹੀਂ ਆ ਸਕਦੇ। ਮੇਰੇ ਗਿਆਨ ਵਿਚ ਕੋਈ ਅਜਿਹੀ ਗੱਲ ਨਹੀ ਜਦੋਂ ਕਦੇ ਸਭਾ ਨੇ ਫੈਸਲਾ ਕੀਤਾ ਹੋਵੇ ਕਿ ਫਲਾਨੇ ਬੰਦੇ ਨੂੰ ਪਾਸੇ ਕਰਨਾ ਹੈ ਜਾਂ ਰੱਖਣਾ ਹੈ। ਜਿਵੇਂ ਐਸ. ਐਸ. ਅਮੋਲ, ਐਮ. ਐਸ. ਰੰਧਾਵਾ, ਕੁਲਵੰਤ ਸਿੰਘ ਵਿਰਕ ਆਦਿ ਸਭਾ ਦੇ ਜਨਰਲ ਸਕੱਤਰ ਰਹੇ ਹਨ ਪਰ ਇਨ੍ਹਾਂ ਦੀ ਕੌਮਨਿਸਟ ਪਾਰਟੀ ਨਾਲ ਕੋਈ ਨਾਤਾ ਨਹੀਂ ਸੀ।

**ਸਵਾਲ: ਜਿਹੜੇ ਸਿਆਸੀ ਲੀਡਰ ਸਨ ਜਿਨ੍ਹਾਂ ਦਾ ਆਪਣਾ ਸਾਹਿਤ ਨਾਲ ਕੋਈ ਸਬੰਧ ਨਹੀ ਸੀ ਉਨ੍ਹਾਂ ਦਾ ਲੇਖਕਾਂ ਵੱਲ ਕਿਸ ਕਿਸਮ ਦਾ ਰਵੱਈਆ ਸੀ?**

**ਜਵਾਬ:** ਜਿਹੜੇ ਖਾਸ ਬੰਦੇ ਸਨ ਪਾਰਟੀ ਦੇ ਜਿਵੇਂ ਕਿ ਸੋਹਣ ਸਿੰਘ ਜੋਸ਼, ਜਗਜੀਤ ਸਿੰਘ ਆਨੰਦ, ਹਰਕਿਸ਼ਨ ਸਿੰਘ ਸੁਰਜੀਤ, ਅਵਤਾਰ ਸਿੰਘ ਮਲਹੋਤਰਾ ਆਦਿ ਇਨ੍ਹਾਂ ਦਾ ਵਤੀਰਾ ਕਾਫੀ ਜ਼ਿੰਮੇਵਾਰੀ ਵਾਲਾ ਹੁੰਦਾ ਸੀ ਪਰ ਉਂਝ ਇਹ ਜਿਵੇਂ ਕਹਿ ਲਉ ਕਿ ਪੰਜਾਬ ਦੇ ਕਲਚਰ ਵਿਚ ਹੀ ਕੋਈ ਐਸੀ ਗੱਲ ਹੈ ਕਿ ਸਮੁੱਚੀ ਕੌਮਨਿਸਟ ਲੀਡਰਸ਼ਿਪ ਦਾ ਵਤੀਰਾ ਕੋਈ ਜ਼ਿਆਦਾ ਵਧੀਆ ਨਹੀ ਸੀ। ਫਰਜ਼ ਕਰੋ ਕਿ ਪਾਰਟੀ ਦੇ ਲੇਖਕਾਂ ਦੇ ਗੁੱਟ ਦੇ ਪਾਰਟੀ ਦੀ ਲਾਈਨ ਨਾਲ ਕੁਝ ਮੱਤ ਭੇਦ ਹੋਣ ਤਾਂ ਉਸਨੂੰ ਬੜੀ ਤ੍ਰਿਸਕਾਰ ਦੀ ਭਾਵਨਾ ਨਾਲ ਦੇਖਦੇ ਸਨ। ਇਸ ਕਿਸਮ ਦੀਆਂ ਗੱਲਾਂ ਕਰਦੇ ਸਨ ਕਿ ਇਹ ਲੇਖਕ ਬੰਦੇ ਇਸੇ ਤਰ੍ਹਾਂ ਦੇ ਹੁੰਦੇ ਹਨ, ਇਨ੍ਹਾਂ ਵਿਚ ਜਮਾਤੀ ਚੇਤਨਤਾ ਦੀ ਘਾਟ ਹੈ ਵਗੈਰਾ ਵਗੈਰਾ। ਇਹ ਤਾਂ ਹੈ ਵੱਡੇ ਲੇਖਕਾਂ ਵੱਲ ਪਹੁੰਚ ਕਿ ਇਹ ਕੱਚੀਆਂ ਜਿਹੀਆਂ ਗੱਲਾਂ ਕਰਦੇ ਹਨ ਇਨ੍ਹਾਂ ਨੂੰ ਜ਼ਿਆਦਾ ਮਹੱਤਤਾ ਨਹੀ ਦੇਣੀ ਚਾਹੀਦੀ। ਇਕ ਪਾਸੇ ਤਾਂ ਕਾਮਰੇਡਾਂ ਵਿਚ ਜਾਗਰਤੀ ਹੈ ਕਿ ਉਨ੍ਹਾਂ ਨੇ ਆਪਣਾ ਸੁਨੇਹਾ ਦੇਣ ਲਈ ਹਰ ਜਿਲ੍ਹੇ ਵਿਚ ਡਰਾਮੇ ਕਰਨੇ, ਜਿਨ੍ਹਾਂ ਵਿਚ ਵੱਡੇ ਵੱਡੇ ਲੋਕ ਕਲਾਕਾਰ ਵੀ ਨਿਕਲੇ ਹਨ ਜਿਵੇਂ ਜੁਗਿੰਦਰ ਬਾਹਰਲਾ, ਦੁਸਾਂਝ ਆਦਿ। ਇਸੇ ਤਰ੍ਹਾਂ ਕਵੀ ਲੱਖਾ ਸਿੰਘ ਜੌਹਰ ਲਾਹੌਰੀ ਰਾਮ ਪ੍ਰਦੇਸੀ, ਰੂੜ ਸਿੰਘ ਇਨਕਲਾਬ ਆਦਿ ਜੋ ਕਿ ਸਾਰੇ ਸਾਧਾਰਣ ਪਾਰਟੀ ਵਰਕਰ ਸਨ ਤੇ ਬਾਅਦ ਵਿਚ ਬੜੇ ਮਸ਼ਹੂਰ ਹੋਏ। ਇਸੇ ਤਰ੍ਹਾਂ ਪਿੰਡਾਂ ਵਿਚ ਜੇਕਰ ਥਿਏਟਰ ਪਹੁੰਚਾਇਆ ਤਾਂ ਕਾਮਰੇਡਾਂ ਨੇ ਪਹੁੰਚਾਇਆ। ਜਾਣੀ ਕਿ ਇਕ ਪਾਸੇ ਤਾਂ ਉਨ੍ਹਾਂ ਵਿਚ ਇਨ੍ਹੀ ਚੇਤਨਾ ਹੈ ਕਿ ਜੇਕਰ ਲੋਕਾਂ ਵਿਚ ਆਪਣੀ ਗੱਲ ਪਹੁੰਚਾਉਣੀ ਹੈ ਤਾਂ ਉਨ੍ਹਾਂ ਦੇ ਬਹਾਅ ਵਿਚ ਗੱਲ ਕਰਨੀ ਚਾਹੀਦੀ ਹੈ ਤੇ ਉਨ੍ਹਾਂ ਨੂੰ ਥੋੜ੍ਹਾ ਬਹੁਤ ਮਨੋਰੰਜਨ ਵੀ ਦੇਣਾ ਚਾਹੀਦਾ। ਸੋ ਇਹ ਪੱਖ ਤਾਂ ਉਹ ਸਮਝਦੇ ਸਨ। ਪਰ ਦੂਸਰੇ ਪਾਸੇ ਕਲਾਕਾਰਾਂ ਨੂੰ ਇਸ ਕਿਸਮ ਦਾ ਸਮਝਦੇ ਸਨ ਕਿ ਜਿਵੇਂ ਸੀਰੀਅਸ ਗੱਲ ਕਰਨ ਤੋਂ ਪਹਿਲਾਂ ਨਕਲੀਏ ਲਗਾ ਦਿੱਤੇ ਜਾਣ। ਸੋ ਡਰਾਮੇ ਵਾਲੇ ਜਿਨ੍ਹਾਂ ਬੰਦਿਆਂ ਨੂੰ ਬਾਅਦ ਵਿਚ ਮਾਨਤਾ ਵੀ ਮਿਲ ਗਈ ਉਨ੍ਹਾਂ ਨੂੰ

ਵੀ ਪਾਰਟੀ ਉਪਰ ਇਹੀ ਗਿਲ੍ਹਾ ਰਿਹਾ ਕਿ ਸਾਨੂੰ ਖੇਡ ਤਮਾਸ਼ੇ ਵਾਲੇ ਬੰਦੇ ਈ ਸਮਝਦੇ ਆ ਕੋਈ ਖਾਸ ਢੰਗ ਨਾਲ ਨਹੀ ਲੈਂਦੇ। ਥੋੜ੍ਹਾ ਬਹੁਤਾ ਸ਼ਾਇਦ ਉਨ੍ਹਾਂ ਵਿਚ ਵੀ ਆਰਟਿਸਟਾਂ ਵਾਲਾ ਨਖਰਾ ਆਉਂਦਾ ਰਿਹਾ ਹੋਵੇ। ਪਰ ਬਹੁਤ ਹੱਦ ਤੱਕ ਮੈਨੂੰ ਉਹ ਠੀਕ ਲਗਦੇ ਸਨ। ਪਾਰਟੀ ਦੇ ਇਸ ਵਤੀਰੇ ਕਰਕੇ ਬਹੁਤ ਸਾਰੇ ਲੋਕ ਦੁਖੀ ਵੀ ਹੁੰਦੇ ਰਹੇ ਆ। ਸੋ ਇਹ ਸਾਰਾ ਸਮਾਂ ਗੱਲ ਚਲਦੀ ਰਹੀ ਹੈ।

**ਸਵਾਲ: ਜਿਹੜਾ ਤੁਹਾਡਾ ਐਮ. ਏ. ਵੱਲ ਆਉਣ ਦਾ ਹਾਦਸਾ ਹੈ ਉਸ ਤੋਂ ਸਿਰਜਣਾ ਵੱਲ ਕਿਵੇਂ ਆਉਣ ਹੋਇਆ?**

**ਜਵਾਬ:** ਸੱਠਵਿਆਂ ਵਿਚ ਜਦੋਂ ਮੈਂ ਐਮ.ਏ. ਕਰ ਰਿਹਾ ਸੀ ਉਦੋਂ ਪਰਾਗਰੈਸਿਵ ਮੂਵਮੈਂਟ ਦਾ ਜੋਰ ਰਿਹਾ। ਭਾਵੇਂ ਚਾਲ੍ਹੀਵਿਆਂ ਵਿਚ ਧਾਰਮਿਕ ਭਾਵਨਾ ਦਾ ਜਰਾ ਜੋਰ ਸੀ, ਭਾਈ ਵੀਰ ਸਿੰਘ ਦੇ ਵੇਲੇ, ਪਰ ਬਾਅਦ ਵਿਚ ਸੱਠਵਿਆਂ ਵਿਚ ਕੋਈ ਵੀ ਵਧੀਆ ਲੇਖਕ ਇਸ ਪਾਸੇ ਨਹੀਂ ਤੁਰਿਆ। ਉਦੋਂ ਪਰਾਗਰੈਸਿਵ ਭਾਵਨਾ ਦਾ ਵਿਰੋਧ ਵੀ ਹੋਇਆ ਇਕੱਲੇ ਪੰਜਾਬੀ ਸਾਹਿਤ ਵਿਚ ਹੀ ਨਹੀ ਸਾਰੇ ਹਿੰਦੁਸਤਾਨ ਵਿਚ ਹੋਇਆ। ਮਿਸਾਲ ਵਜੋਂ ਜੇਕਰ ਕੌਮਨਿਸਟ ਸਮਾਜ ਦੀ ਗੱਲ ਕਰਦੇ ਸਨ ਤਾਂ ਦੂਜੇ ਪਾਸੇ ਵਾਲੇ ਕਹਿੰਦੇ ਸਨ ਕਿ ਲਿਟਰੇਚਰ ਦਾ ਸਿਰਫ ਵਿਅਕਤੀਗਤ ਨਾਲ ਤਅੱਲਕ ਹੈ ਸਮਾਜ ਨਾਲ ਨਹੀਂ। ਕੌਮਨਿਸਟ ਲਿਟਰੇਚਰ ਵਿਅਕਤੀ ਨੂੰ ਖਤਮ ਕਰਦਾ ਹੈ ਇਸ ਲਈ ਅਸੀ ਇਕੱਲੇ ਵਿਅਕਤੀ ਦੀ ਗੱਲ ਕਰਾਂਗੇ ਸਮਾਜ ਦੀ ਨਹੀਂ। ਉਨ੍ਹਾਂ ਦਿਨਾਂ ਵਿਚ ਸਾਨੂੰ ਇਹ ਗੱਲ ਬੜੀ ਅਖਰਦੀ ਸੀ। ਹਾਲਾਂਕਿ ਸ਼ਾਇਦ ਉਨ੍ਹਾਂ ਦੀਆਂ ਕੁਝ ਗੱਲਾਂ ਵਿਚੋਂ ਹੁਣ ਮੈਨੂੰ ਕੁੱਝ ਠੀਕ ਵੀ ਜਾਪਦੀਆਂ ਹਨ। ਪਰ ਉਨ੍ਹਾਂ ਦਿਨਾਂ ਵਿਚ ਉਹ ਪੂਰੀਆਂ ਪੂੰਜੀਵਾਦੀ ਕਦਰਾਂ ਕੀਮਤਾਂ ਲਿਆ ਰਹੇ ਸਨ ਜੋ ਸਾਨੂੰ ਠੀਕ ਨਹੀ ਸੀ ਲਗਦੀਆਂ। ਉਹ ਇਸ ਕਿਸਮ ਦੀ ਗੱਲਾਂ ਕਰਦੇ ਸਨ ਕਿ ਕੌਮਨਿਸਟਾਂ ਦਾ ਇਕ ਫਾਰਮੂਲਾ ਹੈ ਜਿਸ ਅਨੁਸਾਰ ਉਹਨਾਂ ਨੇ ਇਕ ਕਮਜੋਰ ਮਜਦੂਰ ਦਿਖਾਉਣਾ ਹੈ, ਇਕ ਮਾਲਕ ਦਿਖਾਉਣਾ ਹੈ ਤੇ ਮਜਦੂਰ ਦੀ ਲੁੱਟ ਖਸੁੱਟ ਦਿਖਾਲਣੀ ਹੈ ਤੇ ਬੱਸ। ਇਨ੍ਹਾਂ ਨੇ ਤਾਂ ਲਿਟਰੇਚਰ ਦੀ ਜਾਨ ਹੀ ਕੱਢ ਦਿੱਤੀ ਹੈ। ਉਨ੍ਹਾਂ ਕਿਹਾ ਕਿ ਲਿਟਰੇਚਰ ਵਿਚ ਨਵੀ ਆਈਡੈਂਟਟੀ, ਨਵੇਂ ਸਿੰਬਲਜ਼ ਦੀ ਲੋੜ ਹੈ, ਨਵੀਂ ਪਹੁੰਚ ਚਾਹੀਦੀ ਹੈ। ਜਦੋਂ ਉਹ ਲੋਕ ਜਥੇਬੰਦਕ ਪੱਧਰ ਉਪਰ ਆਏ ਤਾਂ ਸਾਨੂੰ ਜਾਪਿਆ ਕਿ ਉਹਨਾਂ ਦਾ ਵਿਰੋਧ ਹੋਣਾ ਚਾਹੀਦਾ ਹੈ। ਅਸੀ ਕੁੱਝ ਦੋਸਤਾਂ ਨੇ ਮਹਿਸੂਸ ਕੀਤਾ ਕਿ ਸਾਡੇ ਪੁਰਾਣੇ ਬਜ਼ੁਰਗ ਇਸ

> ਮੈਂ ਉਸ ਕੈਂਪ ਵਿਚ ਖਲੋਤਾਂ ਹਾਂ ਜਿਨ੍ਹਾਂ ਉਪਰ ਦੋਸ਼ ਲੱਗਦਾ ਹੈ ਕਿ ਇਹ ਜ਼ੁਬਾਨ ਨੂੰ ਵਿਗਾੜ ਰਹੇ ਹਨ ਜਾਂ ਜ਼ੁਬਾਨ ਨੂੰ ਔਖੀ ਕਰ ਰਹੇ ਹਨ।

ਨਵੀਂ ਪਹੁੰਚ ਦਾ ਮੁਕਾਬਲਾ ਨਹੀ ਕਰ ਸਕਦੇ ਜਾਂ ਇਸਦੀ ਲੋੜ ਨਹੀ ਸਮਝਦੇ। ਸੋ ਅਸੀ ਮਹਿਸੂਸ ਕੀਤਾ ਕਿ ਅਸੀ ਪਰਚਾ ਕੱਢਾਂਗੇ ਤੇ ਇਨ੍ਹਾਂ ਨਵੇਂ ਬੰਦਿਆਂ ਨੂੰ ਲੜਾਈ ਦੇਵਾਂਗੇ ਤੇ 1965 ਵਿਚ ਸੱਤ ਅੱਠ ਦੋਸਤਾਂ ਨੇ ਰਲਕੇ ਜਲੰਧਰੋਂ ਸਿਰਜਣਾ ਸ਼ੁਰੂ ਕੀਤਾ। ਇਸ ਵਿਚ ਜਿੱਥੋਂ ਤੱਕ ਪਾਰਟੀ ਦਾ ਸਬੰਧ ਹੈ – ਹਾਲਾਂਕਿ ਮੈਂ ਪੂਰਾ ਪਾਰਟੀ ਦਾ ਹਿੱਸਾ ਨਹੀ ਸੀ ਰਹਿ ਗਿਆ ਪਰ ਪੂਰਾ ਬਾਹਰ ਵੀ ਨਹੀਂ ਸੀ ਹੋਇਆ– ਉਦੋਂ ਵੀ ਇਹ ਡਰ ਜਿਹਾ ਸੀ ਕਿ ਉਹ ਸਾਨੂੰ ਇਹ ਨਾ ਕਹਿ ਦੇਣ ਕਿ ਅਸੀ ਕਿਹੜੇ ਕੁੱਤੇ ਕੰਮ ਵਿਚ ਪਏ ਹੋਏ ਹਾਂ। ਪਰ ਕੋਈ ਅਜਿਹਾ ਹਾਦਸਾ ਨਹੀ ਹੋਇਆ। ਪਾਰਟੀ ਨੇ ਸਾਡੇ ਪਰਚੇ ਲਈ ਕੋਈ ਰੋਕ ਨਹੀਂ ਪਾਈ।

**ਸਵਾਲ: ਤੁਹਾਡੇ ਨਾਲ ਹੋਰ ਕਿਹੜੇ ਕਿਹੜੇ ਲੋਕ ਸਨ?**

**ਜਵਾਬ:** ਮੇਰੇ ਨਿੱਜੀ ਦੋਸਤ ਹੀ ਸਨ ਜਿਵੇਂ ਹਰਭਜਨ ਹੁੰਦਲ, ਨਰਿੰਦਰ ਜੋਸ਼ੀ, ਸੁਰੇਸ਼ ਸਿੰਘ ਤੇ ਇਕ ਦੋ ਹੋਰ ਕਾਮਰੇਡ ਦੋਸਤ ਸਨ ਜੋ ਸਿੱਧੇ ਤੌਰ ਤੇ ਲਿਟਰੇਰੀ ਬੰਦੇ ਨਹੀਂ ਸਨ ਪਰ ਸੰਜੀਦਾ ਪਾਠਕ ਸਨ। ਗੁਰਦਿਆਲ ਸਿੰਘ ਹੁਰਾਂ ਦਾ ਕੰਮ ਹੀ ਬਹਿਸਾਂ ਕਰਨ ਦਾ ਸੀ ਚਾਹੇ ਉਹ ਪੋਲੀਟਿਕਸ ਹੋਵੇ ਲਿਟਰੇਚਰ ਹੋਵੇ ਜਾਂ ਸਿਧਾਂਤ ਦੀ ਗੱਲ ਹੋਵੇ। ਉਹ ਵੀ ਸਾਡੇ ਨਾਲ ਸਨ। ਇਹ ਗੱਲ ਸਾਡੇ ਮੈਨੀਫੈਸਟੋ ਵਿਚ ਸੀ ਕਿ ਇਹ ਪ੍ਰਯੋਗਵਾਦੀ ਲੇਖਕ ਸਾਡੀ 'ਆਈਡਿਉਲੋਜੀ' ਉਪਰ ਵਾਰ ਕਰ ਰਹੇ ਹਨ। ਇਨ੍ਹਾਂ ਦਾ ਮੁਕਾਬਲਾ ਕਰਨ ਦੀ ਲੋੜ ਹੈ ਤੇ ਸਾਨੂੰ ਆਪਣੇ ਵਿਚਲੇ ਨੁਕਸ ਦੂਰ ਕਰਕੇ ਸਾਹਮਣੇ ਆਉਣਾ ਚਾਹੀਦਾ ਹੈ। ਲਿਟਰੇਚਰ ਵਿਚ ਮੌਲਿਕਤਾ ਤਾਂ ਹੋਣੀ ਚਾਹੀਦੀ ਹੈ। ਫਾਰਮੂਲਾ ਟਾਈਪ ਮੁਸ਼ਕਿਲਾਂ ਉਪਰ ਹੀ ਨਹੀਂ ਲਿਖੀ ਜਾਣਾ ਚਾਹੀਦਾ। ਵੈਸੇ ਖੁਸ਼ਕਿਸਮਤੀ ਵਾਲੀ ਗੱਲ ਇਹ ਹੋਈ ਕਿ ਜਦੋਂ ਅਸੀ ਪਰਚਾ ਕੱਢਿਆ ਤਾਂ ਸਾਡੀ ਉਮੀਦ ਤੋਂ ਕਿਤੇ ਜ਼ਿਆਦਾ ਹੌਸਲਾ ਮਿਲਿਆ। ਦੂਸਰੇ ਲੇਖਕ ਸਿਰਜਣਾ ਦੇ ਹਰ ਇਸ਼ੂ ਦਾ ਜੁਆਬ ਦਿੰਦੇ ਸਨ ਕਦੇ ਕਿਸੇ ਪਰਚੇ ਵਿਚ ਕਦੇ ਕਿਸੇ ਵਿਚ। ਹਾਸੇ ਵਾਲੀ ਗੱਲ ਇਹ ਬਣੀ ਕਿ ਉਹ ਸੋਚਣ ਲੱਗ ਪਏ ਕਿ ਤ੍ਰੈਮਾਸਕ ਪੱਤਰ ਦਾ ਜੁਆਬ ਤ੍ਰੈਮਾਸਕ ਪੱਤਰ ਵਿਚ ਹੀ ਦੇਣਾ ਚਾਹੀਦਾ ਹੈ। ਬੱਸ ਫਿਰ ਚਲ ਸੋ ਚਲ। ਕੁੱਝ ਸਾਲਾਂ ਵਿਚ ਹੀ ਐਕਸਪੇਰੀਮੈਂਟਲਿਸਟ ਖਤਮ ਹੋ ਗਏ ਤੇ ਮੁੜਕੇ ਫੇਰ ਪਰਾਗਰੈਸਿਵ ਗੱਲ ਚਲ ਪਈ।

**ਸਵਾਲ: ਪਰਚਾ ਸ਼ੁਰੂ ਕਰਨ ਵੇਲੇ ਤੁਹਾਡੇ ਮਨ ਵਿਚ ਪਾਠਕ ਕੌਣ ਸਨ?**

**ਜਵਾਬ:** ਮੈਂ ਇਹ ਤਾਂ ਨਹੀ ਸੀ ਸਮਝਦਾ ਕਿ ਸਾਡੇ ਪਾਠਕ ਬਿਲਕੁਲ ਆਮ ਪੱਧਰ ਦੇ ਹੋਣਗੇ। ਸਿਰਜਣਾ ਪਾਪੂਲਰ ਪਰਚਾ ਕਦੇ ਵੀ ਨਹੀ ਸੀ। ਅਸੀ ਸਮਝਦੇ ਸੀ ਕਿ ਸਾਡੀ ਪਹੁੰਚ ਸਾਹਿਤ ਦੇ ਗੰਭੀਰ ਪਾਠਕਾਂ ਤੱਕ ਹੀ ਹੋਣੀ ਚਾਹੀਦੀ ਹੈ। ਇਸ ਗੱਲ ਨੂੰ ਸਾਡੀ ਸੀਮਾ ਵੀ ਕਿਹਾ ਜਾ ਸਕਦਾ ਹੈ ਕਿ ਅਸੀਂ ਸਧਾਰਨ ਪਾਠਕ ਨੂੰ ਬਿਲਕੁਲ ਟਾਰਗਟ ਨਹੀ ਕੀਤਾ ਤੇ ਨਾ ਹੀ ਹੁਣ ਤੱਕ ਸਾਡੇ ਕੋਲੋਂ ਹੋਇਆ ਹੈ। ਸਾਡੇ ਮਨ ਵਿਚ ਧਾਰਨਾ ਆਈਡਿਉਲੋਜੀਕਲ ਪੱਧਰ ਤੇ ਬਹਿਸ ਛੇੜਨ ਦੀ ਸੀ। ਜਿਸਦਾ ਪੱਧਰ ਆਮ ਪਾਠਕ ਤੋਂ ਉਪਰ ਸੀ। ਭਾਵੇਂ ਅਸੀ ਕਰੀਏਟਿਵ ਮੈਟੀਰੀਅਲ ਵੀ ਛਾਪਦੇ ਸੀ ਪਰ ਜ਼ਿਆਦਾ ਅਸੀ ਆਲੋਚਨਾਤਮਕ ਲੇਖ ਛਾਪਦੇ ਸੀ। ਪਰਚਾ ਜ਼ਿਆਦਾ ਮਿਡਲ ਕਲਾਸ ਦੀ ਲਿਟਰੇਰੀ ਜਾਗਰਤੀ ਵਾਲੇ ਪਾਠਕਾਂ ਹੀ ਰਿਹਾ ਹੈ।

**ਸਵਾਲ: ਪਰਚੇ ਦੀਆਂ ਮਾਇਕ ਲੋੜਾਂ ਕਿਵੇਂ ਪੂਰੀਆਂ ਹੁੰਦੀਆਂ ਸਨ?**

**ਜਵਾਬ:** ਪਹਿਲਾਂ ਪਹਿਲਾਂ ਤਾਂ ਅਸੀ 7–8 ਦੋਸਤ ਜਿਹੜੇ ਸੀ ਉਨ੍ਹਾਂ ਨੇ 20–20 ਰੁਪੈ ਪਾ ਲੈਣੇ। ਪਰਚੇ ਦਾ ਸਾਰਾ ਖਰਚਾ 400 ਕੁ ਰੁਪਿਆ ਸੀ। ਸਾਨੂੰ ਉਮੀਦ ਸੀ ਕਿ ਅੱਧੇ ਪਰੱਦੇ ਕੁ ਸਾਨੂੰ ਚੰਦਿਆਂ ਤੋਂ ਆ ਜਾਣਗੇ। ਪਰ ਦੋ ਤਿੰਨ ਇਸ਼ੂ ਕੱਢਣ ਤੋਂ ਬਾਅਦ ਸਾਨੂੰ ਲੱਗਿਆ ਕਿ ਇਹ ਕੰਮ ਮੁਸ਼ਕਿਲ ਹੈ। ਉਨ੍ਹਾਂ ਦਿਨਾਂ ਵਿਚ 20 ਰੁਪੈ ਦੇਣੇ ਵੀ ਬੜੇ ਔਖੇ ਲੱਗਦੇ ਸਨ। ਮੈਂ ਪਰਚੇ ਦਾ ਐਡੀਟਰ ਸੀ ਮੇਰੇ ਸਿਰ ਉਪਰ ਸਾਰੀ ਜ਼ਿੰਮੇਵਾਰੀ ਸੀ। ਮੇਰੀ ਦਿਲਚਸਪੀ ਵੀ ਜ਼ਿਆਦਾ ਸੀ ਕਿ ਪਰਚਾ ਨਿਕਲੇ। ਬਾਕੀ ਸਾਥੀ ਵੀ ਭਾਵੇਂ ਮੇਰੇ ਜਿਤਨੇ ਹੀ ਉਤਸ਼ਾਹੀ ਸਨ ਪਰ ਉਨ੍ਹਾਂ ਦੀ ਦਿਲਚਸਪੀ ਸ਼ਾਇਦ ਮੇਰੇ ਜਿਤਨੀ ਨਹੀਂ ਸੀ। ਸੋ ਤਿੰਨਾ ਕੁ ਅੰਕਾਂ ਤੋਂ ਬਾਅਦ ਅਸੀ ਇਹ ਫੈਸਲਾ ਲਿਆ ਕਿ ਜੇਕਰ ਕੋਈ ਆਪਣੇ ਹਿੱਸੇ ਦੇ ਪੈਸੇ ਨਹੀਂ ਦੇ ਸਕਦਾ ਤਾਂ ਉਸ ਉਪਰ ਕਿਸੇ ਕਿਸਮ ਦਾ ਗਿਲ੍ਹਾ ਨਹੀ। ਉਸ ਤੋਂ ਬਾਅਦ ਸਾਰਾ ਕੰਮ ਮੇਰੇ ਉੱਪਰ ਆ ਗਿਆ। ਮੇਰੇ ਕੋਲ ਕੋਈ ਹੋਰ ਤਰੀਕਾ ਬਿਲਕੁਲ ਨਹੀ ਸੀ ਸਿਰਫ ਸਿਰੜ ਹੀ ਸੀ।

ਯਤਨ ਇਹੀ ਸੀ ਹੁੰਦਾ ਸੀ ਕਿ ਸਾਰੀਆਂ ਮੁਸ਼ਕਿਲਾਂ ਦੇ ਬਾਵਜੂਦ ਪਰਚਾ ਕੱਢਣਾ ਜ਼ਰੂਰ ਹੈ। ਹਾਲਾਂਕਿ ਹੁਣ ਮੈਨੂੰ ਇਹ ਆਪਣੇ ਮੂੰਹੋਂ ਪ੍ਰਸ਼ੰਸਾ ਲੈਣ ਵਾਲੀ ਗੱਲ ਜਾਪਦੀ ਹੈ। ਫਿਰ ਵੀ ਕਦੇ ਕਦੇ ਇਕ ਅੱਧਾ ਅੰਕ ਨਹੀ ਵੀ ਨਿਕਲਦਾ ਸੀ। ਪੰਜਾਂ ਕੁ ਸਾਲਾਂ ਤੱਕ ਇਹ ਨੌਬਤ ਆ ਗਈ ਕਿ ਪਰਚਾ ਥੋੜ੍ਹੀ ਦੇਰ ਲਈ ਬੰਦ ਹੀ ਹੋ ਗਿਆ। ਮੁੜ ਕੇ ਢਾਈ ਤਿੰਨ ਸਾਲ ਬਾਅਦ ਦੁਬਾਰਾ ਸ਼ੁਰੂ ਕੀਤਾ। ਉਦੋਂ ਤੱਕ ਮੇਰੀ ਆਪਣੀ ਪੈਸੇ ਦੀ ਸਥਿਤੀ ਪਹਿਲਾਂ ਵਰਗੀ ਮਾੜੀ ਨਹੀਂ ਸੀ। ਫਿਰ ਦੇਖ ਲਉ ਅੰਕ ਨੰਬਰ 15 ਤੋਂ ਲੈ ਕੇ ਜੋ ਸੰਨ 1975 ਵਿਚ ਨਿਕਲਿਆ, ਸੰਨ 1987 ਤੱਕ ਕੋਈ ਵਿਘਨ ਨਹੀਂ ਪਿਆ। ਪਰ ਉਤਰਾਅ ਚੜ੍ਹਾਅ ਬੜੇ ਆਏ। ਕਈ ਲੋਕ ਤਾਂ ਇਹ ਸਮਝਦੇ ਸਨ ਕਿ ਇਹ ਕੋਈ ਬੜਾ ਬਿਜ਼ਨੈਸ ਹੋਵੇਗਾ। ਪਰ ਇਹ ਤਾਂ ਸਾਨੂੰ ਹੀ ਪਤਾ ਹੈ ਕਿ ਕਿਵੇਂ ਕੰਮ ਚਲਾਇਆ।

**ਸਵਾਲ: ਪਰਚਾ ਸ਼ੁਰੂ ਕਰਨ ਤੌਂ ਬਾਅਦ ਤੁਹਾਡੇ ਪਰਚਾ ਕੱਢਣ ਦੇ ਉਦੇਸ਼ਾਂ ਵਿਚ ਕਿਸ ਕਿਸਮ ਦੀਆਂ ਤਬਦੀਲੀਆਂ ਆਈਆਂ?**

**ਜਵਾਬ:** ਮੇਰਾ ਖਿਆਲ ਵਿਚ ਬੁਨਿਆਦੀ ਤਬਦੀਲੀ ਕੋਈ ਨਹੀਂ ਆਈ। ਮੁੱਖ ਤੌਰ ਤੇ ਸਾਡਾ ਮਕਸਦ ਸੀ ਕਿ 'ਐਕਸਪੇਰੀਮੈਂਟ' ਕਰਨ ਵਾਲਿਆਂ ਦਾ ਵਿਰੋਧ ਕਰਾਨਾ। ਦੂਸਰਾ ਕਿ ਲਿਟਰੇਚਰ ਰੀਅਲਿਸਟਿਕ (ਯਥਾਰਥਵਾਦੀ) ਵੀ ਰਹਿਣਾ ਚਾਹੀਦਾ ਹੈ ਤੇ ਇਹਦਾ ਪੱਧਰ ਵੀ ਉਚਾ ਹੋਣਾ ਚਾਹੀਦਾ ਹੈ। ਮਾੜੀ ਲਿਖਤ ਭਾਵੇਂ ਪਰੋਗਰੇਸਿਵ ਵੀ ਹੋਵੇ ਅਸੀ ਉਸਦੀ ਹੌਸਲਾ ਅਫਜ਼ਾਈ ਨਹੀ ਕੀਤੀ। ਭਾਵੇਂ ਪਿਛਲੇ 2-3 ਦਹਾਕਿਆਂ ਵਿਚ ਸਮੁੱਚੇ ਹਾਲਾਤਾਂ ਵਿਚ ਆਈਆਂ ਤਬਦੀਲੀਆਂ ਦਾ ਅਸਰ ਪਰਚੇ ਉੱਪਰ ਵੀ ਹੋਇਆ ਹੋਵੇਗਾ ਪਰ ਸਾਡੇ ਸਮੁੱਚੇ ਨਿਸ਼ਾਨੇ ਵਿਚ ਕੋਈ ਬਹੁਤਾ ਫਰਕ ਨਹੀ ਪਿਆ। ਸਮੇਂ ਸਮੇਂ ਤੇ ਵੱਖ ਵੱਖ ਵਿਸ਼ਿਆਂ ਉਪਰ ਬਹਿਸਾਂ ਚਲਾਉਂਦੇ ਰਹੇ ਹਾਂ ਜਿਵੇਂ ਹੁਣ ਸੋਵੀਅਤ ਯੂਨੀਅਨ ਦੇ ਸਬੰਧ ਵਿਚ ਚੱਲੀ ਹੈ। ਪਿਛਲੇ ਸਮਿਆਂ ਵਿਚ ਸਾਹਿਤ ਕੀ ਹੈ, ਜਾਂ ਸਮਾਜ ਕੀ ਹੈ ਆਦਿ ਵਿਸ਼ਿਆਂ ਬਾਰੇ ਗਲਬਾਤ ਚਲਾਉਂਦੇ ਰਹੇ ਹਾਂ। ਇਹ ਕਰੈਕਟਰ ਅਸੀ ਪਹਿਲੇ ਦਿਨ ਤੋਂ ਹੀ ਬਣਾਇਆ ਸੀ ਕਿ ਅਸੀਂ ਇਸ ਗਲ ਤੋਂ ਨਹੀਂ ਘਬਰਾਉਣਾ ਜੇ ਕੋਈ ਬੰਦਾ ਸਾਡੇ ਖਿਲਾਫ ਗੱਲ ਕਰਦਾ ਹੈ। ਅਸੀਂ ਆਪਣੇ ਵਿਰੋਧੀਆਂ ਨੂੰ ਆਪਣੇ ਪਰਚੇ ਵਿਚ ਛਪਣ ਦਾ ਮੌਕਾ ਦੇਣਾ ਹੈ। ਮੈਨੂੰ ਇਸ ਗੱਲ ਵਿਚ ਵਿਸ਼ਵਾਸ ਸੀ ਕਿ ਸਾਡੀ ਗੱਲ ਠੀਕ ਹੈ ਜੋ ਅਸੀ ਕਹਿ ਰਹੇ ਹਾਂ ਉਹ ਠੀਕ ਹੈ, ਇਸ ਲਈ ਅਸੀ ਬਹਿਸ ਛੇੜਨ ਤੋਂ ਕਦੀ ਨਹੀ ਘਬਰਾਏ। ਜਿਵੇਂ ਜਦੋਂ ਰਾਜਨੀਤੀ ਬਾਰੇ ਗੱਲ ਹੁੰਦੀ ਤਾਂ ਅਸੀ ਦੱਸਣ ਦੀ ਕੋਸ਼ਿਸ਼ ਕਰਦੇ ਕਿ ਰਾਜਨੀਤੀ ਦਾ ਜ਼ਿੰਦਗੀ ਵਿਚ, ਸਭਿਆਚਾਰਕ ਲਿਖਤਾਂ ਵਿਚ ਕਿੰਨਾ ਦਖਲ ਹੋ ਸਕਦਾ ਹੈ, ਕਿਵੇਂ ਇਸਤੋਂ ਬੱਚ ਕੇ ਨਹੀ ਰਿਹਾ ਜਾ ਸਕਦਾ। ਜਿਹੜੇ ਲੋਕ ਇਹ ਕਹਿੰਦੇ ਹਨ ਕਿ ਸਾਹਿਤ ਵਿਚ ਰਾਜਨੀਤੀ ਨਹੀ ਚਾਹੀਦੀ ਦਰਅਸਲ ਵਿਚ ਉਹ ਵੀ ਰਾਜਨੀਤੀ ਹੀ ਕਰ ਰਹੇ ਹੁੰਦੇ ਹਨ। ਇਸੇ ਤਰ੍ਹਾਂ ਸ਼੍ਰੇਣੀ ਘੋਲ ਦੀ ਗੱਲ ਹੁੰਦੀ ਤਾਂ ਅਸੀ ਦਸਦੇ ਕਿ ਹਰ ਲਿਖਤ ਕਿਸੇ ਨੇ ਕਿਸੇ ਕਲਾਸ ਦੇ ਦ੍ਰਿਸ਼ਟੀਕੋਣ ਨੂੰ ਪ੍ਰਗਟ ਕਰਦੀ ਹੈ। ਜਿਹੜੇ ਬੰਦੇ ਕਹਿ ਰਹੇ ਹਨ ਕਿ ਇਹ ਨਹੀਂ ਚਾਹੀਦੀ ਉਹਨਾਂ ਦੀ ਇਹ ਗੱਲ ਵੀ ਕਿਸੇ ਕਲਾਸ ਦੇ ਦ੍ਰਿਸ਼ਟੀਕੋਣ ਵੱਲ ਇਸ਼ਾਰਾ ਕਰਦੀ ਹੈ। ਸੋ ਅਸੀ ਬਹਿਸਾਂ ਕਰਦੇ ਰਹੇ ਹਾਂ। ਇਥੇ ਮੈ ਥੋੜ੍ਹਾ ਜਿਹਾ ਇਹ ਵੀ ਦੱਸ ਦਿਆਂ ਕਿ ਅਸੀ ਸ਼ੁੱਧ ਲਿਟਰੇਰੀ ਬਹਿਸਾਂ ਵੀ ਕੀਤੀਆਂ ਤੇ ਵਿਚਾਰਧਾਰਕ ਅਤੇ ਪੋਲੀਟੀਕਲ ਵਿਸ਼ਿਆਂ ਨੂੰ ਵੀ ਹੱਥ ਪਾਉਂਦੇ ਰਹੇ ਹਾ। ਮਸਲਨ ਜਿਵੇਂ ਹੁਣ ਵਾਲਾ - ਮਾਰਕਸਿਜ਼ਮ ਦਾ - ਵਿਸ਼ਾ ਸਿੱਧੇ ਤੌਰ ਤੇ ਲਿਟਰੇਰੀ ਵਿਸ਼ਾ ਨਹੀ ਹੈ ਪਰ ਮੈਨੂੰ ਲੱਗਦਾ ਹੈ ਕਿ ਕਿਸੇ ਲੇਖਕ ਲਈ ਇਸਦੀ ਵੀ ਉਤਨੀ ਹੀ ਮਹੱਤਤਾ ਹੈ।

**ਸਵਾਲ: ਜਦੋਂ ਪ੍ਰਯੋਗਵਾਦ ਦੀ ਲਹਿਰ ਉੱਠੀ ਤਾਂ ਕੀ ਇਸ ਵਿਚ ਹਿੱਸਾ ਲੈਣ ਵਾਲੇ ਪਹਿਲਾਂ ਹੀ ਸਥਾਪਤ ਲੇਖਕਾਂ ਵਿਚੋਂ ਕੁੱਝ ਲੇਖਕ ਹੀ ਸਨ ਜਾਂ ਬਿਲਕੁਲ ਨਵੇਂ ਲੋਕ ਇਸ ਵਿਚ ਆਏ ਸਨ?**

**ਜਵਾਬ:** ਸ਼ੁਰੂ ਇਹ ਨਵਿਆਂ ਨੇ ਹੀ ਕੀਤੀ ਸੀ। ਪੁਰਾਣੇ ਬੰਦੇ ਥਿੜਕਦੇ ਜਾਪਦੇ ਸਨ। ਕੁੱਝ ਬੰਦੇ ਤਾਂ ਬਿਲਕੁਲ ਹੀ ਚੁੱਪ ਹੋ ਗਏ। ਮਸਲਨ ਜਿਵੇਂ ਮੋਹਣ ਸਿੰਘ ਹੈ ਅਸੀਂ ਉਹਦਾ ਬੜਾ ਆਦਰ ਕਰਦੇ ਸੀ। ਜਦੋਂ ਪਰਾਗਰੇਸਿਵ ਗੱਲ ਚੱਲੀ ਤਾਂ ਅਸੀਂ ਉਹਨੂੰ ਨਾਲ ਲੈ ਕੇ ਤੁਰਦੇ ਸੀ। ਨਾਲੇ ਕਹਿ ਦੇਣਾ ਕਿ ਇਨ੍ਹਾਂ ਦਾ ਬੜਾ ਵੱਡਾ ਰੋਲ ਹੈ ਨਾਲੇ ਕਹਿ ਦੇਣਾ ਕਿ ਹੁਣ ਇਨ੍ਹਾਂ ਦਾ ਸਮਾਂ ਬੀਤ ਗਿਆ। ਪਰ ਇਹੋ ਜਿਹੇ ਬੰਦੇ ਆਪਣੀ ਕਮਜ਼ੋਰੀ ਦਿਖਾ ਕੇ ਪ੍ਰਯੋਗਵਾਦੀਆਂ ਨਾਲ ਤੁਰ ਪੈਂਦੇ ਸਨ ਜਾਂ ਤੁਰਨ ਦੀ ਕੋਸ਼ਿਸ਼ ਕਰਦੇ ਸੀ। ਹਰਭਜਨ ਸਿੰਘ ਦਾ ਨਾਮ ਵੀ ਵਰਨਣ ਯੋਗ ਹੈ ਜਿਸਨੂੰ ਪ੍ਰਯੋਗਵਾਦੀ ਉਭਾਰਦੇ ਸਨ। ਇਹ ਸਾਰੇ ਬੰਦੇ ਨਵੇਂ ਸਨ ਜਿਵੇਂ ਮੀਸ਼ਾ, ਰਵਿੰਦਰ ਰਵੀ, ਸਤੀ ਕੁਮਾਰ, ਜਗਤਾਰ। ਇਸੇ ਤਰ੍ਹਾਂ ਨਾਟਕਕਾਰ ਸੁਰਜੀਤ ਸਿੰਘ ਸੇਠੀ ਆਦਿ ਨੇ ਵੀ ਵਾਹਵਾ ਇਸ ਕਿਸਮ ਦੀ ਕੋਸ਼ਿਸ਼ ਕੀਤੀ ਤੇ ਪੁਰਾਣੇ ਬੰਦੇ ਇਨ੍ਹਾਂ ਤੋਂ ਥਿੜਕਦੇ ਜਾਪਦੇ ਸਨ। ਸਾਡੀ ਇਹ ਕੋਸ਼ਿਸ਼ ਸੀ ਕਿ ਇਨ੍ਹਾਂ (ਪੁਰਾਣੇ ਬੰਦਿਆਂ ਦੀ) ਦੀ ਥਿੜਕਾਹਟ ਵੀ ਰੋਕਣੀ ਹੈ ਤੇ ਇਸ ਨਵੇਂ ਚੈਲੰਜ ਦਾ ਮੁਕਾਬਲਾ ਵੀ ਕਰਨਾ ਹੈ। ਉਂਞ ਕੋਈ ਐਸਾ ਬੰਦਾ ਪੁਰਾਣਿਆਂ ਵਿਚ ਨਹੀ ਹੈ ਜੋ ਇਨ੍ਹਾਂ ਨਾਲ ਪੂਰੇ ਤੌਰ ਤੇ ਤੁਰਿਆ ਹੋਵੇ। ਸਿਰਫ ਹਰਭਜਨ ਸਿੰਘ ਬਾਰੇ ਥੋੜ੍ਹਾ ਬਹੁਤਾ ਕਿਹਾ ਜਾ ਸਕਦਾ ਹੈ। ਪ੍ਰਯੋਗਵਾਦੀਆਂ ਨੂੰ ਛੇਤੀ ਹੀ ਜਾਪਣ ਲੱਗ ਪਿਆ ਕਿ ਇਹ ਗੱਲ ਨਹੀ ਬਣ ਰਹੀ। ਪਹਿਲਾਂ ਤਾਂ ਸ਼ਬਦ ਪਏਯੋਗਵਾਦ ਤੇ ਹੀ ਝਗੜਾ ਪੈਂਦਾ ਰਿਹਾ ਕਿ ਕੀ ਇਹ ਕੋਈ ਵਾਦ ਵੀ ਹੋ ਸਕਦਾ ਹੈ? ਫਿਰ ਬਾਅਦ ਵਿਚ ਕਹਿਣ ਲੱਗ ਪਏ ਕਿ ਅਸੀਂ ਪ੍ਰਯੋਗਵਾਦੀ ਨਹੀ ਪ੍ਰਯੋਗਸ਼ੀਲ ਹਾਂ। ਫੇਰ ਗੱਲ ਹੋਣ ਲੱਗ ਪਈ ਕਿ ਪ੍ਰਯੋਗਸ਼ੀਲ ਹੋਣਾ ਵੀ ਕਿਹੜੀ ਗੱਲ ਹੈ। ਫੇਰ ਇਹ ਬਦਲ

**ਜਦੋਂ ਅਸੀ ਜ਼ੁਬਾਨ ਤੋਂ ਵੱਡੇ ਕੰਮ ਲੈਂਦੇ ਹਨ ਤਾਂ ਉਸਦੇ ਲਈ ਸ਼ਬਦਾਵਲੀ ਨਵੀਂ ਉਭਰੇਗੀ ਹੀ।**

ਕੇ ਕਹਿਣ ਲੱਗ ਪਏ ਕਿ ਅਸੀ ਨਾਂ ਪ੍ਰਯੋਗਵਾਦੀ ਹਾਂ ਨਾ ਪ੍ਰਯੋਗਸ਼ੀਲ ਬਲਕਿ ਅਸੀਂ ਮਾਡਰਨਿਸਟ ਹਾਂ ਆਧੁਨਿਕਤਾਵਾਦੀ ਹਾਂ। ਫੇਰ ਇਕ ਸਟੇਜ ਐਸੀ ਵੀ ਆਈ ਕਿ ਇਹ ਕਹਿਣ ਲੱਗ ਪਏ ਸਾਡਾ ਪਰਾਗਰੇਸਿਵ ਲੇਖਕਾਂ ਨਾਲ ਕੋਈ ਵਿਰੋਧ ਨਹੀਂ ਹੈ ਅਸੀ ਤਾਂ ਸਿਰਫ ਫਾਰਮੂਲਾ ਟਾਈਪ ਪਾਤਰਾਂ ਜਾਂ ਫਿਕਰੇਬਾਜੀਆਂ ਦੇ ਵਿਰੋਧੀ ਹਾਂ ਨਹੀਂ ਤੇ ਜਿਥੇ ਤੱਕ ਵਿਅਕਤੀਗੱਤ ਕੀਮਤਾਂ ਦਾ ਤਾਅਲੁੱਕ ਹੈ ਅਸੀ ਉਨ੍ਹਾਂ ਦੇ ਨਾਲ ਹਾਂ। ਸੋ ਬਹੁਤ ਸਾਰਿਆਂ ਨੇ ਇਸ ਤਰ੍ਹਾਂ ਥੋੜ੍ਹਾ ਥੋੜ੍ਹਾ ਪਿੱਛੇ ਹੱਟਣਾ ਸ਼ੁਰੂ ਕਰ ਦਿੱਤਾ ਸੀ।

**ਸਵਾਲ: ਇਸ ਮੂਵਮੈਂਟ ਦੇ ਚੱਲਣ ਵਿਚ ਕੋਈ ਬਾਹਰਲਾ ਅਸਰ ਵੀ ਸੀ ਜਾਂ ਪੰਜਾਬ ਦੀਆਂ ਸਥਾਨਕ ਹਾਲਤਾਂ ਨੇ ਹੀ ਇਸਨੂੰ ਚਾਲੂ ਕਰਨ ਵਿਚ ਰੋਲ ਅਦਾ ਕੀਤਾ?**

**ਜਵਾਬ:** ਮੈਨੂੰ ਇਸ ਬਾਰੇ ਪੂਰੀ ਜਾਣਕਾਰੀ ਤਾਂ ਨਹੀਂ ਪਰ ਜਿਵੇਂ ਮੈਂ ਪਹਿਲਾਂ ਕਿਹਾ ਕਿ ਦੂਜੀਆਂ ਜ਼ੁਬਾਨਾਂ ਵਿਚ ਵੀ ਨ੍ਹਿੰਇਸ ਕਿਸਮ ਦਾ ਸਿਲਸਿਲਾ ਚਲ ਰਿਹਾ ਸੀ ਤੇ ਸਾਡੇ ਵਿਚ ਵੀ ਕਲਾਸ ਉਭਰ ਰਹੀ ਸੀ। ਮਸਲਨ ਜਦੋਂ ਇਹ ਪ੍ਰਯੋਗਵਾਦੀ ਮਾਰਕਸਿਸਟਾਂ ਤੇ ਹਮਲਾ ਕਰਦੇ ਸੀ ਤਾਂ ਕਹਿੰਦੇ ਸੀ ਕਿ ਅਸੀਂ ਨਹਿਰੂਵਾਦੀ ਹਾਂ। ਇਹ ਜੋ ਪੰਜ ਸਾਲਾ ਯੋਜਨਾਵਾਂ ਨਾਲ ਤਰੱਕੀ ਹੋਈ ਹੈ ਅਸੀ ਇਸਨੂੰ ਪ੍ਰਵਾਨ ਕਰਕੇ ਚਲਦੇ ਹਾਂ। ਇਸ ਤਰ੍ਹਾਂ ਉਨ੍ਹਾਂ ਦੀਆਂ ਆਪਣੀਆਂ

ਜਮਾਤੀ ਲੋੜਾਂ ਸਨ। ਸ਼ਾਇਦ ਜਿਹੜੀ ਨਵੀ ਕਲਾਸ ਉਭਰ ਰਹੀ ਸੀ ਉਸ ਵਿਚ ਆਪਣੇ ਆਪ ਨੂੰ ਸ਼ਾਮਿਲ ਕਰਨਾ ਚਾਹੁੰਦੇ ਸਨ। ਪਰਾਗਰੈਸਿਵ ਲੋਕਾਂ ਦੀ ਇਹ ਗੱਲ ਸੀ ਕਿ ਉਹ ਇਸ (ਪੰਜ ਸਾਲਾ ਯੋਜਨਾਵਾਂ) ਤੋਂ ਜ਼ਿਆਦਾ ਆਸ ਨਹੀ ਸਨ ਰੱਖਦੇ। ਇਹ ਪ੍ਰਯੋਗਵਾਦੀ ਲੋਕ ਉਹ ਸਨ ਜੋ ਸਾਰੇ ਦੇ ਸਾਰੇ 'ਐਸਟੈਬਲਿਸ਼ਮੈਂਟ' (ਸਥਾਪਤੀ) ਨਾਲ ਸਮਝੌਤਾ ਕਰਦੇ ਚਲਦੇ ਸਨ ਤੇ ਉਨ੍ਹਾਂ ਦੀ ਕੋਸ਼ਿਸ਼ ਹੁੰਦੀ ਸੀ ਕਿ ਅਸੀ ਇਸ ਵਿਚ ਆਪਣਾ ਹਿੱਸਾ ਪਾਈਏ। ਉਂਝ ਵੈਸੇ ਇਸ ਕਿਸਮ ਦਾ ਫਿਨੋਮਿਨਾ (ਵਰਤਾਰਾ) ਉਸ ਵੇਲੇ ਸਾਰੇ ਦੇਸ਼ ਵਿਚ ਹੀ ਸੀ।

**ਸਵਾਲ: ਉਸਤੋਂ ਬਾਦ ਪੰਜਾਬ ਵਿਚ ਸਾਹਿਤ ਦੇ ਖੇਤਰ ਵਿਚ ਖਾਸਕਰ ਕਹਾਣੀ ਤੇ ਕਵਿਤਾ ਦੇ ਖੇਤਰ ਵਿਚ ਜੋ ਜੁਝਾਰਵਾਦੀ ਲਹਿਰ ਆਈ ਉਸ ਵੱਲ ਸਿਰਜਣਾ ਦਾ ਕੀ ਰਵੱਈਆ ਸੀ?**

**ਜਵਾਬ:** ਸਿਰਜਣਾ ਦਾ ਰਵੱਈਆ ਵਿਰੋਧ ਵਾਲਾ ਬਿਲਕੁਲ ਨਹੀ ਸੀ ਪਰ ਇਸਨੂੰ ਉਭਾਰਨ ਵਾਲਾ ਵੀ ਬਿਲਕੁਲ ਨਹੀਂ ਸੀ। ਕਿਉਂਕਿ ਇਹ ਸਾਰਾ ਕੁੱਝ ਸਾਡੇ ਸਾਹਮਣੇ ਹੀ ਵਾਪਰਦਾ ਸੀ ਤੇ ਮੈਂ ਆਪ ਨਕਸਲਾਈਟ ਮੂਵਮੈਂਟ ਦੇ ਜ਼ਿਆਦਾ ਨੇੜੇ ਨਹੀਂ ਗਿਆ, ਇਸ ਕਰਕੇ ਉਸਨੂੰ ਪੂਰਾ ਸਮਰਥਨ ਨਹੀਂ ਦਿੱਤਾ। ਸੱਚੀ ਗੱਲ ਤਾਂ ਇਹ ਹੈ ਕਿ ਅਸੀ ਇਹ ਗੱਲਾਂ ਸਿਰਜਣਾ ਵਿਚ ਗੱਲ-ਬਾਤ ਰਾਹੀ ਹੀ ਨਹੀ ਕੀਤੀਆਂ। ਮੈਂ ਸਗੋਂ ਇਹ ਕਹਿੰਦਾ ਸੀ ਕਿ ਜੋ ਕੁਝ ਪੰਜਾਬੀ ਸਾਹਿਤ ਵਿਚ ਪ੍ਰਯੋਗਵਾਦੀਆਂ ਨੇ ਕੀਤਾ ਹੈ ਇਹ ਜੁਝਾਰਵਾਦ ਉਸਦਾ 'ਓਵਰ-ਰੀਐਕਸ਼ਨ' ਹੈ। ਉਨ੍ਹਾਂ (ਪ੍ਰਯੋਗਵਾਦੀਆਂ) ਨੇ ਲਿਟਰੇਚਰ ਨੂੰ ਲੋਕਾਂ ਨਾਲੋਂ ਬਿਲਕੁਲ ਤੋੜਨ ਦਾ ਯਤਨ ਕੀਤਾ ਸੀ, ਇਹ ਜੁਝਾਰਵਾਦ - ਜੋ ਲੋਕ ਵਿਸ਼ਿਆਂ ਤੇ ਲੋਕਾਂ ਦੀ ਗੱਲ ਕਰਦਾ ਹੈ - ਉਸਦਾ ਰੀਐਕਸ਼ਨ ਹੈ ਤੇ ਇਸ ਕਰਕੇ ਮੈਂ ਸਮਝਦਾ ਹਾਂ ਕਿ ਇਹ ਇਕ ਠੀਕ ਗੱਲ ਹੈ। ਪਰ ਨਾਲ ਨਾਲ ਮੈਂ ਇਹ ਵੀ ਕਹਿੰਦਾ ਸੀ ਕਿ ਇਹ ਇਕ ਹੱਦ ਤੱਕ ਉਲਾਰ ਵੀ ਹੈ। ਉਂਝ ਜੋ ਉਸ ਵੇਲੇ ਲੇਖਕ ਉਭਰੇ ਸਨ ਉਨ੍ਹਾਂ ਨਾਲ ਸਾਡਾ ਜ਼ਿਆਦਾ ਸੰਪਰਕ ਨਹੀ ਸੀ ਹਾਲਾਂਕਿ ਜਿਵੇਂ ਮਿਡਲ ਕਲਾਸ ਦੀ ਟੈਂਡੈਂਸੀ (ਝੁਕਾਅ) ਹੁੰਦੀ ਹੈ ਜਿਵੇਂ ਕਈ ਲੇਖਕ ਪ੍ਰਯੋਗਵਾਦ ਵਾਲੇ ਪਾਸੇ ਖਿੜਕੇ ਸਨ ਉਸੇ ਤਰ੍ਹਾਂ ਕਈ ਲੇਖਕ ਇਸ ਪਾਸੇ ਵੱਲ ਖਿੜਕਣ ਦੀ ਕੋਸ਼ਿਸ਼ ਕਰਦੇ ਸਨ। ਕਈਆਂ ਨੇ ਧੱਕੇ ਨਾਲ ਵੀ ਆਪਣੇ ਆਪ ਨੂੰ ਅਜਿਹਾ ਬਣਾਉਣ ਦੀ ਕੋਸ਼ਿਸ਼ ਕੀਤੀ। ਜਿਵੇਂ ਮੈਂ ਜਗਤਾਰ ਦੀ ਇਕ ਨਜ਼ਮ ਉਦੋਂ ਛਾਪੀ ਸੀ ਜਦੋਂ ਜੁਝਾਰਵਾਦ ਅਜੇ ਪੋਲੀਟੀਕਲ ਫਿਨੋਮਿਨਾ ਵੀ ਨਹੀ ਸੀ ਪਰ ਬਾਅਦ ਵਿਚ ਜਗਤਾਰ ਉਸੇ ਨਜ਼ਮ ਨੂੰ ਇਉਂ ਪੇਸ਼ ਕਰਦਾ ਰਿਹਾ ਕਿ ਇਹ ਉਸ ਲਹਿਰ ਦੀ ਉਪਜ ਹੈ। ਇਸੇ ਤਰ੍ਹਾਂ ਲਾਲ ਸਿੰਘ ਦਿਲ ਜੋ ਬਾਅਦ ਵਿਚ ਨਕਸਲਵਾਦੀ ਲਹਿਰ ਦਾ ਇਕ ਪ੍ਰਮੁੱਖ ਲੇਖਕ ਬਣਿਆ ਉਸਦੀ ਇਕ ਨਜ਼ਮ ਸੀ। ਪਰ ਸਮੁੱਚੇ ਤੌਰ ਤੇ ਸਾਡਾ ਇਹ ਰਵੱਈਆ ਸੀ ਕਿ ਅਸੀਂ ਜੁਝਾਰਵਾਦ ਦੀ ਵਿਚਾਰਧਾਰਾ ਨੂੰ ਇਕ ਠੀਕ ਗੱਲ ਮੰਨਕੇ ਚਲਦੇ ਸੀ ਭਾਵੇਂ ਲੇਖਕਾਂ ਨਾਲ ਸਾਡਾ ਐਡਾ ਸੰਪਰਕ ਨਹੀਂ ਸੀ। ਮੇਰਾ ਤਾਂ ਇਕ ਨਜ਼ਰੀਆ ਇਹ ਵੀ ਸੀ ਕਿ ਜੁਝਾਰਵਾਦ ਪਰਾਗਰੈਸਿਵ ਮੂਵਮੈਂਟ ਦਾ ਹੀ ਇਕ ਹਿੱਸਾ ਹੈ। ਉਂਝ ਜੁਝਾਰਧਾਰਾ ਵੱਲ ਸਾਡੇ ਇਸ ਕਿਸਮ ਦੇ ਰਵੱਈਏ ਦਾ ਇਕ ਕਾਰਨ ਇਹ ਵੀ ਹੋ ਸਕਦਾ ਹੈ ਕਿ ਜਿਸ ਵਕਤ ਇਹ ਧਾਰਾ ਪੂਰੀ ਚੜ੍ਹਤ ਤੇ ਸੀ ਉਦੋਂ ਸਿਰਜਣਾ ਬੰਦ ਪਈ ਸੀ। ਮੈਨੂੰ ਇਸ ਗੱਲ ਦਾ ਥੋੜ੍ਹਾ ਜਿਹਾ ਅਫਸੋਸ ਵੀ ਹੈ। ਭਾਵੇਂ ਸਾਨੂੰ ਇਸ ਗੱਲ ਦਾ ਪਤਾ ਸੀ ਕਿ ਅਸੀ ਜਾਂ ਸਾਡੇ ਮਿੱਤਰ ਸਟੇਟ ਦੀ ਥੋੜ੍ਹੀ ਬਹੁਤੀ ਮਾਰ ਵੀ ਨਹੀ ਸਹਿ ਸਕਦੇ ਪਰ ਕਵਿਤਾ ਵਿਚ ਅਸੀ ਜੋਸ਼ ਦੀ ਗੱਲ ਕਰਦੇ ਸੀ। ਅਸੀਂ ਉਨ੍ਹਾਂ ਨਾਲ ਇਹ ਗੱਲ ਜ਼ਰੂਰ ਕਰਦੇ ਸੀ ਕਿ ਕਿਸ ਹੱਦ ਤੱਕ ਇਹ ਮੂਵਮੈਂਟ ਠੀਕ ਹੈ ਕਿਸ ਹੱਦ ਤੱਕ ਨਹੀਂ।

**ਸਵਾਲ: ਤੁਸੀ ਪੀ.ਐਚ.ਡੀ. ਕਦੋ ਕੀਤੀ?**

**ਜਵਾਬ:** ਪੀ.ਐਚ.ਡੀ. ਤਾਂ ਮੈਂ ਬਹੁਤ ਲੇਟ ਕੀਤੀ, 1982 ਵਿਚ। ਜਦੋਂ ਮੈਂ ਜੰਡਿਆਲੇ ਤੋਂ ਛੁੱਟੀ ਕੀਤੀ ਤਾਂ ਅਤਰ ਸਿੰਘ ਪੰਜਾਬ ਯੂਨੀਵਰਸਿਟੀ ਆ ਗਿਆ ਸੀ। ਕੋਸ਼ਕਾਰੀ ਵਿਭਾਗ ਉਦੋਂ ਨਵਾਂ ਬਣਿਆ ਸੀ ਉੱਥੇ। ਮੈਨੂੰ ਸੇਖੋਂ ਸਾਹਿਬ ਨੇ ਕਿਹਾ ਕਿ ਉਥੇ ਚਲਾ ਜਾਹ। ਮੈਂ ਫਿਰ ਚੰਡੀਗੜ੍ਹ ਆ ਗਿਆ। ਉਥੇ ਆਕੇ ਸੱਭ ਕੁਝ ਬਦਲ ਗਿਆ। ਉਥੇ ਰਹਿੰਦਿਆਂ ਹੀ ਪੀ. ਐਚ. ਡੀ. ਕੀਤੀ। ਹੋਰ ਵੀ ਕਈ ਸਾਰੇ ਟੀਚਰ ਸਨ ਜਿਨ੍ਹਾਂ ਨੇ ਉਥੇ ਰਹਿੰਦਿਆਂ ਹੀ ਪੀ. ਐਚ. ਡੀ. ਕੀਤੀ। ਬਹੁਤ ਚਿਰ ਕੋਸ਼ਕਾਰੀ ਵਿਭਾਗ ਵਿਚ ਰਿਹਾ।



ਸ੍ਰੀ ਰਘਬੀਰ ਸਿੰਘ ਤੇ ਉਹਨਾਂ ਦੀ ਸੁਪਤਨੀ ਸ੍ਰੀਮਤੀ ਸੁਲੇਖਾ

**ਸਵਾਲ: ਸਾਹਿਤ ਤੇ ਸਿਆਸਤ ਦੇ ਮਸਲੇ ਵਿਚ ਜ਼ੁਬਾਨ ਦਾ ਮਸਲਾ ਕੀ ਪੁਜ਼ੀਸ਼ਨ ਰੱਖਦਾ ਹੈ ਤੇ ਸਿਰਜਣਾ ਵਿਚ ਤੁਸੀ ਉਸਨੂੰ ਕਿਵੇ ਨਜਿੱਠਦੇ ਰਹੇ ਹੋ?**

**ਜਵਾਬ:** ਇਸਦੇ ਕਈ ਪੱਧਰ ਹਨ, ਇਕ ਤਾਂ ਇਹ ਕਿ ਪੰਜਾਬੀ ਜ਼ੁਬਾਨ ਨੂੰ ਪੰਜਾਬ ਸਟੇਟ ਵਿਚ ਉਸਦਾ ਠੀਕ ਥਾਂ ਮਿਲਣਾ। ਬੜੀ ਕੁਦਰਤੀ ਗੱਲ ਹੈ ਕਿ ਅਸੀ ਮਾਰਕਸਿਸਟ ਸੋਚ ਵਾਲੇ ਇਹ ਸਮਝਦੇ ਹਾਂ ਕਿ ਜਿਹੜੀ ਲੋਕਾਂ ਦੀ ਜ਼ੁਬਾਨ ਹੈ ਉਹੀ ਰਾਜ ਪ੍ਰਬੰਧ ਦੀ ਜ਼ੁਬਾਨ ਹੋਣੀ ਚਾਹੀਦੀ ਹੈ ਤੇ ਸਿੱਖਿਆ ਦਾ ਮਾਧਿਅਮ ਹੋਣੀ ਚਾਹੀਦੀ ਹੈ। ਪੰਜਾਬ ਵਿਚ ਲੇਖਕਾਂ ਦੀ ਜਥੇਬੰਦਕ ਲਹਿਰ ਇਸ ਮਸਲੇ ਨੂੰ ਬਹੁਤ ਉਭਾਰਦੀ ਰਹੀ ਹੈ। ਪਰ ਮੈਂ ਇਕ ਗੱਲ ਉਪਰ ਬੜਾ ਠੀਕ ਹਾਂ ਕਿ ਸਾਡੀ ਸਿਆਸੀ ਲੀਡਰਸ਼ਿਪ ਨੂੰ ਜ਼ੁਬਾਨ ਜਾਂ ਕਲਚਰ ਦੀ ਐਡੀ ਕੋਈ ਚੇਤਨਾ ਨਹੀ ਹੈ। ਇਸ ਮਸਲੇ ਵਿਚ ਕੌਮਨਿਸਟਾਂ ਨੂੰ ਥੋੜ੍ਹਾ ਬਹੁਤ ਮਾਨ ਦਿੱਤਾ ਜਾ ਸਕਦਾ ਹੈ ਪਰ ਮੈਂ ਨਹੀਂ ਸਮਝਦਾ ਕਿ ਉਹ ਵੀ ਉਤਨੇ ਸੁਚੇਤ ਹਨ ਜਿਤਨੇ ਹੋਣੇ ਚਾਹੀਦੇ ਹਨ। ਬਾਕੀ ਦੂਸਰੀ ਲੀਡਰਸ਼ਿਪ ਨੂੰ ਤਾਂ ਚੇਤਨਾ ਬਿਲਕੁਲ ਨਹੀਂ ਹੈ ਹਾਲਾਂਕਿ ਪੰਜਾਬ ਵਿਚ ਜ਼ੁਬਾਨ ਦੇ ਨਾਮ ਉਪਰ ਇਤਨਾ ਕੁੱਝ ਹੋਇਆ ਹੈ ਇਥੋਂ ਤੱਕ ਕਿ ਮੌਜੂਦਾ ਪੰਜਾਬ ਦੀ ਸਥਿਤੀ ਦਾ ਇਕ ਕਾਰਨ ਵੀ ਜ਼ੁਬਾਨ ਹੀ ਹੈ। ਲੋਕਾਂ ਵਿਚ ਜ਼ੁਬਾਨ ਸਾਰੇ ਆਧਾਰ ਤੇ ਠੋਸਣ ਦੀ ਕੋਸ਼ਿਸ਼

ਕੀਤੀ ਤੇ ਪੰਜਾਬ ਦੇ ਇਕ ਹਿੱਸੇ ਨੇ ਜ਼ੁਬਾਨ ਤੋਂ ਇਨਕਾਰੀ ਕੀਤੀ ਹੈ। ਇਸ ਮਸਲੇ ਉਪਰ ਲੇਖਕਾਂ ਤੇ ਲੇਖਕ ਸਭਾਵਾਂ ਨੇ ਬੜਾ ਵੱਡਾ ਕੰਮ ਕੀਤਾ ਹੈ। ਮੈਂ ਸਮਝਦਾ ਹਾਂ ਕਿ ਹੁਣ ਤੱਕ ਪੰਜਾਬ ਵਿਚ ਜ਼ੁਬਾਨ ਦੀ ਵਰਤੋਂ ਲਈ ਰਾਜ ਪ੍ਰਬੰਧ ਅਤੇ ਵਿਦਿਅਕ ਅਦਾਰਿਆਂ ਵਿਚ ਜੋ ਕੁੱਝ ਹੋਇਆ ਹੈ ਉਹ ਮੁੱਖ ਤੌਰ ਤੇ ਲੇਖਕਾਂ ਦੇ ਯਤਨਾਂ ਨਾਲ ਹੋਇਆ ਹੈ। ਤੁਸੀਂ ਇਹ ਜਾਣ ਕੇ ਹੈਰਾਨ ਹੋਵੋਗੇ ਕਿ ਪੰਜਾਬੀ ਯੂਨੀਵਰਸਿਟੀ ਸਥਾਪਿਤ ਕਰਨ ਦਾਮਤਾ ਲੇਖਕਾਂ ਦੀ ਕਿਸੇ ਕਾਨਫ੍ਰੰਸ ਵਿਚ ਪਾਸ ਹੋਇਆ ਸੀ ਜਿਸਨੂੰ ਸੰਤ ਸਿੰਘ ਸੇਖੋਂ ਨੇ ਪੇਸ਼ ਕੀਤਾ ਸੀ। ਲੇਖਕ ਆਪਣੀਆਂ ਵੱਖ ਵੱਖ ਕਾਨਫ੍ਰੰਸਾਂ ਵਿਚ ਮੰਗ ਕਰਦੇ ਰਹੇ ਹਨ ਕਿ ਪੰਜਾਬੀ ਬੀ.ਐ. ਤੱਕ ਲਾਜਮੀ ਹੋਣੀ ਚਾਹੀਦੀ ਹੈ ਤੇ ਸਿੱਖਿਆ ਦਾ ਮਾਧਿਅਮ ਹੋਣਾ ਚਾਹੀਦਾ ਹੈ ਆਦਿ। ਇਹ ਸੱਭ ਗੱਲਾਂ ਵੱਖ ਵੱਖ ਪੜ੍ਹਾਵਾਂ ਉਪਰ ਲੇਖਕਾਂ ਨੇ ਹੀ ਉਭਾਰੀਆਂ ਹਨ ਤੇ ਉਸ ਵਿਚ ਸਫਲਤਾ ਮਿਲਦੀ ਰਹੀ ਹੇ। ਹੁਣ ਸਗੋਂ ਪਿਛਲੇ ਕਈ ਵਰ੍ਹਿਆਂ ਤੋਂ ਪੰਜਾਬੀ ਭਾਸ਼ਾ ਨੂੰ ਲਾਗੂ ਕਰਾਉਣ ਦਾ ਯਤਨ ਵੀ ਕੀਤਾ ਹੈ ਤਾਂ ਉਹ ਲੇਖਕ ਜਥੇਬੰਦੀਆਂ ਨੇ ਹੀ ਕੀਤਾ ਹੈ। ਬਾਕੀ ਸਾਡੀ ਲੀਡਰਸ਼ਿਪ ਚਾਹੇ ਉਹ ਆਕਾਲੀ ਹੈ ਚਾਹੇ ਕਾਂਗਰਸੀ, ਕਿੰਨੀਆਂ ਮਰਜੀ ਗੱਲਾਂ ਕਰੀ ਜਾਵੇ ਪੰਜਾਬੀ ਜੁਬਾਨ ਦੀਆਂ, ਉਨ੍ਹਾਂ ਦੇ ਆਪਣੇ ਬੱਚੇ ਅੰਗ੍ਰੇਜ਼ੀ ਮਾਧਿਅਮ ਦੇ ਸਕੂਲਾਂ ਵਿਚ ਪੜ੍ਹਦੇ ਹਨ ਤੇ ਪੂਰੇ ਅੰਗ੍ਰੇਜ਼ ਬਣਨ ਦੀ ਕੋਸ਼ਿਸ਼ ਕਰਦੇ ਹਨ। ਸੋ ਮੈਂ ਇਹ ਸਮਝਦਾ ਹਾਂ ਕਿ ਇਹ ਇਕ ਜਮਾਤੀ ਮਸਲਾ ਹੈ। ਸਿਰਜਣਾ ਵਿਚ ਜ਼ੁਬਾਨ ਦੇ ਮਸਲੇ ਉੱਪਰ ਵੀ ਗੱਲ-ਬਾਤ ਕੀਤੀ ਸੀ ਜਿਸ ਵਿਚ ਵੱਡੇ ਵੱਡੇ ਬੰਦਿਆਂ ਨੂੰ ਸੱਦਾ ਦਿੱਤਾ ਗਿਆ।

ਦੂਸਰਾ ਮਸਲਾ ਇਹ ਹੈ ਕਿ ਸਿਰਜਣਾਤਮਕ ਜਾਂ ਆਲੋਚਨਾਤਮਿਕ ਸਾਹਿਤ ਦੀ ਕੀ ਜ਼ੁਬਾਨ ਹੋਵੇ? ਸਮਾਜ ਵਿਗਿਆਨ ਦੇ ਜਿਹੜੇ ਵੱਖ ਵੱਖ ਵਿਸ਼ੇ ਹਨ ਉਨ੍ਹਾਂ ਦੀ ਕੀ ਜੁਬਾਨ ਹੋਵੇ? ਉਸਦੇ ਬਾਰੇ ਮੈਂ ਇਹ ਸਮਝਦਾ ਹਾਂ ਕਿ ਸਾਡੀ ਜ਼ੁਬਾਨ ਨੂੰ ਬਹੁਤ ਅਮੀਰ ਹੋਣ ਦੀ ਲੋੜ ਹੈ। ਅਸੀ ਇਕ ਸੀਮਿਤ ਸ਼ਬਦਾਵਲੀ ਨਾਲ ਇਹ ਕੰਮ ਨਹੀ ਕਰ ਸਕਦੇ। ਜਦੋਂ ਅਸੀ ਵੱਖ ਵੱਖ ਵਿਸ਼ਿਆਂ ਉਤੇ ਅਤੇ ਵੱਖ ਵੱਖ ਪੱਧਰਾਂ ਉਪਰ ਗੱਲ ਕਰਨੀ ਹੈ ਤਾਂ ਜ਼ੁਬਾਨ ਦੀਆਂ ਲੋੜਾਂ ਬਹੁਤ ਵੱਧ ਜਾਂਦੀਆਂ ਹਨ। ਇਸ ਲਈ ਤੁਸੀ ਜ਼ੁਬਾਨ ਨੂੰ ਉਥੇ ਹੀ ਨਹੀ ਰੱਖ ਸਕਦੇ ਜਿਥੇ ਪਹਿਲਾਂ ਰਹੀ ਸੀ। ਇਸ ਲਈ ਇਹ ਇਕ ਦਿਲਚਸਪੀ ਵਾਲੀ ਗੱਲ ਬਣ ਜਾਂਦੀ ਹੈ ਕਿ ਮੈਂ ਉਸ ਕੈਂਪ ਵਿਚ ਖਲੋਤਾ ਹਾਂ ਜਿਨ੍ਹਾਂ ਉਪਰ ਦੋਸ਼ ਲਗਦਾ ਹੈ ਕਿ ਇਹ ਜ਼ੁਬਾਨ ਨੂੰ ਵਿਗਾੜ ਰਹੇ ਹਨ ਜਾਂ ਜ਼ੁਬਾਨ ਨੂੰ ਔਖੀ ਕਰ ਰਹੇ ਹਨ। ਭਾਵੇਂ ਇਹ ਗੱਲ ਠੀਕ ਹੈ ਕਿ ਜ਼ੁਬਾਨ ਲੋਕਾਂ ਦੇ ਨੇੜੇ ਹੋਣੀ ਚਾਹੀਦੀ ਹੈ ਪਰ ਇਸਦਾ ਇਹ ਮਤਲਬ ਤਾਂ ਨਹੀ ਕਿ ਜੇਕਰ ਇਕ ਆਮ ਆਦਮੀ ਦੀ ਸ਼ਬਦਾਵਲੀ 400 ਸ਼ਬਦਾਂ ਤੱਕ ਸੀਮਿਤ ਹੈ, ਜ਼ੁਬਾਨ ਉਸ ਪੱਧਰ ਉਪਰ ਹੀ ਬੈਠੀ ਰਹੇ। ਜਦੋਂ ਅਸੀ ਜ਼ੁਬਾਨ ਤੋਂ ਵੱਡੇ ਕੰਮ ਲੈਣੇ ਹਨ ਜਿਵੇਂ ਕਿ ਸਾਡੀ ਇਹ ਮੰਗ ਹੈ ਕਿ ਇਹ ਐਡਮਿਨਸਟਰੇਸ਼ਨ ਵਿਚ ਹੋਵੇ ਜਾਂ ਅਕਾਦਮਿਕ ਦਾਇਰਿਆਂ ਵਿਚ ਹੋਵੇ ਤਾਂ ਉਸਦੇ ਲਈ ਸ਼ਬਦਾਵਲੀ ਨਵੀ ਉਭਰੇਗੀ ਹੀ। ਇਸ ਬਾਰੇ ਬਹਿਸ ਮੁਬਾਸੇ ਚਲਦੇ ਰਹਿੰਦੇ ਹਨ ਕਿ ਉਸ ਚੀਜ਼ ਦਾ ਸੋਮਾ ਕੀ ਹੋਵੇ। ਕੀ ਅਸੀ ਮੂਲ ਸ਼ਬਦਾਂਵਲੀ ਵਿਚ ਹੀ ਤਬਦੀਲੀਆਂ ਕਰਕੇ ਲੋੜਾਂ ਪੂਰੀਆਂ ਕਰਨੀਆਂ ਹਨ ਜਾਂ ਹੋਰ ਸੋਮਿਆਂ ਤੋਂ ਸ਼ਬਦ ਲੈਣੇ ਹਨ ਜਿਵੇਂ ਸੰਸਕ੍ਰਿਤ ਵਿਚੋਂ, ਫਾਰਸੀ ਵਿਚੋਂ ਜਾਂ ਅੰਗ੍ਰੇਜ਼ੀ ਵਿਚੋਂ ਆਦਿ। ਇਸ ਕਿਸਮ ਦੀ ਡਿਬੇਟ ਚਲਦੀ ਰਹਿੰਦੀ ਹੈ। ਕੁਝ ਲੋਕ ਕਹਿੰਦੇ ਹਨ ਕਿ ਅਸੀਂ ਆਪਣੀ ਜ਼ੁਬਾਨ ਨੂੰ ਸੰਸਕ੍ਰਿਤਾਈਜ਼ ਨਹੀ ਹੋਣ ਦੇਣਾ। ਇਸ ਨਾਲ ਸਾਡੀ ਜ਼ੁਬਾਨ ਦਾ ਕਰੈਕਟਰ ਬਦਲ ਜਾਵੇਗਾ। ਮੈਂ ਇਹਨਾਂ ਲੋਕਾਂ ਨਾਲ ਸਹਿਮਤ ਨਹੀ ਕਿਉਂਕਿ ਜੇਕਰ ਵਿਗਿਆਨਕ ਤੌਰ ਤੇ ਦੇਖਿਆ ਜਾਵੇ ਤਾਂ ਸਾਡੀ ਜ਼ੁਬਾਨ ਸੰਸਕ੍ਰਿਤ ਵਿਚੋਂ ਹੀ ਆਈ ਹੈ। ਜਦੋਂ ਅਸੀ ਨਵੇਂ ਲਫਜ਼ ਲੈਣੇ ਹਨ ਤਾਂ ਸਾਨੂੰ ਇਸੇ ਵਿਚੋਂ ਹੀ ਲੈਣੇ ਚਾਹੀਦੇ ਹਨ। ਉਸਦੀ ਵਜਹ ਇਹ ਹੈ ਕਿ ਜਦੋਂ ਤੁਸੀ ਇਕ ਨਵਾਂ ਲਫਜ਼ ਕਿਸੇ ਹੋਰ ਜ਼ੁਬਾਨ ਵਿਚੋਂ ਲੈਂਦੇ ਹੋ ਤਾਂ ਇਕਲਾ ਉਹੀ ਲਫਜ਼ ਨਹੀਂ ਆਉਂਦਾ ਉਸਦੇ ਨਾਲ ਲਫਜ਼ਾਂ ਦਾ ਇਕ ਪੂਰਾ ਪ੍ਰੀਵਾਰ ਆਉਂਦਾ ਹੈ। ਫਰਜ ਕਰੋ ਇਕ ਲਫਜ ਪੁਰਤਗਾਲੀ ਵਿਚੋਂ ਲੈ ਲਿਆ ਤਾਂ ਪਤਾ ਉਦੋਂ ਲੱਗੇਗਾ ਜਦੋਂ ਸ਼ਬਦਾਂ ਦਾ ਸਾਰਾ ਪ੍ਰੀਵਾਰ ਨਾਲ ਆਏਗਾ। ਸੰਸਕ੍ਰਿਤ ਕਿਉਂਕਿ ਸਾਡੀ ਜ਼ੁਬਾਨ ਦੀ ਮਾਂ ਹੈ ਇਸ ਲਈ ਉਸ ਵਿਚੋਂ ਨਵਾਂ ਸ਼ਬਦ ਲੈਣ ਨਾਲ ਇਹ ਓਪਰਾਪਨ ਮਹਿਸੂਸ ਨਹੀ ਹੋਵੇਗਾ। ਵੈਸੇ ਮੈਂ ਇਹ ਚਹੁੰਦਾ ਹਾਂ ਕਿ ਜਿਤਨੇ ਦੇਸੀ ਸ਼ਬਦ ਸਾਡੇ ਕੋਲ ਪ੍ਰਚਲਿਤ ਰੂਪ ਹਨ ਅਸੀ ਉਨ੍ਹਾਂ ਨੂੰ ਵਿਸਤਾਰ ਦੇ ਕੇ ਗੁਜਾਰਾ ਕਰ ਸਕੀਏ। ਪਰ ਜਦੋਂ ਸ਼ਬਦਾਵਲੀ ਵਧਾਉਣੀ ਹੈ ਤਾਂ ਸੰਸਕ੍ਰਿਤ ਹੀ ਉਸਦਾ ਸ੍ਰੋਤ ਹੋਣਾ ਚਾਹੀਦਾ ਹੈ। ਦੂਸਰਾ ਇਹ ਕਿ ਕਿਉਂਕਿ ਅੰਗ੍ਰੇਜ਼ੀ ਸਾਡੇ ਵਿਚ ਬਹੁਤ ਪੱਧਰ ਉਪਰ ਪ੍ਰਚਲਤ ਹੈ ਇਸ ਕਰਕੇ ਉਸ ਵਿਚੋਂ ਵੀ ਸ਼ਬਦ ਆਉਣਗੇ ਤੇ ਮੈਂ ਘੱਟੋ ਘੱਟ ਇਸ ਗੱਲ ਦੇ ਖਿਲਾਫ ਨਹੀਂ ਹਾਂ।

ਦੋ ਤਿੰਨ ਸਾਲ ਪਹਿਲਾਂ ਵੀ ਭਾਸ਼ਾ ਦੀ ਬਹਿਸ ਛੇੜੀ ਸੀ। ਲੋਕ ਪੈ ਗਏ ਲੱਠ ਲੈ ਕੇ ਮਗਰ ਕਿ ਦੇਖੋ ਜੀ ਇਹ ਪੰਡਤ ਲੋਕ ਨੇ, ਪ੍ਰੋਫੈਸਰ-

**ਸ਼ਾਇਦ ਇਹ ਮੇਰੀ ਥੋੜ੍ਹੀ ਜਿਹੀ ਕਮਜ਼ੋਰੀ ਵੀ ਹੋਵੇ ਕਿ ਮੈਂ ਸਿਰਜਣਾਤਮਕ ਰਚਨਾ ਨਹੀਂ ਸੀ ਕਰ ਸਕਦਾ।**

ਵਾਧਾ, ਇਹ ਜ਼ੁਬਾਨ ਵਿਗਾੜਦੇ ਨੇ। ਪਰ ਮੈਂ ਸਮਝਦਾ ਹਾਂ ਅਸੀਂ ਜ਼ੁਬਾਨ ਨੂੰ ਵਿਗਾੜ ਨਹੀਂ ਰਹੇ। ਇਥੇ ਸ਼ਾਇਦ ਸਾਡੇ ਕਲਚਰ ਵਿਚਲੀ ਅਨਪੜ੍ਹਤਾ ਦਾ ਵੀ ਹੱਥ ਹੈ ਇਸ ਕਿਸਮ ਦੀ ਗਲ ਚਲਾਉਣ ਵਿਚ। ਹੁਣ ਦੇਖੋ ਕਿ ਪਾਕਿਸਤਾਨ ਦੀ ਵੰਡ ਹੋਈ ਹੈ ਬੜੀ ਬਦਕਿਸਮਤ ਗੱਲ ਹੈ ਪਰ ਇਹ ਇਕ ਸਿਆਸੀ ਰੀਐਲਟੀ ਹੈ। ਪੰਜਾਬੀ ਦੇ ਸ਼ਬਦਾ ਦਾ ਸ੍ਰੋਤ ਫਾਰਸੀ ਵੀ ਰਿਹਾ ਪਰ ਹੁਣ ਉਹ ਸ੍ਰੋਤ ਬੰਦ ਹੋ ਚੁੱਕਿਆ ਹੈ। ਤੁਸੀ ਉਸ ਵਿਚੋਂ ਇਕ ਲਫਜ਼ ਤਾਂ ਲੈ ਆਉਗੇ ਪਰ ਜਦੋਂ ਬਹੁਤ ਸਾਰੇ ਲਫਜ਼ ਆਉਣਗੇ ਤਾਂ ਉਹ ਤੁਹਾਡੇ ਲਈ ਓਪਰੇ ਬਣ ਜਾਣਗੇ। ਪਰ ਫਿਰ ਵੀ ਮੈਂ ਇਹ ਕਹਿੰਦਾ ਕਿ ਉਰਦੂ ਫਾਰਸੀ ਵਿਚੋਂ ਵੀ ਸ਼ਬਦ ਲੈ ਲੈਣੇ ਚਾਹੀਦੇ ਹਨ। ਪਰ ਮੈਂ ਇਹ ਮਹਿਸੂਸ ਕਰਦਾ ਹਾਂ ਕਿ ਜਿਹੜੀ ਸਾਡੀ ਹੁਣ ਦੀ ਪੰਜਾਬੀ ਦੀ ਸ਼ਬਦਾਵਲੀ ਹੈ ਇਸ ਤੋਂ ਕਿਤੇ ਵੱਧ ਸ਼ਬਦਾਵਲੀ ਦੀ ਜਰੂਰਤ ਹੈ। ਜਿਸ ਤਰ੍ਹਾਂ ਅੰਗ੍ਰੇਜ਼ ਜਿਥੇ ਜਿਥੇ ਗਏ ਉਥੋਂ ਦੀਆਂ ਜ਼ੁਬਾਨਾਂ ਵਿਚੋਂ ਸ਼ਬਦ ਲੈਂਦੇ ਰਹੇ। ਕਿਸੇ ਨੇ ਇਤਰਾਜ਼ ਨਹੀ ਕੀਤਾ ਕਿ 'ਸਪੂਤਨਿਕ' ਸ਼ਬਦ ਸਾਡੀ ਜੁਬਾਨ ਵਿਚ ਕਿਉਂ ਆ ਗਿਆ ਭਾਵੇਂ ਉਹ ਰਸ਼ੀਅਨ ਦਾ ਸ਼ਬਦ ਸੀ। ਉਹ ਅੰਗ੍ਰੇਜ਼ੀ ਨੇ ਵੀ ਲੈ ਲਿਆ ਸਾਡੀ ਜ਼ੁਬਾਨ ਨੇ ਵੀ। ਇਸੇ ਤਰ੍ਹਾਂ ਸ਼ਬਦ 'ਰਾਕਟ' ਹੈ ਮੈਂ ਨਹੀ ਕਹਿੰਦਾ ਕਿ ਇਸ ਦੇ ਲਈ ਕੋਈ ਸੰਸਕ੍ਰਿਤ ਵਿਚੋਂ ਸ਼ਬਦ ਲੱਭ ਕੇ ਲਿਆਈਏ। ਜੋ ਸ਼ਬਦ ਆਮ ਲੋਕਾਂ ਦੀ ਜ਼ੁਬਾਨ ਉਪਰ ਚੜ੍ਹ ਜਾਣ ਉਹ ਲੈ ਲੈਣੇ ਚਾਹੀਦੇ ਹਨ। ਸੋ ਇਹ ਇਕ ਅਕਾਦਮਿਕ ਬਹਿਸ ਦਾ ਵਿਸ਼ਾ ਹੈ। ਮੈਂ ਸਮਝਦਾ ਹਾਂ ਕਿ ਜੇਕਰ ਅਸੀਂ ਆਪਣੀ ਜ਼ੁਬਾਨ ਵਿਚ ਫਿਲਾਸਫੀ ਦੀ ਗੱਲ ਕਰਨੀ ਹੈ ਜਾਂ ਇਕਨੋਮਿਕਸ ਦੀ ਗੱਲ ਕਰਨੀ ਹੈ ਤਾਂ ਸਾਡਾ ਮੌਜੂਦਾ ਸ਼ਬਦਾਂ ਨਾਲ ਗੁਜ਼ਾਰਾ ਨਹੀ ਹੋ ਸਕਦਾ ਸਾਨੂੰ ਸ਼ਬਦਾਵਲੀ ਵਿਸ਼ਾਲ ਕਰਨੀ ਪਵੇਗੀ।

ਤੁਸੀ ਅੰਗ੍ਰੇਜ਼ੀ ਦੀ ਗੱਲ ਦੇਖੋ। ਜਿਵੇਂ ਸ਼ਬਦ 'ਵਾਟਰ' ਹੈ ਇਹ ਲੈਟਿਨ, ਗ੍ਰੀਕ ਵਿਚੋਂ ਆਇਆ ਹੈ ਪਰ ਜਿੱਥੇ ਇਸ ਦੇ ਨਾਲ ਸਬੰਧਤ ਸ਼ਬਦਾਵਲੀ ਦੀ ਲੋੜ ਹੁੰਦੀ ਹੈ ਉਥੇ ਸ਼ਬਦ ਐਕੁਆ ਵਰਤਦੇ ਹਨ। ਸੋ ਕਹਿਣ ਦਾ ਭਾਵ ਹੈ ਜਦੋਂ ਤੁਸੀ ਕੰਨਸੈਪਟ ਜਾਂ ਫਾਰਮੂਲੇਸ਼ਨ ਦੀ ਪੱਧਰ ਉਪਰ ਗੱਲ ਕਰਨੀ ਹੈ ਤਾਂ ਜ਼ੁਬਾਨ ਹੋਰ ਤਰ੍ਹਾਂ ਦੀ ਹੋ ਜਾਂਦੀ ਹੈ। ਇਹ ਕੋਈ ਵਿਗਾੜਨ ਵਾਲੀ ਗੱਲ ਨਹੀ। ਜ਼ੁਬਾਨ ਦਾ ਔਖਾ ਹੋਣਾ ਤੁਹਾਡੇ ਗਿਆਨ ਦੀ ਪੱਧਰ ਨਾਲ ਤਾਅਲੁੱਕ

ਰਖਦਾ ਹੈ। ਪਰ ਮੈਂ ਸਮਝਦਾ ਹਾਂ ਕਿ ਸਾਡੀ ਜ਼ੁਬਾਨ ਵਿਚ ਬੜੀ ਸਮਰੱਥਾ ਹੈ ਤੇ ਸਾਡੀ ਜ਼ੁਬਾਨ ਉਸ ਢੰਗ ਨਾਲ ਹੀ ਵਿਕਾਸ ਕਰ ਰਹੀ ਹੈ। ਜਿਵੇਂ ਤੁਸੀਂ ਲੋਕ ਬਾਹਰ ਬੈਠੇ ਹੋ ਤੁਹਾਡੀ ਜ਼ੁਬਾਨ ਇਕ ਹੋਰ ਢੰਗ ਨਾਲ ਵਿਕਾਸ ਕਰੇਗੀ ਤੇ ਮੈਂ ਸਮਝਦਾ ਹਾਂ ਕਿ ਸਾਨੂੰ ਉਸਦਾ ਵਿਰੋਧ ਨਹੀਂ ਕਰਨਾ ਚਾਹੀਦਾ। ਅਸੀਂ ਇਸਨੂੰ ਕਹਾਂਗੇ ਕਿ ਇਹ ਕੈਨੇਡੀਅਨ ਪੰਜਾਬੀ ਹੈ ਤੇ ਸਮੁੱਚੇ ਤੌਰ ਤੇ ਸਾਰੀ ਜ਼ੁਬਾਨ ਨੂੰ ਅਮੀਰ ਕਰ ਰਹੀ ਹੈ। ਜ਼ੁਬਾਨਾਂ ਬਹੁਤ ਹਾਲਤਾਂ ਵਿਚ ਵਿਗਾੜ ਵਿਚੋਂ ਹੀ ਵਿਕਸਿਤ ਹੋਈਆਂ ਹਨ। ਮੈਂ ਬਹੁਤ ਜਿਆਦਾ ਸੰਸਕ੍ਰਿਤ ਵਰਤਣ ਦੇ ਹੱਕ ਵਿਚ ਨਹੀਂ ਤੇ ਆਪ ਆਪਣੀਆਂ ਲਿਖਤਾਂ ਵਿਚ ਸੁਚੇਤ ਪੱਧਰ ਤੇ ਕਿਧਰੇ ਵੀ ਔਖੀ ਜ਼ੁਬਾਨ ਨਹੀਂ ਵਰਤਦਾ। ਪਰ ਮੈਂ ਸਮਝਦਾ ਹਾਂ ਕਿ ਲੇਖਕ ਜਦੋਂ ਕੋਈ ਲਫਜ਼ ਚੁਣਦਾ ਹੈ ਤਾਂ ਉਸਨੂੰ ਪਤਾ ਹੁੰਦਾ ਹੈ ਕਿ ਮੈਂ ਇਹ ਲਫਜ਼ ਕਿਉਂ ਵਰਤ ਰਿਹਾ ਹਾਂ। ਮੈਂ ਸਮਝਦਾ ਹਾਂ ਕਿ ਲਫਜ਼ ਦੀ ਉਥੇ ਲੋੜ ਹੋਣੀ ਚਾਹੀਦੀ ਹੈ। ਇਹ ਕਾਫੀ ਡਿਬੇਟ ਵਾਲਾ ਮਸਲਾ ਹੈ।

**ਸਵਾਲ: ਜੋ ਲਿੱਪੀ ਦਾ ਮਸਲਾ ਹੈ ਕਿ ਪੰਜਾਬੀ ਗੁਰਮੁਖੀ ਵਿਚ ਲਿਖਣੀ ਹੈ, ਦੇਵਨਾਗਰੀ ਵਿਚ ਜਾਂ ਫਾਰਸੀ ਵਿਚ ਲਿਖਣੀ ਹੈ ਕਿਉਂਕਿ ਪੰਜਾਬੀ ਬੋਲਣ ਵਾਲੇ ਜਿਆਦਾ ਲੋਕ ਪਾਕਿਸਤਾਨ ਵਿਚ ਰਹਿੰਦੇ ਹਨ। ਸੋ ਕੀ ਕੋਈ ਇਸ ਮਸਲੇ ਦੇ ਹੱਲ ਹੋਣ ਦੇ ਆਸਾਰ ਨਜ਼ਰ ਆ ਰਹੇ?**

**ਜਵਾਬ:** ਮੈਨੂੰ ਲੱਗਦਾ ਹੈ ਕਿ ਇਹ ਹੋਣਾ ਨਹੀਂ। ਬੜੀ ਬਦਕਿਸਮਤ ਗੱਲ ਹੈ ਜਿਵੇਂ ਕਿ ਮੈਂ ਪਹਿਲਾਂ ਕਹਿ ਚੁੱਕਾ ਹਾਂ ਕਿ ਇਹ ਇਕ ਸਿਆਸੀ ਸਚਾਈ ਹੈ। ਦੋ ਦੇਸ਼ ਬਣ ਚੁੱਕੇ ਹਨ। ਜਿਤਨੀ ਦੇਰ ਵਿਚਕਾਰ ਲਕੀਰ ਹੈ ਉਤਨੀ ਦੇਰ ਇਹ ਮਸਲਾ ਹੱਲ ਹੋਣਾ ਸੰਭਵ ਨਹੀਂ। ਇਸ ਸਬੰਧ ਵਿਚ ਪਾਕਿਸਤਾਨੀ ਦੋਸਤਾਂ ਨਾਲ ਵੀ ਗੱਲ ਹੁੰਦੀ ਰਹਿੰਦੀ ਹੈ। ਮੈਂ ਆਪਣੀ ਸਕਰਿਪਟ ਨੂੰ ਵਡਿਆਉਣ ਦੀ ਗੱਲ ਨਹੀਂ ਕਰਦਾ ਭਾਵੇਂ ਮੈਂ ਆਪ ਇਕ ਖਾਸ ਧਰਮ ਵਿਚੋਂ ਆਇਆ ਹਾਂ ਪਰ ਮੇਰਾ ਖਿਆਲ ਹੈ ਕਿ ਸਾਡੀ ਜ਼ੁਬਾਨ ਲਈ ਗੁਰਮੁਖੀ ਸਕਰਿਪਟ ਹੀ ਸੱਭ ਤੋਂ ਢੁੱਕਵੀਂ ਸਕਰਿਪਟ ਹੈ। ਪਰਸ਼ੀਅਨ ਸਕਰਿਪਟ ਸਾਡੇ ਬਹੁਤ ਸਾਰੇ ਸ਼ਬਦਾਂ ਨੂੰ ਠੀਕ ਤਰ੍ਹਾਂ ਲਿਖ ਨਹੀਂ ਸਕਦੀ। ਜੇਕਰ ਲਿਖ ਵੀ ਦੇਵੇ ਤਾਂ ਉਸ ਵਿਚ ਉਚਾਰਣ ਦੇ ਸਬੰਧ ਵਿਚ ਬੜੇ ਭੁਲੇਖੇ ਰਹਿੰਦੇ ਹਨ। ਮੈਂ ਖੁਦ ਭਾਵੇਂ ਉਰਦੂ ਚੰਗੀ ਤਰ੍ਹਾਂ ਜਾਣਦਾ ਹਾਂ ਪਰ ਜਦੋਂ ਮੈਂ ਉਰਦੂ ਵਿਚ ਲਿਖੀ ਹੋਈ ਪੰਜਾਬੀ ਪੜ੍ਹਦਾ ਹਾਂ ਤਾਂ ਮੈਨੂੰ ਵੀ ਬੜੀ ਮੁਸ਼ਕਿਲ ਆਉਂਦੀ ਹੈ ਹਾਲਾਂਕਿ ਉਰਦੂ ਪੜ੍ਹਣ ਲਈ ਮੈਨੂੰ ਕੋਈ ਸਮੱਸਿਆ ਨਹੀਂ। ਪੰਜਾਬੀ ਲਿਖਣ ਲਈ ਮੈਨੂੰ ਉਹ ਢੁਕਵੀਂ ਸਕਰਿਪਟ ਨਹੀਂ ਲੱਗਦੀ। ਮੈਂ ਇਸ ਕਰਕੇ ਨਹੀਂ ਕਹਿ ਰਹਿਾ ਕਿ ਮੈਂ ਆਪ ਇਧਰਲੇ ਪਾਸੇ ਦਾ ਹਾਂ। ਪਰ ਪਾਕਿਸਤਾਨ ਵਿਚ ਇਹ ਗੱਲ ਲਿਆਉਣੀ ਸੰਭਵ ਨਹੀਂ ਲੱਗਦੀ। ਉਨ੍ਹਾਂ ਦਾ ਇਕ ਖਾਸ ਕਿਸਮ ਦਾ ਮੁਹਾਣ ਬਣ ਚੁੱਕਿਆ ਹੈ ਕਿ ਇਹ ਗੁਰਮੁਖੀ ਸਕਰਿਪਟ ਸਿੱਖਾਂ ਦੀ ਸਕਰਿਪਟ ਹੈ ਹਾਲਾਂਕਿ ਇਹ ਗੱਲ ਹੋਣੀ ਨਹੀਂ ਚਾਹੀਦੀ। ਇਸ ਸਥਿਤੀ ਨੂੰ ਪ੍ਰਵਾਨ ਕਰਨਾ ਚਾਹੀਦਾ ਤੇ ਇਸ ਹਾਲਾਤ ਵਿਚ ਅਸੀਂ ਸੁਚੇਤ ਬੰਦੇ ਵੱਧ ਤੋਂ ਵੱਧ ਇਹੀ ਕਰ ਸਕਦੇ ਹਾਂ ਕਿ ਅਸੀਂ ਪਰਸ਼ਿਅਨ ਸਕਰਿਪਟ ਸਿੱਖੀਏ ਉਹ ਗੁਰਮੁਖੀ ਸਕਰਿਪਟ ਸਿੱਖਣ। ਵੈਸੇ ਐਹੋ ਜਿਹੇ ਯਤਨ ਹੋ ਰਹੇ ਹਨ। ਪਰ ਆਮ ਲੋਕਾਂ ਦੇ ਪੱਧਰ ਉਪਰ ਇਹ ਗੱਲ ਕਿਵੇਂ ਹੋ ਸਕਦੀ ਹੈ ਮੈਨੂੰ ਇਹਦੇ ਬਾਰੇ ਪਤਾ ਨਹੀਂ।

**ਸਵਾਲ: ਤੁਹਾਡੀ ਆਪਣੀ ਹੁਣ ਤੱਕ ਇੱਕੋ ਕਿਤਾਬ ਛਪੀ ਹੈ ਭਾਵੇਂ ਤੁਸੀਂ ਇਤਨੀ ਦੇਰ ਤੋਂ ਲਿਖ ਰਹੇ ਹੋ, ਇਸਦਾ ਕੀ ਕਾਰਨ ਹੈ?**

**ਜਵਾਬ:** ਜਦੋਂ ਪਰਚਾ ਨਿਕਲਣ ਲੱਗ ਪੈਂਦਾ ਹੈ ਤਾਂ ਬਹੁਤ ਛਪਣ ਦੀ ਇੱਛਾ ਨਹੀਂ ਰਹਿ ਜਾਂਦੀ ਜਾਂ ਕਹਿ ਲਉ ਇਸ ਕਿਸਮ ਦੀ ਵਿਹਲ ਹੀ ਨਹੀਂ ਮਿਲਦੀ। ਆਪਣੇ ਆਪ ਨੂੰ ਆਰਗੇਨਾਈਜ਼ ਕਰਨ ਦਾ ਮੌਕਾ ਨਹੀਂ ਮਿਲਦਾ। ਮੈਨੂੰ ਆਪ ਅਹਿਸਾਸ ਹੋ ਰਿਹਾ ਕਿ ਮੈਂ ਐਨੀਆਂ ਚੀਜ਼ਾਂ ਲਿਖ ਕੇ ਉਨ੍ਹਾਂ ਵੱਲ ਧਿਆਨ ਨਹੀਂ ਦਿੱਤਾ ਜੋ ਕਿ ਕਿਤਾਬ ਦੀ ਸ਼ਕਲ ਵਿਚ ਆਉਣੀਆਂ ਚਾਹੀਦੀਆਂ ਸਨ। ਮੈਨੂੰ ਹੁਣ ਲਗਦਾ ਹੈ ਕਿ ਮੈਨੂੰ ਇਸ ਨਾਲ ਘਾਟਾ ਪਿਆ ਹੈ। ਕਿਉਂਕਿ ਜਿਹੜੀ ਕਿਤਾਬ ਅੱਜ ਤੋਂ ਅੱਠ ਸਾਲ ਪਹਿਲਾਂ ਛਪਣੀ ਚਾਹੀਦੀ ਸੀ ਜੇ ਉਹ ਹੁਣ ਛਪਦੀ ਹੈ ਤਾਂ ਉਸ ਵਿਚ ਬਹੁਤ ਸਾਰੀਆਂ ਗੱਲਾਂ ਇਰੇਲੇਵੈਂਟ (ਅਸੰਗਤ) ਹੋਣਗੀਆਂ। ਆਪਣਾ ਕੀਤਾ ਕੰਮ ਵੀ ਨਹੀਂ ਮੈਂ ਛਾਪ ਸੱਕਿਆ ਸ਼ਾਇਦ ਇਹ ਮੈਨੂੰ ਐਡੀਟਰ ਹੋਣ ਦਾ ਤਕਾਜ਼ਾ ਦੇਣਾ ਪੈ ਰਿਹਾ ਹੈ। ਮੈਨੂੰ ਪਤਾ ਹੈ ਕਿ ਲੋਕ ਕਿਤਾਬ ਛਪਵਾਉਣ ਲਈ ਬਹੁਤ ਕਾਹਲ ਕਰਦੇ ਹਨ ਪਰ ਜਿਸ ਕਿਸਮ ਦੀ ਘੌਲ ਮੇਰੇ ਕੋਲੋਂ ਹੋਈ ਹੈ ਉਹ ਨਹੀਂ ਹੋਣੀ ਚਾਹੀਦੀ। ਪਰ ਇਸ ਤੋਂ ਪਹਿਲਾਂ ਕਿ ਮੇਰਾ ਕੀਤਾ ਹੋਇਆ ਪੂਰਾ ਕੰਮ ਅਸੰਗਤ ਹੋ ਜਾਵੇ ਮੈਂ ਛਾਪਣ ਦੀ ਕੋਸ਼ਿਸ਼ ਕਰਾਂਗਾ ਜਿਸ ਕੰਮ ਦਾ ਹੁਣ ਵੀ ਅਰਥ ਹੈ। ਬਹੁਤ ਸਾਰੇ ਦੋਸਤਾਂ ਦੀ ਵੀ ਇਹੀ ਸਲਾਹ ਹੈ। ਜਿਵੇਂ ਕਿ ਗਦਰ ਲਹਿਰ ਦੇ ਫੇਲ ਹੋਣ ਤੋਂ ਬਾਅਦ ਉਹ ਮੂਵਮੈਂਟ ਬਾਕੀ ਨੈਸ਼ਨਲ ਮੂਵਮੈਂਟ ਨੂੰ ਬਾਅਦ ਵਿਚ ਕਿਵੇਂ ਅਸਰ ਕਰਦੀ ਰਹੀ ਹੈ ਚਾਹੇ ਉਹ ਬਬਰ ਆਕਾਲੀ ਲਹਿਰ ਹੋਵੇ ਜਾਂ ਕੋਮਨਿਸਟ ਲਹਿਰ ਹੋਵੇ। ਇਸੇ ਵਿਸ਼ੇ ਉਪਰ ਮੈਂ ਕਾਫੀ ਕੰਮ ਕੀਤਾ ਹੈ। ਮੈਂ ਇਹ ਕੰਮ ਕਰਨ ਵਾਲਾ ਪਹਿਲਾ ਬੰਦਾ ਸੀ, ਖਰੜਾ ਮੇਰੇ ਕੋਲ ਹੈ ਪਿਛਲੇ ਦੋ ਦਹਾਕਿਆਂ ਤੋਂ ਪਰ ਮੈਂ ਨਹੀਂ ਛਾਪ ਸਕਿਆ। ਬਾਅਦ ਵਿਚ ਹੋਰ ਲੋਕਾਂ ਨੇ ਹਿਸਟਰੀ ਦੇ ਉਹੀ ਸ੍ਰੋਤ ਵਰਤ ਲਏ। ਸੋ ਮੇਰੀ ਘੌਲ ਨੇ ਹੀ ਮੇਰਾ ਨੁਕਸਾਨ ਕੀਤਾ ਹੈ। ਜ਼ਿਆਦਾਤਰ ਮੈਂ ਘੌਲੀ ਬੰਦਾ ਹਾਂ, ਉਹੀ ਕੰਮ ਕਰਦਾ ਹਾਂ ਜੋ ਮੇਰਾ ਕਰਨ ਨੂੰ ਜੀਅ ਕਰਦਾ ਹੈ ਤੇ ਉਸ ਵਿਚ ਮੇਰਾ ਚੰਗਾ ਸਿਰੜ ਹੈ। ਸਿਰਜਣਾ ਵੀ ਇਸੇ ਕਰਕੇ ਨਿਕਲੀ ਜਾਂਦੀ ਹੈ।

> **ਪੰਜਾਬੀ ਸਾਹਿਤ ਵਿਚ ਜੋ ਪ੍ਰਯੋਗਵਾਦੀਆਂ ਨੇ ਕੀਤਾ ਹੈ ਜੁਝਾਰਵਾਦ ਉਸਦਾ 'ਓਵਰ-ਰੀਐਕਸ਼ਨ' ਹੈ**

**ਸਵਾਲ: ਕਰੀਏਟਿਵ ਲੇਖਕਾਂ ਦੇ ਲਿਖਣ ਦੇ ਪਰਾਸਿਸ ਬਾਰੇ ਤਾਂ ਪੜ੍ਹਦੇ ਰਹਿੰਦੇ ਹਾਂ ਪਰ ਜਿਹੜੇ ਆਲੋਚਕ ਹੁੰਦੇ ਹਨ ਉਹ ਕਿਸ ਪਰਾਸਿਸ ਵਿਚੋਂ ਲੰਘ ਕੇ ਲਿਖਦੇ ਹਨ? ਕੀ ਉਨ੍ਹਾਂ ਦੀ ਆਪਣੀ ਅੰਦਰੂਨੀ ਫੀਲਿੰਗ ਹੁੰਦੀ ਹੈ ਜਾਂ ਬਾਹਰਲੇ ਕਾਰਨ ਉਨ੍ਹਾਂ ਨੂੰ ਆਲੋਚਨਾ ਕਰਨ ਲਈ ਪ੍ਰੇਰਦੇ ਹਨ?**

**ਜਵਾਬ:** ਆਲੋਚਕ ਵੀ ਮੈਂ ਸਮਝਦਾ ਉਸੇ ਤਰ੍ਹਾਂ ਹੈ ਜਿਵੇਂ ਸਿਰਜਣਾਤਮਕ ਲੇਖਕ ਹੈ। ਜਿਸ ਤਰ੍ਹਾਂ ਸਿਰਜਣਾਤਮਕ ਲੇਖਕ ਨੇ ਚੋਣ ਕੀਤੀ ਹੈ ਕਿ ਉਸਨੇ ਕਵਿਤਾ ਲਿਖਣੀ ਹੈ, ਕਹਾਣੀ ਜਾਂ ਨਾਟਕ ਲਿਖਣਾ ਹੈ ਆਪਣੀ ਰੁਚੀ ਮੁਤਾਬਕ ਮੇਰਾ ਖਿਆਲ ਹੈ ਆਲੋਚਕ ਵੀ ਉਸੇ ਤਰ੍ਹਾਂ ਹੁੰਦਾ ਹੈ। ਜੇਕਰ ਉਹ ਇਮਾਨਦਾਰ ਹੈ ਤਾਂ ਉਨ੍ਹਾਂ ਨੂੰ ਆਪਣੀਆਂ ਸੀਮਾਵਾਂ ਦਾ ਪਤਾ ਹੋਣਾ ਚਾਹੀਦਾ ਹੈ ਕਿ ਉਹ ਕਿਹੜੀ ਗੱਲ ਉਪਰ ਜ਼ਿਆਦਾ ਆਥੋਰਟੀ ਨਾਲ ਗੱਲ ਕਰ ਸਕਦੇ ਹਨ। ਕਈ ਅਜਿਹੇ ਆਲੋਚਕ ਵੀ ਹਨ ਜਿਨ੍ਹਾਂ ਤੋਂ ਤੁਸੀਂ ਜੋ ਮਰਜੀ ਲਿਖਾ ਲਉ ਪਰ ਮੈਂ ਨਹੀਂ ਸਮਝਦਾ ਕਿ ਮੇਰੀ ਲਈ ਇਹ ਸੰਭਵ ਹੈ। ਪਹਿਲਾਂ ਆਲੋਚਕ ਦੀ ਗੱਲ ਐਨੀ ਨਹੀਂ ਸੀ ਹੁੰਦੀ ਪਰ ਹੁਣ ਯੂਨੀਵਰਸਿਟੀਆਂ ਦੀਆਂ ਅਕਾਦਮਿਕ ਲੋੜਾਂ ਹਨ ਤੇ ਉਨ੍ਹਾਂ ਲੋੜਾਂ ਵਿਚੋਂ ਹੀ ਆਲੋਚਨਾ ਹੁੰਦੀ ਹੈ। ਤਿੰਨ ਦਹਾਕੇ ਪਹਿਲਾਂ ਆਲੋਚਨਾ ਨਿਰੋਲ ਸ਼ੌਕ ਦੇ ਆਧਾਰ ਉਪਰ ਹੁੰਦੀ ਸੀ। ਮੋਟੇ ਤੌਰ ਤੇ ਇਹ ਹੈ ਕਿ ਯੂਨੀਵਰਸਿਟੀਆਂ ਵਿਚ ਖੇਤਰ ਵੰਡੇ ਹੋਏ ਹਨ ਜਿਵੇਂ ਕੋਈ ਮੈਨੂੰ ਕਹੇਗਾ ਕਿ ਮੈਂ ਫਿਕਸ਼ਨ ਬਾਰੇ ਆਲੋਚਨਾ ਲਿਖਾਂਗਾ। ਇਸੇ ਤਰ੍ਹਾਂ ਪਰਚਾ ਕੱਢਣ ਕਰਕੇ ਮੈਨੂੰ ਅਖਬਾਰਾਂ ਵਗੈਰਾ ਵਾਸਤੇ ਰਿਵੀਊ ਵੀ ਲਿਖਣੇ ਪੈਂਦੇ ਹਨ। ਕਈ ਵਾਰੀ ਆਪਣੀ ਲੋੜ ਵਜੋਂ ਵੀ ਲਿਖ ਦੇਈਦੀ ਹੈ ਕਿ ਇਹ ਕਿਤਾਬ

ਵਧੀਆ ਹੈ ਜਾਂ ਇਹ ਲੇਖਕ ਚਰਚਾ ਦਾ ਵਿਸ਼ਾ ਹੈ ਆਦਿ। ਸੋ ਵੱਖ ਵੱਖ ਹਾਲਾਤ ਹੁੰਦੇ ਹਨ। ਮਸਲਨ ਜਦੋਂ ਅਜਮੇਰ ਔਲਖ ਦੇ ਨਾਟਕ ਆਏ ਹਨ ਮੈਂ ਉਨ੍ਹਾਂ ਉਪਰ ਵੀ ਲਿਖਿਆ ਹੈ ਤੇ ਕਦੀ ਕਵਿਤਾ ਉਪਰ ਵੀ ਲਿਖਿਆ ਹੈ ਪਰ ਮੁੱਖ ਤੌਰ ਤੇ ਮੈਂ ਫਿਕਸ਼ਨ ਉਪਰ ਹੀ ਲਿਖਿਆ ਹੈ।

**ਸਵਾਲ: ਪੰਜਾਬੀ ਦੇ ਲੇਖਕਾਂ/ਆਲੋਚਕਾਂ ਨੂੰ ਮਾਨ ਸਨਮਾਣ ਤਾਂ ਜਾਂ ਹੋਰ ਨੌਕਰੀਆਂ ਆਦਿ ਦੇ ਫਾਇਦੇ ਆਦਿ ਤਾਂ ਮਿਲ ਜਾਂਦੇ ਹਨ ਪਰ ਇਕ ਲੇਖਕ ਪੰਜਾਬੀ ਦੀ ਰਚਨਾ ਜਾਂ ਕਿਤਾਬ ਦੇ ਸਿਰੋਂ ਆਪਣੀ ਰੋਟੀ ਰੋਜ਼ੀ ਤੋਰ ਸਕੇ, ਇਹ ਗੱਲ ਅਜੇ ਕਿਤਨੀ ਕੁ ਦੂਰ ਜਾਪਦੀ ਹੈ?**

**ਜਵਾਬ:** ਅਜੇ ਬਹੁਤ ਦੂਰ ਦੀ ਗੱਲ ਹੈ। ਕਿਉਂਕਿ ਪੰਜਾਬ ਵਿਚ ਕਿਤਾਬ ਦੇ ਵਿਕਣ ਦਾ ਕਲਚਰ ਵਿਕਸਿਤ ਨਹੀਂ ਹੋਇਆ ਜਿਸਨੂੰ ਲਿਟਰੇਰੀ ਕਲਚਰ ਕਹਿੰਦੇ ਹਨ। ਕਾਰਨ ਕੁੱਝ ਵੀ ਹੋ ਸਕਦੇ ਹਨ। ਉਹ ਲੋਕ ਜੋ ਸਾਹਿਤ ਵਿਚ ਦਿਲਚਸਪੀ ਵੀ ਰਖਦੇ ਹਨ ਕਿਤਾਬਾਂ ਖਰੀਦਣ ਵਿਚ ਵਿਸ਼ਵਾਸ ਨਹੀਂ ਰਖਦੇ। ਇਸ ਲਈ ਅਜੇ ਬਹੁਤ ਕੰਮ ਕਰਨ ਵਾਲਾ ਪਿਆ ਹੈ। ਸਟੇਟ ਵੀ ਰੋਲ ਅਦਾ ਕਰ ਸਕਦੀ ਹੈ ਜਾਂ ਵੱਖ ਵੱਖ ਸੰਸਥਾਵਾਂ ਵੀ ਰੋਲ ਅਦਾ ਕਰ ਸਕਦੀਆਂ ਹਨ ਕਿ ਪੰਜਾਬ ਵਿਚ ਲਿਟਰਰੇਰੀ ਕਲਚਰ ਪੈਦਾ ਹੋਵੇ। ਪਰ ਇਹ ਗੱਲ ਅਜੇ ਕਾਫੀ ਦੂਰ ਹੈ।

ਜਦੋਂ ਮੈਂ ਸਿਰਜਣਾ ਦੀ ਗੱਲ ਕਰ ਰਿਹਾ ਸੀ ਤਾਂ ਮੈਂ ਦੱਸਿਆ ਸੀ ਕਿ ਮੈਂ ਕਾਫੀ ਆਰਥਿਕ ਬੋਝ ਝੱਲਿਆ ਹੈ। ਕੋਈ ਕੰਮ ਵੀ ਬੰਦਾ ਬਿਨਾਂ ਲਾਭ ਤੋਂ ਨਹੀਂ ਕਰਦਾ। ਮੇਰਾ ਇਹ ਮੱਤ ਸੀ ਕਿ ਮੈਂ ਜੋ ਕੰਮ ਕਰ ਰਿਹਾ ਹਾਂ ਉਹ ਇਕ ਚੰਗਾ ਕੰਮ ਕਰ ਰਿਹਾ ਹਾਂ ਤੇ ਮੈਂ ਇਸ ਕੰਮ ਦੇ ਯੋਗ ਹਾਂ। ਲਾਭ ਹਾਣ ਨਿਰੋਲ ਪੈਸਿਆਂ ਦਾ ਨਹੀਂ ਹੁੰਦਾ। ਜੇਕਰ ਮੈਂ ਸਿਰਜਣਾਂ ਵਿਚ ਪੈਸੇ ਪਾਉਂਦਾ ਰਿਹਾ ਹਾਂ ਤਾਂ ਮੈਂ ਇਸ ਗੱਲ ਦਾ ਕਿਸੇ ਉਪਰ ਗਿਲ੍ਹਾ ਨਹੀਂ ਕਰਦਾ, ਮੈਨੂੰ ਲੱਗਦਾ ਹੈ ਇਹ ਮੇਰੀ ਲੋੜ ਸੀ, ਮੇਰੀ ਇਨਵੈਸਟਮੈਂਟ ਸੀ ਤੇ ਮੈਨੂੰ ਲੱਗਦਾ ਹੈ ਕਿ ਸਿਰਜਣਾ ਦੇ ਪੰਨਿਆਂ ਰਾਹੀਂ ਪਿਛਲੇ ਦੋ ਦਹਾਕਿਆਂ ਵਿਚ ਉਹੀ ਗੱਲ ਹੋਈ ਹੈ ਜਿਸ ਕਿਸਮ ਦੀ ਗਲਬਾਤ ਅਸੀਂ ਚਾਹੁੰਦੇ ਸੀ ਕਿ ਪੰਜਾਬੀ ਸਾਹਿਤ ਵਿਚ ਹੋਵੇ । ਮੈਨੂੰ ਇਸ ਗੱਲ ਦੀ ਖ਼ੁਸ਼ੀ ਹੈ ਕਿ ਵੱਡੇ ਵੱਡੇ ਅਸਮਰਥ ਲੇਖਕ ਜੋ ਕਿਸੇ ਵੇਲੇ ਖਿੜਕਣ ਦਾ ਸ਼ਿਕਾਰ ਹੋ ਸਕਦੇ ਸੀ ਸ਼ਾਇਦ ਸਿਰਜਣਾ ਕਰਕੇ ਨਹੀਂ ਹੋਏ। ਕਈ ਨਵੇਂ ਲੇਖਕ ਸਿਰਜਣਾ ਦੇ ਪੰਨਿਆਂ ਰਾਹੀਂ ਉਭਰੇ ਹਨ ਤੇ ਸਿਰਜਣਾ ਦੀ ਸ਼ਾਨ ਬਣੀ ਹੋਈ ਹੈ ਕਿ ਜੋ ਲੇਖਕ ਸਿਰਜਣਾ ਵਿਚ ਛਪਦਾ ਹੈ ਉਸਨੂੰ ਮਾਨਤਾ ਮਿਲਦੀ ਹੈ। ਚੰਗੇ ਲੇਖਕ ਜਿਵੇਂ ਔਲਖ, ਵਰਿਆਮ ਸੰਧੂ ਜੋ ਲੋਕ ਪ੍ਰਵਾਨ ਹੋਏ ਹਨ ਤਾਂ ਮੈਂ ਸਮਝਦਾ ਹਾਂ ਕਿ ਉਸ ਵਿਚ ਸਿਰਜਣਾ ਦਾ ਵੀ ਯੋਗਦਾਨ ਹੈ ਇਸ ਕਿਸਮ ਦੀ ਪਰੋਜੈਕਸ਼ਨ ਵਿਚ। ਮੈਂ ਸਮਝਦਾ ਹਾਂ ਕਿ ਇਹ ਮੇਰਾ ਰੀਵਾਰਡ (ਇਨਾਮ) ਹੈ ਤੇ ਸਿਰਜਣਾ ਦੇ ਐਡੀਟਰ ਵਜੋਂ ਵੀ ਮੈਨੂੰ ਬਹੁਤ ਆਦਰ ਮਾਣ ਮਿਲਿਆ ਹੈ। ਤੁਸੀ ਦੁਨੀਆਂ ਦੇ ਪਰਲੇ ਸਿਰੇ ਬੈਠੇ ਹੋ ਤੇ ਤੁਹਾਡੇ ਨਾਲ ਮੇਰੀ ਸਾਂਝ ਦਾ ਕਾਰਨ ਵੀ ਸਿਰਜਣਾ ਹੀ ਹੈ। ਸੋ ਮੇਰਾ ਕਹਿਣ ਦਾ ਭਾਵ ਹੈ ਕਿ ਪਰਚਾ ਕੱਢਣ ਪਿੱਛੇ ਮੇਰਾ ਪੈਸੇ ਦਾ ਕੋਈ ਲਾਹਾ ਨਹੀਂ ਸੀ ਪਰ ਜੋ ਮੈਨੂੰ ਮਾਣ ਤਾਣ ਮਿਲਿਆ ਹੈ ਇਸੇ ਕਰਕੇ ਮਿਲਿਆ ਹੈ ਕਿ ਮੈਂ ਪਰਚਾ ਕੱਢਦਾ ਹਾਂ।

◆●◆●◆●◆


**LASER SCREEN PRINTING**

**Custom Printing and Specialty Advertising**

Manufacturer and Distributors of:

*T-Shirts *Sportswear *Team Jackets
* Crests *Caps * Decals
* Transfers *Emblems *Calendars
*Pens * Matches * Glasswear
* Lighters * Buttons * Sales Aids
* Playing Cards *Lapel Pins
*Safety Awards *Promotional Gifts
* Incentives * Plus much more

**Ram Sharma**
5311-91 Street
Edmonton, Alberta, T6E 6E2
**Ph: (403) 468-6435**

**Devinderjit (Dave) Singh Purewal**
(Barrister, Solicitor & Notary Public)
ਦਵਿੰਦਰਜੀਤ ਸਿੰਘ ਪੁਰੇਵਾਲ
**Ph: (403) 462-7555**

**General Paractice of Law including:**
* ਕ੍ਰਿਮੀਨਲ (Criminal) * ਇਮੀਗਰੇਸ਼ਨ (Immigration)
* ਰੀਅਲ ਅਸਟੇਟ ਤੇ ਮੋਰਗੇਜ਼ (Real Estate & Mortagage)
* ਵਿੱਲ ਤੇ ਅਸਟੇਟ (Wills & Estate) * ਸਿਵਲ(Civil)
* ਡਾਇਵੋਰਸ ਤੇ ਫੈਮਲੀ ਕਾਨੂੰਨ (Divorce & Family Law)
* ਨਿਜੀ ਸੱਟਾਂ ਦੇ ਕਲੇਮ (Personal Injury Claims)

**Venkatraman & Associataes**
Ph. (403) 436-7060
# 440-4445 Calgary Tr. South, Edmonton
*Millwood Office:*
9209-34th Ave. Edmonton Alberta, T6E 5T5
ਸੇਵਾਵਾਂ ਪੰਜਾਬੀ, ਹਿੰਦ ਤੇ ਉਰਦੂ ਵਿਚ ਵੀ ਮਿਲਦੀਆਂ ਹਨ।

ਪੰਜਾਬੀ ਕਲਾ ਦੇ ਵਿਰਸੇ ਨਾਲ ਜੁੜਿਆ ਕਲਾਕਾਰ।

# ਸੋਹਣ ਕਾਦਰੀ

◎

## ਮੁਲਾਕਾਤੀ: ਜੁਗਿੰਦਰ ਕਲਸੀ

[ਸੋਹਣ ਕਾਦਰੀ ਅੰਤਰ ਰਾਸ਼ਟਰੀ ਪੱਧਰ ਦੇ ਮਸ਼ਹੂਰ ਪੇਂਟਰ ਹਨ। ਆਪ ਦੇ ਬਣਾਏ ਚਿਤਰਾਂ ਦੀਆਂ ਨੁਮਾਇਸ਼ਾਂ ਕਿੰਨੇ ਹੀ ਮੁਲਕਾਂ ਵਿਚ ਲੱਗ ਚੁੱਕੀਆਂ ਹਨ। ਇਸ ਦੇ ਨਾਲ ਉਹ ਪੰਜਾਬੀ ਤੇ ਅੰਗ੍ਰੇਜ਼ੀ ਵਿਚ ਕਵਿਤਾ ਵੀ ਲਿਖਦੇ ਹਨ। ਇਹ ਇੰਟਰਵਿਊ ਉਨ੍ਹਾਂ ਨਾਲ ਟਰਾਂਟੋ ਦੇ ਇਕ ਪੰਜਾਬੀ ਟੀ. ਵੀ. ਪ੍ਰੋਗਰਾਮ ਦੇ ਡਾਇਰੈਕਟਰ ਸ੍ਰੀ ਜੋਗਿੰਦਰ ਕਲਸੀ ਨੇ ਕੀਤੀ। ਇੱਥੇ ਇਹ ਇੰਟਰਵੀਊ ਪੇਸ਼ ਕਰਦੇ ਸਮੇਂ ਅਸੀ ਵਤਨ ਵਲੋਂ ਜੁਗਿੰਦਰ ਕਲਸੀ ਹੋਰਾਂ ਦਾ ਧੰਨਵਾਦ ਕਰਦੇ ਹਾਂ।]



ਸੋਹਣ ਕਾਦਰੀ

**ਸਵਾਲ: ਪੰਜਾਬ ਵਿਚ ਪਹਿਲੀਆਂ ਕਲਾ ਕ੍ਰਿਤਾਂ ਕਦੋਂ ਅਤੇ ਕਿਸ ਪ੍ਰਕਾਰ ਮਿਲੀਆਂ?**

**ਜਵਾਬ:** ਪੰਜਾਬ ਕੇਵਲ ਆਰਟ ਜਾਂ ਲਿਟਰੇਚਰ ਦਾ ਹੀ ਨਹੀ ਬਲਕਿ ਸਾਰੀ ਸਭਿਅਤਾ ਦਾ ਕੇਂਦਰ ਰਿਹਾ ਹੈ। ਸਿੰਧ ਘਾਟੀ ਦੀ ਸਭਿਅਤਾ ਹੜੱਪਾ, ਮਹਿੰਜੋਦੜੋ ਦਾ ਕਲਚਰ ਇਹ ਸਾਰੇ ਪੰਜਾਬ ਦੀ ਧਰਤੀ ਉੱਪਰ ਹੀ ਵਸਦੇ ਸਨ, ਜਦੋਂ ਸਾਨੂੰ ਆਰਕੀਟੈਕਚਰ ਦੀ ਵੀ ਸਮਝ ਸੀ। ਇਸੇ ਤਰ੍ਹਾਂ ਤਕਸ਼ਿਲਾ ਜੋ ਉਦੋਂ ਪੰਜਾਬ ਵਿਚ ਹੁੰਦਾ ਸੀ, ਵਿਚ ਤਿੰਨ ਯੂਨੀਵਰਸਿਟੀਆਂ ਸਨ। ਅਜ ਕਲ ਜੋ ਆਮ ਧਾਰਨਾ ਹੈ ਕਿ ਪੰਜਾਬ ਦਾ ਕਲਚਰ ਕੇਵਲ ਐਗਰੀਕਲਚਰ ਹੀ ਹੈ ਜਾਂ ਪੰਜਾਬ ਨੂੰ ਕਲਚਰ ਤੋਂ ਵਾਂਝਾ ਸਮਝਿਆ ਜਾਂਦਾ, ਉਹ ਠੀਕ ਨਹੀਂ। ਕਲਚਰ ਦਰਅਸਲ ਸ਼ੁਰੂ ਹੀ ਪੰਜਾਬ ਤੋਂ ਹੋਈ ਹੈ। ਮਹਿੰਜੋਦੜੋ ਦੀ ਖੁਦਾਈ ਵਿਚੋਂ ਜੋ ਚੀਜ਼ਾਂ ਮਿਲੀਆਂ, ਉਨ੍ਹਾਂ ਤੋਂ ਉਸ ਵੇਲੇ ਦੇ ਸਕਲਪਚਰ (ਬੁੱਤਕਾਰੀ), ਆਰਟ–ਕਰਾਫਟ, ਪੌਟਰੀ (ਕੁੰਭਕਾਰੀ) ਦਾ ਗਿਆਨ ਹੁੰਦਾ ਹੈ। ਇਹ ਕੋਈ ਸਾਢੇ ਤਿੰਨ ਹਜ਼ਾਰ ਸਾਲ ਬੀ. ਸੀ. ਦੀ ਗੱਲ ਹੈ। ਯੂਨਾਨੀ ਤੇ ਮਿਸਰੀ ਸਭਿਆਤਾਵਾਂ ਬਾਅਦ ਵਿਚ ਹੋਂਦ ਵਿਚ ਆਈਆਂ। ਉਸ ਵੇਲੇ ਲੋਕ ਪੰਜਾਬ ਵਿਚ ਹੁਨਰ ਸਿੱਖਣ ਵਾਸਤੇ ਆਉਂਦੇ ਹੁੰਦੇ ਸਨ। ਚੀਨ ਤੱਕ ਤੋਂ ਲੋਕ ਤਕਸ਼ਿਲਾ ਵਿਚ ਪੜ੍ਹਨ ਆਉਂਦੇ ਸਨ। ਸਾਰੇ ਏਸ਼ੀਆ ਦੇ ਆਰਟ, ਕਰਾਫਟ ਤੇ ਲਿਟਰੇਚਰ ਦਾ ਗੜ੍ਹ ਪੰਜਾਬ ਸੀ। ਜੋ ਪੇਂਟਿੰਗ ਹੈ, ਇਹ ਵਿਜ਼ੂਅਲ ਆਰਟ ਹੈ। ਇਸਦਾ ਆਰੰਭ ਤਾਂ ਹੁੰਦਾ ਹੀ ਸਿੰਧ ਵੈਲੀ ਤੋਂ ਹੈ।

**ਸਵਾਲ: ਲਿੱਪੀ ਦੀ ਸ਼ੁਰੂਆਤ ਕਿਵੇਂ ਹੋਈ?**

**ਜਵਾਬ:** ਪਹਿਲੀ ਲਿੱਪੀ ਘੁੱਗੂ ਘੋੜਿਆਂ ਵਰਗੇ ਖਿਡੌਣਿਆਂ ਤੋਂ ਸ਼ੁਰੂ ਹੋਈ। ਇਸਦੇ ਨਮੂਨੇ ਪੌਟਰੀ (ਬਰਤਨਾਂ) ਤੋਂ ਮਿਲਦੇ ਹਨ। ਪੇਂਟਿੰਗਜ਼ ਦੇ ਵੀ ਨਮੂਨੇ ਮਿਲੇ ਹਨ। ਇਨ੍ਹਾਂ ਚੀਜ਼ਾਂ ਤੋਂ ਉਨ੍ਹਾਂ ਲੋਕਾਂ ਦੇ ਰਹਿਣ ਸਹਿਣ, ਧਰਮ, ਕਲਾ, ਸਮਾਜਕ ਬਣਤਰ, ਨਾਚ, ਗੀਤ ਤੇ ਆਤਮਕ ਗੱਲਾਂ ਦਾ ਗਿਆਨ ਹੁੰਦਾ ਹੈ। ਉਹ ਲੋਕ ਬਹੁਤ ਅੱਗੇ ਸਨ। ਸੋ ਸਾਰੀ ਕਲਾ ਸਿੰਧ ਘਾਟੀ ਵਾਲੇ ਪੰਜਾਬ ਤੋਂ ਸ਼ੁਰੂ ਹੁੰਦੀ ਹੈ।

**ਸਵਾਲ: ਸਿੰਧ ਘਾਟੀ ਤੋਂ ਪਿਛੋਂ ਕਿਹੜੀ ਕਲਾ ਨੇ ਪੰਜਾਬ ਵਿਚ ਪ੍ਰਵੇਸ਼ ਕੀਤਾ?**

**ਜਵਾਬ:** ਜਿਸਨੂੰ ਹੁਣ ਕਲਾ ਪੰਜਾਬ ਕਹਿੰਦੇ ਹਨ, ਇਹ ਸਿੰਧ ਘਾਟੀ ਕਲਚਰ ਦੀ ਹੀ 'ਕਨਟੀਨਿਊਏਸ਼ਨ' (ਨਿਰੰਤਰਤਾ) ਹੈ। ਜਿਥੇ ਅਕਲ ਕਿਤੇ ਇਕ ਵਾਰੀ ਆ ਜਾਵੇ ਤਾਂ ਉਹ ਉਥੇ ਕਾਫੀ ਦੇਰ ਰਹਿੰਦੀ ਹੀ ਹੈ। ਫੇਰ ਯੂਨਾਨੀ ਆਏ। ਅੈਲਗਜ਼ੈਂਡਰ (ਸਿਕੰਦਰ) ਇਥੋਂ ਦੇ ਐਜੂਕੇਸ਼ਨ ਸਿਸਟਮ, ਸਪਰੀਚਿਉਲ ਯੋਗਾ ਸਿਸਟਮ ਤੇ ਆਰਟ ਕਰਾਫਟ ਤੋਂ ਬੜਾ ਪ੍ਰਭਾਵਿਤ ਹੋਇਆ। ਉਸਦੇ ਨਾਲ ਉਧਰੋਂ ਕੁੱਝ ਆਰਟਿਸਟ ਲੋਕ ਵੀ ਆਏ ਸਨ। ਉਨ੍ਹਾਂ ਨਾਲ ਸਾਡੀ ਮਿਲਣੀ ਦੇ ਵਿਚੋਂ ਇਕ ਬਹੁਤ ਵਧੀਆ ਆਰਟ ਫੌਰਮ ਨਿਕਲੀ ਜਿਸਦਾ ਅਜੇ ਤੱਕ ਵੀ ਦੁਨੀਆਂ ਵਿਚ ਕੋਈ ਮੁਕਾਬਲਾ ਨਹੀਂ। ਇਸ ਵਿਚੋਂ ਗੰਧਾਰਾ ਸ਼ੈਲੀ ਚੱਲੀ ਤੇ ਬਾਅਦ ਵਿਚ ਗੰਧਾਰਾ ਸਕੂਲ ਆਫ ਆਰਟ ਬਣਿਆ ਜੋ ਕਿ ਇੰਡੀਆ ਦੀ ਆਰਟ ਹਿਸਟਰੀ ਵਿਚ ਇਕ ਬਹੁਤ ਹੀ ਮਹੱਤਵਪੂਰਨ ਪੜਾਅ ਸੀ। ਇਹ 300 ਸਾਲ ਬੀ. ਸੀ. ਦੀ ਗੱਲ ਹੈ।

ਪੰਜਾਬ ਐਸੀ ਜਗਹ ਤੇ ਸਥਿੱਤ ਹੈ ਤੇ ਬਾਹਰਲੇ ਹਮਲਾਵਰਾਂ ਨਾਲ ਵਾਹ ਪੈਂਦਾ ਰਹਿਣ ਕਰਕ ਇਸਦੀ 'ਹੋਰਾਈਜ਼ਨ' ਬਹੁਤ ਚੌੜੀ ਹੈ । ਤਕਸ਼ਿਲਾ ਯੂਨੀਵਰਸਿਟੀ ਵਿਚ ਬੁੱਧੀਜੀਵੀ ਪੜ੍ਹਦੇ ਸਨ। ਮਹਾਤਮਾ ਬੁੱਧ ਨੂੰ 'ਹਿਉਮਨ

ਫੌਰਮ' (ਮਾਨਵ ਰੂਪ) ਇਥੋਂ ਹੀ ਮਿਲੀ ਹੈ। ਪਹਿਲਾਂ ਸਾਊਥ ਇੰਡੀਆ ਜਾਂ ਵਿੰਧਿਆਚਲ ਵਿਚ ਜੋ ਲੋਕ ਬੋਧੀ ਬਣਦੇ ਸਨ ਉਹ ਕਿਸੇ ਦਰੱਖਤ ਜਾਂ ਕਿਸੇ ਹਾਥੀ ਦੇ ਰੂਪ ਵਿਚ ਬੁੱਧਾਂ ਨੂੰ ਦੇਖਦੇ ਸਨ। ਪੰਜਾਬ ਵਿਚ ਹੀ ਪਹਿਲੀ ਵਾਰੀ ਬੁੱਧ ਹਿਊਮਨ ਫੌਰਮ ਵਿਚ ਤਰਾਸ਼ਿਆ ਗਿਆ। ਇਹ ਗੱਲ ਉਸਦੇ ਮਰਨ ਤੋਂ ਤਕਰੀਬਨ 1200 ਸਾਲ ਬਾਅਦ ਦੀ ਹੈ।

**ਸਵਾਲ: ਮੁਗਲਾਂ ਤੇ ਪਰਸ਼ੀਅਨ ਦੇ ਰਾਜ ਸਮੇਂ ਪੰਜਾਬ ਦੇ ਆਰਟ ਵਿਚ ਕੀ ਤਰੱਕੀਆਂ ਹੋਈਆਂ?**

**ਜਵਾਬ:** ਗਜ਼ਨਵੀ ਤੋਂ ਲੈਕੇ ਜਿਹੜੇ ਵੀ ਹਮਲਾਵਾਰ ਆਉਂਦੇ ਰਹੇ ਉਹ ਆਪਣੀ ਅਕਲ ਵੀ ਨਾਲ ਲੈ ਕੇ ਆਉਂਦੇ ਰਹੇ। ਭਾਵ ਉਨ੍ਹਾਂ ਦੇ ਨਾਲ ਉਨ੍ਹਾਂ ਦੇ ਕਲਾਕਾਰ ਤੇ ਸ਼ਾਇਰ ਲੋਕ ਵੀ ਹੁੰਦੇ ਸਨ। ਪੰਜਾਬ ਦੀ ਸਭਿਅਤਾ ਤੇ ਪਰਸ਼ੀਆ ਦਾ ਬਹੁਤ ਲੰਬੇ ਸਮੇਂ ਦਾ ਪ੍ਰਭਾਵ ਹੈ। ਪਰਸ਼ੀਅਨ ਪੇਟਿੰਗ ਪੰਜਾਬ ਵਿਚ ਆ ਕੇ 'ਇੰਡੀਅਨ ਮਿਨੀਨੇਚਰ' (ਲਘੂ–ਚਿੱਤਰ ਕਲਾ) ਸਕੂਲ ਬਣ ਗਿਆ ਜਿਸ ਦਾ ਸਾਰੀ ਦੁਨੀਆਂ ਨੂੰ ਪਤਾ ਹੈ। ਅਸੀਂ ਛੋਟੀ ਜਿਹੀ ਪੇਟਿੰਗ ਵਿਚ ਬਹੁਤ ਸਾਰੀ ਗੱਲ ਕਹਿ ਦਿੰਦੇ ਹਾਂ। ਜਿਸ ਵੇਲੇ ਪੰਜਾਬ ਨੂੰ ਆਪਾਂ ਛੋਟਾ ਕਰਕੇ ਦੇਖਦੇ ਹਾਂ ਤਾਂ ਇਹ 'ਐਗਰੀਕਲਚਰ' ਹੀ ਰਹਿ ਜਾਂਦਾ ਪਰ ਪੁਰਾਣੇ ਪੰਜਾਬ ਜੋ ਕਿ ਪੇਸ਼ਾਵਰ ਤੋਂ ਦਿੱਲੀ ਤੱਕ ਫੈਲਿਆ ਹੋਇਆ ਸੀ, ਦਾ ਆਰਟ, ਕਲਚਰ, ਲਿਟਰੇਚਰ ਬਹੁਤ ਵੱਡਾ ਸੀ ਖਾਸ ਕਰ ਮੇਰੇ ਵਿਸ਼ੇ ਵਿਚ।



**ਸਵਾਲ: ਮਹਾਰਾਜਾ ਰਣਜੀਤ ਸਿੰਘ ਦੇ ਕਾਲ ਦੇ ਦੌਰਾਨ ਆਰਟ ਨੇ ਕੀ ਤਰੱਕੀ ਕੀਤੀ?**

**ਜਵਾਬ:** ਉਸ ਵੇਲੇ ਸਿੱਖ ਸਕੂਲ ਆਫ ਆਰਟਸ ਬਣਿਆ। ਮਹਾਰਾਜਾ ਰਣਜੀਤ ਸਿੰਘ ਦੀ ਕੋਰਟ ਵਿਚ ਵੀ ਆਰਟਿਸਟ ਹੁੰਦੇ ਸਨ। ਉਸ ਵੇਲੇ ਬਾਕੀ ਭਾਰਤ ਵਿਚ ਅੰਗ੍ਰੇਜ਼ ਆ ਚੁੱਕੇ ਸਨ। ਆਰਟਿਸਟ ਲੋਕ ਜੋ ਪਹਿਲਾਂ ਮੁਗਲਾਂ ਦੇ ਵੇਲੇ ਕੋਰਟਾਂ ਵਿਚ ਕੰਮ ਕਰਦੇ ਸਨ, ਅੰਗ੍ਰੇਜ਼ਾਂ ਨੂੰ ਉਨ੍ਹਾਂ ਦੀ ਗੱਲ ਸਮਝ ਨਹੀ ਆਈ। ਉਹ ਕੋਰਟ ਆਰਟਿਸਟ ਪੰਜਾਬ ਵਿਚ ਆਕੇ ਵਸ ਗਏ ਤੇ ਪੰਜਾਬ ਵਿਚ ਸਿੱਖ ਸਕੂਲ ਆਰਟ ਦੀ ਸ਼ੈਲੀ ਬਣ ਚੁੱਕੀ ਸੀ। ਪਹਾੜੀ ਆਰਟ ਸਕੂਲ ਦਾ ਜਵਾਬ ਮੁਗਲ ਆਰਟ ਵਿਚ ਹੀ ਮਿਲਦਾ ਹੈ। ਮੈਂ ਤਾਂ ਪਹਾੜੀ ਸਕੂਲ ਨੂੰ ਪੰਜਾਬੀ ਸਕੂਲ ਹੀ ਸਮਝਦਾ ਹਾਂ ਕਿਉਂਕਿ ਉਦੋਂ ਚੰਬਾ, ਕਾਂਗੜਾ ਪੰਜਾਬ ਵਿਚ ਹੀ ਹੁੰਦਾ ਸੀ। ਪਹਾੜ ਪੰਜਾਬ ਦੇ, ਸਕੂਲ ਪੰਜਾਬ ਦਾ। ਸੋ ਉਸ ਸਮੇਂ ਵਿਚ ਇਹ ਮਿਨੀਏਚਰ ਆਰਟ (ਲਘੂ–ਚਿੱਤਰ ਕਲਾ) ਕਾਫੀ ਵੱਧਿਆ ਫੁੱਲਿਆ। ਇਸ ਤਰ੍ਹਾਂ ਪੰਜਾਬ ਦਾ ਆਰਟ ਸਾਢੇ ਛੇ ਹਜ਼ਾਰ ਸਾਲ ਪੁਰਾਣਾ। ਕਈ ਲੋਕ ਬਾਹਰੋਂ ਆਏ, ਅਸੀਂ ਉਨ੍ਹਾਂ ਦੀਆਂ ਚੰਗੀਆਂ ਚੀਜ਼ਾਂ ਐਬਸੋਰਬ (ਜਜ਼ਬ) ਕਰ ਲਈਆਂ।

**ਸਵਾਲ: ਅੰਗ੍ਰੇਜ਼ਾਂ ਦੇ ਰਾਜ ਵੇਲੇ ਆਰਟ ਦੀ ਤਰੱਕੀ ਵੱਲ ਕਿਸ ਤਰ੍ਹਾਂ ਦੇ ਕਦਮ ਪੁੱਟੇ ਗਏ?**

**ਜਵਾਬ:** ਅੰਗ੍ਰੇਜ਼ਾਂ ਨੂੰ ਪਹਿਲਾਂ ਪਹਿਲ ਸਾਡਾ ਆਰਟ ਸਮਝ ਨਹੀ ਆਇਆ। ਜਿਹੜੇ ਸਮਝਦਾਰ ਆਰਟਿਸਟ ਸਨ ਉਹ ਹਿੰਦੂ ਰਾਜਿਆਂ ਜਿਵੇਂ ਸੰਸਾਰ ਚੰਦ ਆਦਿ ਨੇ ਰੱਖ ਲਏ। ਅੰਗ੍ਰੇਜ਼ਾਂ ਵੇਲੇ ਕਾਂਗੜਾ ਆਰਟ ਸਕੂਲ ਜਾਰੀ ਰਿਹਾ। ਦਬਾਅ ਹੇਠ ਵੀ ਜਾਰੀ ਰਿਹਾ। ਮਾਡਰਨ ਵਾਂਗ ਕਲਾਸੀਕਲ ਆਰਟ ਦੀ ਇਕ ਲੜੀ ਹੀ ਹੈ। ਆਰਟ ਕਦੇ ਛੜੱਪਾ ਨਹੀ ਮਾਰਦਾ। ਸੋ ਆਰਟ ਗੰਧਾਰਾ ਸਕੂਲ, ਸਿੱਖ ਸਕੂਲ ਤੇ ਬਾਅਦ ਵਿਚ ਕਾਂਗੜਾ ਸਕੂਲ ਦੇ ਰੂਪ ਵਿਚ ਜ਼ਿੰਦਾ ਹੈ। ਉਸਦੀ ਸਿਰਫ ਫੌਰਮ ਹੀ ਬਦਲਦੀ ਹੈ, ਸ਼ੇਪ ਨਹੀ। ਇਹ ਕੰਟੈਂਪਰੇਰੀ ਹੁੰਦਾ ਹੈ। ਜਿਵੇਂ ਮੈਂ ਖ਼ੁਦ 'ਐਕਸਪੇਰੀਮੈਂਟਲ' ਆਰਟਿਸਟ ਹਾਂ। ਇਹ ਖ਼ੁਸ਼ੀ ਦੀ ਗੱਲ ਹੈ ਕਿ ਐਡਵਾਂਸ ਆਰਟ ਵਿਚ ਸੱਭ ਤੋਂ ਪਹਿਲੀ ਵਾਰੀ ਤਜ਼ਰਬਾ ਕਰਨ ਵਾਲੀ ਇਕ ਪੰਜਾਬੀ ਕੁੜੀ ਹੀ ਸੀ ਜਿਸਦਾ ਨਾਮ ਹੈ ਅੰਮ੍ਰਿਤਾ ਸ਼ੇਰਗਿੱਲ। ਉਹ ਹੰਗਰੀ ਵਿਚ ਪੈਦਾ ਹੋਈ, ਪੈਰਿਸ ਤੋਂ ਪੜ੍ਹਕੇ ਤੇ ਦਰਬਾਰ ਸਾਹਿਬ ਜਾਕੇ ਉਸਨੇ ਪੇਂਟਿੰਗਜ਼ ਬਣਾਈਆਂ। ਸਿੱਖਾਂ ਦੀ ਕੁੜੀ ਸੀ, ਬੜੀ ਜਵਾਨ ਉਮਰ ਵਿਚ ਮਰ ਗਈ। ਉਸ ਕੁੜੀ ਦੀ ਆਧੁਨਿਕ ਪੇਂਟਿੰਗ ਆਰਟ ਨੂੰ ਬੜੀ ਦੇਣ ਹੈ। ਮੇਰੇ ਖਿਆਲ ਵਿਚ ਆਧੁਨਿਕ ਪੇਂਟਿੰਗ ਕਲਾ ਦੇ ਇਤਿਹਾਸ ਦੀ ਸ਼ੁਰੂਆਤ ਅੰਮ੍ਰਿਤਾ ਸ਼ੇਰਗਿੱਲ ਤੋਂ ਹੀ ਹੁੰਦੀ ਹੈ, ਟੈਗੋਰ ਤੋਂ ਨਹੀ। ਟੈਗੋਰ ਦੀ ਗੈਲਰੀ ਨੈਸ਼ਨਲ ਗੈਲਰੀ ਆਫ ਮਾਡਰਨ ਆਰਟ ਵਿਚ ਛੋਟੀ ਹੈ, ਅੰਮ੍ਰਿਤਾ ਸ਼ੇਰਗਿੱਲ ਦੀ ਵੱਡੀ ਹੈ। ਉਸਦੇ ਆਰਟ ਤੋਂ ਮੈਂ ਹੀ ਨਹੀ ਸਾਊਥ ਇੰਡੀਆ, ਬੰਬਈ, ਦਿੱਲੀ, ਬੰਗਾਲ ਤੱਕ ਲੋਕ ਮੁਤਾਸਿਰ ਹੋਏ ਹਨ। ਬੰਗਾਲੀ ਸਕੂਲ ਆਫ ਆਰਟ ਕੁੱਝ ਜ਼ਿਆਦਾ ਲਿਰੀਕਲ ਸੀ ਉਸ ਵਿਚ ਸ਼ਕਤੀ ਨਹੀਂ ਸੀ। ਪੰਜਾਬ ਵਿਚ ਹਮੇਸ਼ਾਂ ਸ਼ਕਤੀ ਰਹੀ। ਇਥੇ ਦੀ ਬਹੁਤ ਗਰਮੀ, ਬਹੁਤ ਸਰਦੀ, ਕਿਤੇ ਬਹੁਤ ਰੇਤਾ, ਕਿਤੇ ਬਹੁਤ ਵਧੀਆ ਜਮੀਨ, ਜਾਨੀ ਕਿ ਹਰੇਕ ਚੀਜ਼ ਵਿਚ 'ਕਨਟਰਾਸਟ' (ਅੰਤਰ) ਹੈ ਤੇ ਇਸ ਵਿਚ ਸਦਾ ਜਾਨ ਹੁੰਦੀ ਹੈ ਤੇ ਕਲਚਰ ਦੀ ਰੀੜ੍ਹ ਦੀ ਹੱਡੀ ਮਜਬੂਤ ਹੋ ਜਾਂਦੀ ਹੈ। ਪੰਜਾਬ ਦੇ ਆਰਟਿਸਟ ਵਿਚ ਬਹੁਤ ਸ਼ਕਤੀ ਹੋਣੀ ਚਾਹੀਦੀ, ਗਰਮੀ ਹੋਣੀ ਚਾਹੀਦੀ, ਸਰਦੀ ਹੋਣੀ ਚਾਹੀਦੀ ਹੈ। ਅੰਮ੍ਰਿਤਾ ਸ਼ੇਰਗਿੱਲ ਦੇ ਆਰਟ ਵਿਚ ਇਹ ਸਭ ਗੱਲਾਂ ਮੌਜੂਦ ਸਨ।

**ਸਵਾਲ: ਪੰਜਾਬ ਵਿਚਲੇ ਕੈਲੰਡਰ ਆਰਟ ਬਾਰੇ ਤੁਹਾਡਾ ਕੀ ਵਿਚਾਰ ਹੈ?**

**ਜਵਾਬ:** ਸਾਡੇ ਕੁੱਝ ਪੰਜਾਬੀ ਆਰਟਿਸਟ ਕਲਕੱਤੇ ਚਲੇ ਗਏ ਸਨ ਬੰਗਾਲੀ ਸਕੂਲ ਆਫ ਆਰਟ ਵਿਚ। ਉਥੋਂ ਕੁੱਝ ਫਿਲਮ ਇੰਡਸਟਰੀ ਚਲੇ ਗਏ। ਉਸ

ਨਾਲ ਪੋਸਟਰ ਬਾਜ਼ੀ, ਕੈਲੰਡਰ ਬਾਜ਼ੀ ਚੱਲਣ ਲੱਗ ਪਈ। ਇਸ ਤਰ੍ਹਾਂ ਆਰਟ 'ਡੀਜਨਰੇਟ' ਹੋ (ਨਿਘਰ) ਕੇ ਕੈਲੰਡਰ ਆਰਟ ਦੀ ਫੌਰਮ ਵਿਚ ਆਇਆ। ਕਿਉਂਕਿ ਇਹ ਆਮ ਲੋਕਾਂ ਦੀ ਸਮਝ ਵਿਚ ਆ ਜਾਂਦਾ ਸੀ ਇਸ ਲਈ ਬੜਾ ਪ੍ਰਸਿੱਧ ਹੋ ਗਿਆ। ਪਰ ਇਸਨੇ ਆਰਟ ਵਧਨ ਫੁਲਣ ਤੇ ਰੋਕ ਲਾ ਦਿੱਤੀ। ਘਰਾਂ ਵਿਚ ਲਟਕਦੇ ਕੈਲੰਡਰ ਹਰ ਵੇਲੇ ਬੱਚੇ ਦੇ ਮਨ ਤੇ ਪ੍ਰਭਾਵ ਪਾਉਂਦੇ ਹਨ। ਸੋਭਾ ਸਿੰਘ ਦਾ ਆਮ ਪੰਜਾਬੀ ਨੂੰ ਪਤਾ ਹੈ ਕਿਉਂਕਿ ਉਹ ਕਲੰਡਰ ਬਣਾਉਂਦਾ ਸੀ ਪਰ ਭਾਰਤ ਵਿਚ ਹਿਸਟਰੀ ਆਫ ਮਾਡਰਨ ਆਰਟ ਦੀ ਮਾਂ ਅੰਮ੍ਰਿਤਾ ਸ਼ੇਰਗਿੱਲ ਦਾ ਇਕ ਪੜ੍ਹੇ ਲਿਖੇ ਪੰਜਾਬੀ ਨੂੰ ਵੀ ਨਹੀਂ ਪਤਾ। ਕੈਲੰਡਰ ਸਪਰੀਚਿਉਲ ਸੁਨੇਹਾ ਬੜੀ ਛੇਤੀ ਤੇ ਸ਼ਕਤੀਸ਼ਾਲੀ ਢੰਗ ਨਾਲ ਦਿੰਦਾ ਹੈ ਜੋ ਕਿ ਥੋੜ੍ਹੀ ਦੇਰ ਬਾਦ ਡਿਗ ਪੈਂਦਾ ਹੈ। ਮੇਰੇ ਲਈ ਆਰਟ ਸਦੀਵੀ ਹੋਣਾ ਚਾਹੀਦਾ ਹੈ। ਉਸ ਵਿਚ ਨਿੰਗਰਤਾ ਹੋਣੀ ਚਾਹੀਦੀ ਹੈ, ਸਜੀਵਤਾ ਹੋਣੀ ਚਾਹੀਦੀ ਹੈ। ਮੈਂ ਕੈਲੰਡਰ ਆਰਟ ਦੇ ਵਿਰੁੱਧ ਰਿਹਾ ਹਾਂ, ਪੰਜਾਬ ਦੇ ਵਿਚ ਅਸੀ ਇਸ ਵਿਰੁੱਧ ਆਵਾਜ਼ ਵੀ ਉਠਾਈ ਹੈ ਤੇ ਅਜੇ ਵੀ ਉਠਾਉਂਦਾ ਹਾਂ। ਮੈਂ ਇਸਦੇ ਖਿਲਾਫ ਨਹੀਂ ਹਾਂ ਪਰ ਮੈਂ ਇਹ ਕਹਿੰਦਾ ਹਾਂ ਕਿ ਇਹ ਆਰਟ ਨਹੀਂ ਹੁੰਦਾ। ਕੈਲੰਡਰ, ਕੈਲੰਡਰ ਹੁੰਦਾ, ਤੇ ਪੇਂਟਿੰਗ ਪੇਂਟਿੰਗ ਹੁੰਦੀ ਹੈ।

**ਸਵਾਲ: ਆਮ ਤੌਰ ਤੇ ਮਾਡਰਨ ਆਰਟ ਦੀ ਸਮਝ ਅਪਣੇ ਲੋਕਾਂ ਨੂੰ ਬਹੁਤ ਘੱਟ ਪੈਂਦੀ ਹੈ, ਅਜਿਹਾ ਕਿਉਂ?**

**ਜਵਾਬ:** ਇਸ ਵਿਚ ਕੁੱਝ ਹੱਥ ਤਾਂ ਪਾਨ ਬੀੜੀ ਦੀਆਂ ਦੁਕਾਨਾਂ ਉਪਰ ਲਟਕਣ ਵਾਲੇ ਕੈਲੰਡਰਾਂ ਜਾਂ ਸਿਨਮੇ ਦੇ ਪੋਸਟਰਾਂ ਦਾ ਹੈ। ਇਹ ਚੀਜ਼ਾਂ ਬੱਚੇ ਦੀ ਮਾਡਰਨ ਆਰਟ ਵਾਸਤੇ ਟ੍ਰੇਨਿੰਗ ਨਹੀਂ ਹੋਣ ਦਿੰਦੀਆਂ। ਦੂਸਰਾ ਅਪਣੇ ਲੋਕ ਬੇਅੰਤ ਸੁਸਤ ਹਨ। ਕਿਸੇ ਵੀ ਵਿਸ਼ੇ ਨੂੰ ਸਮਝਣ ਲਈ ਖੇਚਲ ਕਰਨੀ ਪੈਂਦੀ ਹੈ ਜੋ ਸਾਡਾ ਆਮ ਆਦਮੀ ਨਹੀਂ ਕਰਦਾ। ਸਮਝ ਵਿਚ ਆਉਣ ਵਾਲੀ ਗੱਲ ਤਾਂ ਕੋਸ਼ਿਸ਼ ਕਰਨ ਨਾਲ ਹੀ ਆਉਂਦੀ ਹੈ। ਇਹ ਸਿੱਖੀ ਜਾ ਸਕਦੀ ਹੈ ਤੇ ਉਸਨੂੰ ਸਿੱਖਣ ਲਈ ਕਲਾ ਦੇ ਇਤਿਹਾਸ ਦੀ ਕੁੱਝ ਸਮਝ ਹੋਣੀ ਚਾਹੀਦੀ ਹੈ। ਬਾਕੀ ਮਿਊਜ਼ੀਅਮ ਤੇ ਗੈਲਰੀਆਂ ਆਦਿ ਵਿਚ ਜਾਣ ਨਾਲ, ਆਰਟ ਬਾਰੇ ਗੱਲਾਂ ਕਰਨ ਨਾਲ ਸਮਝ ਆਉਣੀ ਸ਼ੁਰੂ ਹੋ ਸਕਦੀ ਹੈ। ਇਹ ਕਾਂ ਕੋਕੜੇ ਐਵੇਂ ਨੀ ਮਾਰੇ ਹੋਏ ਹੁੰਦੇ। ਮੈਂ ਕੈਲੰਡਰ ਬਣਾਉਣ ਵਾਲਿਆਂ ਨਾਲੋਂ ਵਧੀਆ ਕੈਲੰਡਰ ਬਣਾ ਸਕਦਾ ਹਾਂ, ਪਰ ਮੈਂ ਚਾਹੁੰਦਾ ਹਾਂ ਕਿ ਮੈਂ ਆਪਣੀ ਕਲਾ ਦੇ ਰਾਹੀਂ ਤੁਹਾਨੂੰ ਕੋਨੂੰਈ ਡੂੰਘੀ ਗੱਲ ਦੱਸਾਂ। ਜਿਸ ਤਰ੍ਹਾਂ ਕਲਾਸੀਕਲ ਮਿਊਜ਼ਿਕ ਨੂੰ ਸਮਝਣ ਵਾਲੇ ਘੱਟ ਲੋਕ ਹਨ ਹਾਲਾਂਕਿ ਉਸ ਵਿਚ ਫੋਕ ਮਿਊਜ਼ਿਕ ਤੇ ਲੋਕ ਗੀਤ ਵੀ ਹਨ। ਜ਼ਿਆਦਾ ਡੂੰਘਾਈ ਵਿਚ ਜਾਣ ਦੇ ਚਾਹਵਾਨ ਨੂੰ ਕਲਾਸੀਕਲ ਦੀ ਸਮਝ ਆਉਣ ਲੱਗ ਪੈਂਦੀ ਹੈ, ਜਿਹਨੇ ਸਿਰਫ ਢੋਲਕੀ ਹੀ ਸੁਣਨੀ ਹੈ ਉਸਨੂੰ ਦੂਸਰੇ ਹੀ ਸਮਝ ਆਉਂਦੇ ਹਨ। ਵੈਸੇ ਅਪਣੀ ਅਪਣੀ ਜਗਹ ਦੋਨੋਂ ਠੀਕ ਹਨ ਪਰ ਇਕ ਨੂੰ ਰੱਖ ਕੇ ਦੂਸਰੇ ਨੂੰ ਕੱਟ ਕਰਨਾ ਗਲਤ ਗੱਲ ਹੈ।

> ਪੰਜਾਬ ਕੇਵਲ ਆਰਟ ਜਾਂ ਲਿਟਰੇਚਰ ਦਾ ਹੀ ਨਹੀਂ ਬਲਕਿ ਸਾਰੀ ਸਭਿਅਤਾ ਦਾ ਕੇਂਦਰ ਰਿਹਾ ਹੈ।

ਆਰਟ ਨੂੰ ਸਮਝਣ ਲਈ ਸਮਝ ਹੋਣੀ ਚਾਹੀਦੀ ਹੈ ਜੋ ਕਿ ਮਿਲ ਸਕਦੀ ਹੈ ਜੇਕਰ ਇੱਛਾ ਹੋਵੇ। ਤਸਵੀਰ ਆਪਣੇ ਆਪ ਤੁਹਾਨੂੰ ਕੁੱਝ ਸਿਖਾਉਂਦੀ ਹੈ ਜੇਕਰ ਉਸਨੂੰ ਧਿਆਨ ਨਾਲ ਦੇਖੋ। ਪੜ੍ਹਾਈ, ਤੇ ਦਿਮਾਗ ਹੋਣ ਤੋਂ ਬਗੈਰ ਤਾਂ ਤੁਹਾਨੂੰ ਸੜਕ ਨਹੀਂ ਪਾਰ ਕਰਨੀ ਆਉਂਦੀ। ਜੇਕਰ ਆਮ ਆਦਮੀ ਇਹ ਗੱਲ ਸਮਝ ਸਕਦਾ ਕਿ ਲਾਲ ਬੱਤੀ ਤੇ ਸੜਕ ਨਹੀਂ ਪਾਰ ਕਰਨੀ ਤਾਂ ਸਿੱਖਣ ਨਾਲ ਉਸਨੂੰ ਆਰਟ ਦੀ ਸਮਝ ਵੀ ਆ ਸਕਦੀ ਹੈ। ਸਿੱਖਣ ਲਈ ਲਾਈਬ੍ਰੇਰੀਆਂ, ਸੰਸਥਾਵਾਂ, ਕਿਤਾਬਾਂ, ਤਸਵੀਰਾਂ ਤੇ ਮੇਰੇ ਵਰਗੇ ਬੰਦੇ ਮੌਜੂਦ ਹਨ ਉਨ੍ਹਾਂ ਤੋਂ ਗਿਆਨ ਲਉ, ਗੱਲ ਆਪੇ ਸਮਝ ਆਉਣ ਲੱਗ ਪਵੇਗੀ।



**ਸਵਾਲ: ਸ਼ੁਰੂ ਤੋਂ ਤੁਹਾਨੂੰ ਕਿਸ ਵਿਸ਼ੇ ਨੇ ਪ੍ਰਭਾਵਿਤ ਕੀਤਾ ਹੈ?**

**ਜਵਾਬ:** ਆਰਟ ਇਕ ਵਿਜ਼ੂਅਲ ਸੈਨਸੀਵਿਟੀ ਹੈ ਜੋ ਮੇਰਾ ਖੇਤਰ ਹੈ। ਹਰ ਬੱਚੇ ਨੂੰ ਮੇਰੇ ਖਿਆਲ ਮੁਤਾਬਕ ਅਜਿਹੇ ਪ੍ਰਭਾਵ ਮਿਲਦੇ ਹਨ ਜਿਨ੍ਹਾਂ ਨੂੰ ਉਹ ਵਧੀਆ ਕਰ ਸਕਦਾ। ਮੈਨੂੰ ਛੋਟੇ ਹੁੰਦੇ ਨੂੰ ਲੇਪ ਕੀਤੀ ਹੋਈ ਕੰਧ ਉਪਰ ਆਈਆਂ ਹੋਈਆਂ ਤਰੇੜਾਂ ਵਿਚ ਘੋੜੇ ਹਾਥੀ ਦਿਖਾਈ ਦਿੰਦੇ ਹੁੰਦੇ ਸਨ। ਇਸੇ ਤਰ੍ਹਾਂ ਤੁਸੀਂ ਵੀ ਬੱਦਲਾਂ ਵਿਚ ਹਾਥੀ ਘੋੜਿਆਂ ਦੀਆਂ ਆਕ੍ਰਿਤੀਆਂ ਲੱਭਦੇ ਰਹੇ ਹੋਵੋਗੇ। ਸੋ ਇਹ ਮੁੱਢਲੀ ਵਿਜ਼ੂਅਲ ਟ੍ਰੇਨਿੰਗ ਹੈ ਜਦੋਂ ਬੱਚੇ ਨੂੰ ਕੋਈ ਬੋਲੀ ਨਹੀਂ ਆਉਂਦੀ ਹੁੰਦੀ ਉਦੋਂ ਤੋਂ ਹੀ ਉਹ ਆਕ੍ਰਤੀ ਨੂੰ ਸਮਝਣ ਲੱਗ ਪੈਂਦਾ ਹੈ। ਜਿਵੇਂ ਮੈਂ ਪਹਿਲਾਂ ਵੀ ਦੱਸਿਆ ਕਿ ਬੋਲੀ ਬਾਅਦ ਵਿਚ ਆਈ ਹੈ, ਆਰਟ ਪਹਿਲਾਂ ਆਇਆ ਹੈ। ਇਹ ਹਿਸਟਰੀ ਦਾ ਧੁਰਾ ਹੈ। ਤੁਹਾਨੂੰ ਪਤਾ ਜਦੋਂ ਹਲ ਵਾਹੁੰਦੇ ਹੁੰਦੇ ਹਨ ਸਵੇਰੇ ਸਵੇਰੇ ਸੂਰਜ ਚੜ੍ਹਨ ਤੋਂ ਪਹਿਲਾਂ ਤਾਂ ਹਲ ਦੀਆਂ ਪਾਈਆਂ ਹੋਈਆਂ ਲਕੀਰਾਂ ਵਿਚ ਧੁੱਪ ਤੇ ਛਾਂ ਦਾ ਮੈਨੂੰ ਅਜੇ ਯਾਦ ਹੈ ਤੇ ਉਹ ਮੇਰੀ ਪੇਂਟਿੰਗ ਵਿਚ ਹਾਲੇ ਤੱਕ ਮੌਜੂਦ ਹਨ। ਫਿਰ ਸਕੂਲ ਵਿਚ 'ੳ' 'ਅ' ਸਿਖਾਉਂਦੇ ਹਨ ਉਂਗਲੀਆਂ ਨਾਲ ਵਾਹ ਕੇ। ਮੈਨੂੰ ਉਹ ਡਿਜ਼ਾਈਨ ਬੜਾ ਪਿਆਰਾ ਲਗਦਾ ਹੈ। 'ੳ' ਵਰਗਾ ਡਿਜ਼ਾਈਨ ਮੈਨੂੰ ਹਾਲੇ ਤੱਕ ਕਿਤੇ ਨਹੀਂ ਮਿਲਿਆ। ਮੇਰੀ ਚੇਤਨ ਟ੍ਰੇਨਿੰਗ 'ੳ' ਦੀ ਸ਼ਕਲ ਤੋਂ ਹੀ ਸ਼ੁਰੂ ਹੋਈ ਹੈ ਨਾ ਕਿ ਉਸਦੇ ਮਤਲਬਾਂ ਤੋਂ। ਇਸਦੇ ਮਤਲਬ ਦਾ ਮੈਨੂੰ ਬਾਅਦ ਵਿਚ ਪਤਾ ਲੱਗਾ। ਪਹਿਲਾਂ ਬੱਚੇ ਨੂੰ ਵਿਉਜ਼ਲ ਟ੍ਰੇਨਿੰਗ ਹੁੰਦੀ ਹੈ ਅੱਖਰ ਬਾਅਦ ਵਿਚ ਆਉਂਦੇ ਹਨ।

ਜਿਸ ਤਰ੍ਹਾਂ ਮੈਂ ਵਾਹੇ ਹੋਏ ਹਲ ਦੀਆਂ ਲਕੀਰਾਂ ਵਿਚੋਂ ਹੀ ਕੁਝ ਸਿੱਖ ਗਿਆ। ਜਿਹੜਾ ਅੰਦਰੋਂ 'ਸਿੱਖ' ਹੁੰਦਾ ਉਹ ਸਿੱਖ ਲੈਂਦਾ ਹੈ ਜਿਸਨੇ ਨਹੀਂ ਸਿੱਖਣਾ ਉਸਨੇ ਨਹੀਂ ਸਿੱਖਣਾ। ਸੋ ਇਸ ਤਰ੍ਹਾਂ ਮੇਰਾ ਬਚਪਨ ਤੋਂ ਹੀ ਰੁਝਾਅ ਹੋ ਗਿਆ ਧੁੱਪ ਦੇ ਛਾਂ ਪਰਛਾਵੇਂ ਵਲ। ਹਵਾ ਨਾਲ ਉਡੇ ਹੋਏ ਰੇਤੇ ਦੇ ਡਿਜ਼ਾਈਨ, ਛੱਪੜ ਪਾਣੀ ਵਿਚ ਲਹਿਰਾਂ ਤੇ ਛੱਪੜ ਵਿਚ ਪਏ ਬੂਰ ਦੇ ਰੰਗ ਕਿਤਨੇ ਕਮਾਲ ਦੇ ਹੁੰਦੇ ਹਨ, ਕਮਾਦੀ ਦੇ ਖੇਤ ਵਿਚ ਗੰਨੇ ਦੀਆਂ 'ਸ਼ੂਟਸ' (ਆਗ) ਕਿਤਨੀਆਂ ਕਮਾਲ ਦੀਆਂ ਹੁੰਦੀਆਂ। ਸੋ ਇਹ ਚੀਜ਼ਾਂ ਕਿਸੇ ਨਾ ਕਿਸੇ ਰੂਪ ਵਿਚ ਮੇਰੀਆਂ ਪੇਂਟਿੰਗਜ਼ ਵਿਚ ਮੌਜੂਦ ਹੁੰਦੀਆਂ ਹਨ। ਭਾਵੇਂ ਮੈਂ ਛੱਪੜ ਨਹੀਂ ਬਣਾਉਂਦਾ ਪਰ ਲਹਿਰ ਤਾਂ ਬਣਾ ਸਕਦਾ ਹਾਂ ਨਾ। ਛੱਪੜ ਕੰਕਰੀਟ ਹੈ ਪਰ ਲਹਿਰ ਐਬਸਟਰੈਕਟ ਹੈ।

**ਸਵਾਲ: ਸਾਰੇ ਲੋਕ ਆਰਟ ਨੂੰ ਤੁਹਾਡੇ ਵਾਂਗ ਅਨੁਭਵ ਕਿਉਂ ਨਹੀ ਕਰਦੇ ਜਾਂ ਤੁਹਾਡੇ ਵਾਲੀ ਅੱਖ ਨਾਲ ਕਿਉਂ ਨਹੀ ਦੇਖਦੇ?**

**ਜਵਾਬ:** ਉਹ ਹੋਰ ਗੱਲਾਂ ਵਿਚ ਰੁੱਝ ਜਾਂਦੇ ਹਨ। ਇਹ ਤਾਂ ਉਹ ਗੱਲ ਹੈ ਕਿ ਜਿੰਨ੍ਹਾਂ ਗੁੜ ਪਾਉਗੇ ਉਤਨਾ ਹੀ ਮਿੱਠਾ ਹੋਵੇਗਾ। ਮੈ ਇਸ ਪਾਸੇ ਵੱਲ ਗੁੜ ਪਾਈ ਗਿਆ, ਪਾਈ ਗਿਆ ਸੋ ਮਿੱਠਾ ਉਸ ਹਿਸਾਬ ਨਾਲ ਹੀ ਹੋਣਾ ਹੈ। ਜਿਵੇਂ ਦੂਸਰੇ ਬੰਦੇ ਨੇ ਹਲ ਵਾਹਿਆ ਦੇਖਕੇ ਇਹ ਸੋਚਣਾ ਕਿ ਇਸ ਵਿਚੋਂ ਕਣਕ ਕਿਤਨੀ ਪੈਦਾ ਹੋਵੇਗੀ ਪਰ ਮੈ ਉਸਤੋਂ ਧੁੱਪ ਤੇ ਛਾਂ ਦਾ ਮਜ਼ਾ ਲੈਂਦਾ ਰਿਹਾ, ਮੇਰੀ ਉਹ ਟ੍ਰੇਨਿੰਗ ਹੋ ਗਈ। ਸੋ ਅਨੁਭਵ ਸਾਰਿਆਂ ਦਾ ਇਕੋ ਹੀ ਹੁੰਦਾ ਪਰ ਲੋਕਾਂ ਲਈ ਮਤਲਬ ਵਿਚ ਫਰਕ ਹੋ ਜਾਂਦਾ ਹੈ ਤੇ ਉਹ ਉਸ ਪਾਸੇ ਵਲ ਹੋ ਜਾਂਦੇ ਹਨ। ਉਹ ਸਮਝਦੇ ਹਨ ਕਿ ਦੀਵਾਰ ਉਪਰ ਕੈਲੰਡਰ ਲਾ ਦਿਉ ਜਿਸ ਤਰ੍ਹਾਂ ਜੁਗਿੰਦਰ ਸਿੰਘ ਕਲਸੀ ਨੇ ਲਾਇਆ ਹੈ ਉਸ ਨਾਲ ਹੀ ਸਰ ਜਾਵੇਗਾ। ਹੁਣ ਨਾ ਤਾਂ ਜੁਗਿੰਦਰ ਸਿੰਘ ਕਲਸੀ ਨੂੰ ਪਤਾ ਹੈ ਕਿ ਉਹ ਕੈਲੰਡਰ ਕਿਉਂ ਲਾਇਆ, ਨਾ ਹੀ ਉਸ ਬੰਦੇ ਨੂੰ ਪਤਾ ਕਿ ਕਿਉਂ ਲਾਇਆ। ਸੋ ਆਰਟ ਦੀਆਂ ਗੱਲਾਂ ਲਈ ਠਰੰਮਾ ਚਾਹੀਦਾ, ਤਹੱਮਲ ਚਾਹੀਦਾ ਹੈ। ਇਹ ਵਿਜ਼ੁਅਲ ਦੀ ਸੋਚਣੀ ਵਿਚੋਂ ਹੀ ਸੁਆਦ ਲੈਣ ਦੀ ਗੱਲ ਹੈ। ਠੀਕ ਡੀਜ਼ਾਈਨ, ਠੀਕ ਚੀਜ਼ਾਂ, ਤੇ ਜ਼ਿਆਦਾ ਐਬਸਟਰੈਕਟ ਆਰਟ ਤਾਂ ਕੁਦਰਤ ਖ਼ੁੱਦ ਕਰਦੀ ਹੈ, ਮੈਂ ਕੀ ਕਰਨਾ? ਪੇਂਟਿੰਗਜ਼ ਅਸਲ ਵਿਚ ਸੁਣੀ ਵੀ ਜਾ ਸਕਦੀ ਹੈ, ਜਿਸ ਤਰ੍ਹਾਂ ਮਿਉਜ਼ਕ ਨੂੰ ਅੱਖਾਂ ਬੰਦ ਕਰਕੇ ਸੁਣਿਆ ਜਾ ਸਕਦਾ ਹੈ ਉਸੇ ਤਰ੍ਹਾਂ ਪੇਂਟਿੰਗ ਨੂੰ ਅੱਖਾਂ ਖੋਹਲਕੇ ਸੁਣਿਆ ਜਾ ਸਕਦਾ ਹੈ।

**ਸਵਾਲ: ਕੀ ਆਰਟਿਸਟ ਪੇਂਟਿੰਗ ਵਿਚੋਂ ਰੋਟੀ ਵੀ ਖਾ ਸਕਦਾ ਕਿ ਨਹੀ? ਭਾਵ ਪੰਜਾਬ ਵਿਚ ਮਾਰਕਿਟਿੰਗ ਦਾ ਕੀ ਸਿਲਸਿਲਾ ਹੈ?**

**ਜਵਾਬ:** ਪੰਜਾਬ ਵਿਚ ਮਾਰਕਿਟਿੰਗ ਤਾਂ ਨਾ ਹੋਣ ਦੇ ਬਰਾਬਰ ਹੈ ਲੇਕਿਨ ਮੇਰੀਆਂ ਚੀਜ਼ਾਂ ਵਿਕਦੀਆਂ ਹਨ। ਦੂਸਰੀ ਗੱਲ ਹੈ ਕਿ ਛੋਟੀ ਜਗਾਹ, ਥੋੜੇ ਲੋਕਾਂ ਵਿਚ ਪੇਂਟਿੰਗ ਵੇਚ ਕੇ ਇੰਡੀਆ ਵਿਚ ਆਰਟਿਸਟ ਲਈ ਗੁਜ਼ਾਰਾ ਕਰਨਾ ਔਖਾ ਹੈ। ਇਸ ਕਰਕੇ ਆਪਾਂ ਵੱਡੀ ਥਾਂ ਵਿਚ ਆ ਗਏ। ਸਿੱਧੀ ਜਿਹੀ ਗੱਲ ਹੈ। ਮੇਰੀ ਮਾਰਕਿਟ ਇੰਟਰਨੈਸ਼ਨਲ ਹੈ ਲੇਕਿਨ ਜੇ ਮੈਂ ਫਗਵਾੜੇ ਬੈਠ ਕੇ ਕਹਿੰਦਾ ਕਿ ਮੈਂ ਆਪਣੇ ਆਰਟ ਦੇ ਸਿਰ ਉਪਰ ਇਥੇ ਰਹਿਣਾ ਤਾਂ ਕੰਮ ਔਖਾ ਹੋ ਜਾਣਾ ਸੀ। ਇਸੇ ਤਰ੍ਹਾਂ ਕੋਪਨਹੇਗਨ ਜਾਂ ਟੋਰਾਂਟੋ, ਬੈਠਾ ਰਵਾਂ ਤਾਂ ਗਲ ਨਹੀ ਬਣਨੀ ਕਿਉਂਕਿ ਆਰਟਿਸਟ ਨੂੰ ਤੁਰਨਾ ਪੈਂਦਾ ਹੈ ਜਿਸ ਨਾਲ ਉਸਦੇ ਕੰਮ ਦੀ ਤਰੱਕੀ ਹੁੰਦੀ ਹੈ ਤੇ ਉਸ ਵਾਸਤੇ ਮਾਰਕਿਟ ਵਧਦੀ ਹੈ। ਲੇਕਿਨ ਮੈ ਖ਼ੁਦ ਹੈਰਾਨ ਹਾਂ ਕਿ ਇੰਡੀਆ ਵਿਚ ਪਿਛਲੇ 5–7 ਸਾਲ ਤੋਂ ਆਰਟ ਵਿਚ ਇਕ ਖਾਸ ਕਿਸਮ ਦਾ ਰੈਵੂਲੂਸ਼ਨ ਆਇਆ ਹੈ। ਮੇਰੀਆਂ ਚੀਜ਼ਾਂ ਬੜੀਆਂ ਵਿਕ ਰਹੀਆਂ ਹਨ, ਖੰਨੇ ਦੀਆਂ ਚੀਜ਼ਾਂ ਬੜੀਆਂ ਵਿਕਦੀਆਂ ਹਨ, ਸਤੀਸ਼ ਗੁਜਰਾਲ ਵਿਕਦਾ ਹੈ। ਇਸਦਾ ਮਤਲਬ ਹੈ ਕਿ ਪੜ੍ਹਾਈ ਹੋ ਰਹੀ ਤੇ ਖਰਚ ਦੀ ਗੱਲ ਹੋ ਰਹੀ ਹੈ। ਪੇਂਟਿੰਗ ਦਾ, ਪੜ੍ਹਾਈ ਦਾ, ਮਤਲਬ ਵੀ ਹੈ ਨਾ, ਇਹ ਹਮੇਸ਼ਾਂ ਜਵਾਨ ਰਹਿੰਦੀ ਹੈ ਤੇ ਸਾਡੀਆਂ ਆਉਣ ਵਾਲੀਆਂ ਨਸਲਾਂ ਨੂੰ ਪੜ੍ਹਾਉਂਦੀ ਰਹਿੰਦੀ ਹੈ। ਜਿਵੇਂ ਅਸੀ ਗੰਧਾਰਾ ਆਰਟ ਜਾਂ ਅਜੰਤਾ ਪੇਂਟਿੰਗਜ਼ ਤੋਂ ਅੱਜ ਵੀ ਸਿੱਖਦੇ ਹਾਂ ਭਾਵੇਂ ਉਨ੍ਹਾਂ ਨੂੰ ਬਣਾਉਣ ਵਾਲੇ ਆਰਟਿਸਟ ਕਦੋਂ ਦੇ ਮਰ ਚੁੱਕੇ ਹਨ। ਜਿਸ ਬੰਦੇ ਨੂੰ ਪੇਂਟਿੰਗ ਨੂੰ ਸਿੱਖਣ ਦੀ, ਸਦੀਵੀ, ਲੰਬੀ ਆਸਪੈਕਟ ਸਮਝ ਆ ਜਾਵੇ ਉਸਨੂੰ ਆਰਟ ਨਾਲ ਹੋਰ ਤਰ੍ਹਾਂ ਦਾ ਪਿਆਰ ਹੋ ਜਾਂਦਾ ਹੈ।

**ਸਵਾਲ: ਸਾਡੀ ਕਮਿਉਨਿਟੀ ਨੂੰ ਇਨ੍ਹਾਂ ਮੁਲਕਾਂ ਵਿਚ ਆਰਟ ਨੂੰ ਸਲਾਹੁਣ ਲਈ ਕੋਈ ਸੰਦੇਸ਼ ਦਿਉ।**

**ਜਵਾਬ:** ਇਹ ਬੜੀ ਵਧੀਆ ਗੱਲ ਹੈ। ਮੈਂ ਅੱਗੇ ਵੀ ਕਈ ਮੁਲਕਾਂ ਵਿਚ ਕਹਿ ਚੁਕਾ ਹਾਂ ਕਿ ਬੱਚਿਆਂ ਨੂੰ ਘੱਟੋ ਘੱਟ ਆਰਟ ਦੇਖ ਲੈਣ ਦਿਓ ਕਿ ਇਹ ਪੇਂਟਿੰਗ ਹੈ ਕਾਂ ਕੋਕੜੇ ਮਾਰੇ ਹੋਏ ਨਹੀ। ਇਸ ਵਿਚ ਕੋਈ ਮਤਲਬ ਹੋਵੇਗਾ। ਉਹ ਪਹਿਲਾਂ ਮਤਲਬ ਕੱਢਣਗੇ ਫਿਰ ਮਤਲਬ ਲਈ ਡੂੰਘਾ ਜਾਣਗੇ। ਗੈਲਰੀ ਆੱਫ ਔਨਟੇਰੀਓ ਹੈ, ਹੋਰ ਕਿੰਨੀਆਂ ਗੈਲਰੀਆਂ ਉਨ੍ਹਾਂ ਨੂੰ ਦੇਖ ਲੈਣ ਦਿਉ । ਘਰ ਵਿਚ ਲੱਗੇ ਕੈਲੰਡਰ ਨੂੰ ਲਾਹ ਕੇ ਦੇਖ ਲਉ। ਪਹਿਲਾਂ ਕੰਧ ਖਾਲੀ ਤਾਂ ਕਰੋ ਤਦੇ ਕੋਈ ਨਵੀ ਗੱਲ ਆਵੇਗੀ। ਜੋ ਇਹ ਕਹਿੰਦਾ ਹੈ ਕਿ ਮੈਂ ਤਾਂ ਇਤਨਾ ਹੀ ਦੇਖਿਆ ਹੈ ਇਸਤੋਂ ਅੱਗੇ ਮੈਨੂੰ ਕੋਈ ਗੱਲ ਨਹੀ ਆਉਂਦੀ, ਉਸ ਲਈ ਮੇਰਾ ਕੋਈ ਸੰਦੇਸ ਨਹੀ। ਜਿਹੜਾ ਕਹਿੰਦਾ ਹੈ ਕਿ ਮੈਂ ਸਿੱਖਣਾ ਚਾਹੁੰਦਾਂ ਉਸ ਲਈ ਮੇਰਾ ਸੁਨੇਹਾ ਹੈ ਕਿ ਅੱਖਾਂ ਖੋਲ੍ਹ ਲਓ ਜਰਾ ਕੁ ਵਕਤ ਲਾਓ। ਥੋੜ੍ਹਾ ਵਕਤ ਕੱਢ ਲਓ। ਜ਼ਿਆਦਾ ਦੀ ਜ਼ਰੂਰਤ ਨਹੀਂ ਹੈ, ਸੱਭ ਕੁਝ ਮਿਲਦਾ ਹੈ, ਲਾਇਬ੍ਰੇਰੀਆਂ ਭਰੀਆਂ ਪਈਆਂ ਹਨ, ਗੈਲਰੀਆਂ ਭਰੀਆਂ ਪਈਆਂ ਹਨ, ਕਿਤਾਬਾਂ ਛਪੀਆਂ ਪਈਆਂ ਹਨ, ਜ਼ਿਆਦਾ ਖੇਚਲ ਕਰਨ ਦੀ ਲੋੜ੍ਹ ਨਹੀ ਥੋੜ੍ਹੀ ਜਿਹੀ ਹੀ ਕਰ ਲਓ ਪਰ ਸਿਰ ਵਿਚੋਂ ਕੈਲੰਡਰ ਕੱਢ ਦਿਓ। ਜੇਕਰ ਸਲੇਟ ਸਾਫ ਹੋਵੇਗੀ ਤਦ ਹੀ ਉਸ ਉਪਰ ਨਵਾਂ ਅੱਖਰ ਲਿੱਖ ਸਕਦੇ ਹੋ, ਨਹੀ ਤਾਂ ਨਹੀ।

◆●◆●◆●◆●


# GOYAL TRAVELS INC.

**BOOK NOW FLY LATER SAVE MONEY**

**Special fares to: San Francisco Toronto London**

Cheapest fares to **New Delhi, Bombay, Madras, Calcutta, Karachi, Colombo & Kathmandu**

**Authorized agents for:**

■ Cathay Pacific ■ Air Canada ■ Japan Air Lines
■ Canadian ■ Wardair ■ KLM

**4152 Fraser St., Vancouver, B.C., V5V 4E8**

Toll free from B.C., Alberta, Saskatchewan & Manitoba: 1-800-663-8638
**Phone: Vancouver 877-7777 Calgary (403) 235-6808 Toronto: (416) 593-6966**

# ਸ਼ਸ਼ੀ ਸਮੁੰਦਰਾ

**ਮੁਲਾਕਾਤੀ: ਅਮਨਪਾਲ ਸਾਰਾ**

**ਸਵਾਲ: ਤੁਹਾਡੇ ਖਿਆਲ ਵਿਚ ਕੋਈ ਲੇਖਕ ਕਿਉਂ ਬਣਨਾ ਚਾਹੁੰਦਾ ਹੈ?**
**ਜਵਾਬ:** ਅਚੇਤ ਜਾਂ ਸੁਚੇਤ ਤੌਰ ਤੇ ਇਨਸਾਨ ਦੀ ਕਿਸੇ ਨਾਲ ਵਿਚਾਰ ਸਾਂਝੇ ਕਰਨ ਦੀ ਜ਼ਰੂਰਤ ਹੁੰਦੀ ਹੈ । ਇਸ ਸਬੰਧ ਵਿਚ ਹਰ ਇਨਸਾਨ ਸੁਚੇਤ ਤੌਰ ਤੇ ਵੱਖ ਵੱਖ ਕਿਸਮ ਦਾ ਫੈਸਲਾ ਕਰਦਾ ਹੈ ਜਿਵੇਂ ਕਿ ਮੈਂ ਉਹ ਕੁੱਝ ਲਿਖਦੀ ਹਾਂ। ਇਸ ਨਾਲ ਮੈਨੂੰ ਮਾਨਸਿਕ ਤਸੱਲੀ ਮਿਲਦੀ ਹੈ। ਲਿਖਣਾ ਬੜੀ ਪਰਸਨਲ ਜਿਹੀ ਚੀਜ਼ ਹੈ। ਇਹ ਮੇਰੀ ਮਰਜ਼ੀ ਹੈ ਕਿ ਕੀ ਲਿਖਾਂ ਜਾਂ ਕੀ ਨਾ ਲਿਖਾਂ। ਮੈਂ ਆਪਣੀ ਜਜ਼ਬਾਤੀ ਤਸੱਲੀ (ਇਮੋਸ਼ਨਲ ਸੈਟਿਸਫੈਕਸ਼ਨ) ਲਈ ਲਿਖਦੀ ਹਾਂ। ਜਜ਼ਬਾਤ 'ਯੂਨੀਵਰਸਲ' ਹੁੰਦੇ ਹਨ। ਇਸ ਲਈ ਜਦੋਂ ਮੈਂ ਆਪਣੇ ਜਜ਼ਬਾਤਾਂ ਦੀ ਗੱਲ ਕਰਦੀ ਹਾਂ ਤਾਂ ਉਸ ਵਿਚ ਲੱਖਾਂ ਹੀ ਹੋਰਨਾਂ ਔਰਤਾਂ ਦੀ ਗੱਲ ਵੀ ਹੋ ਰਹੀ ਹੁੰਦੀ ਹੈ। ਲੇਖਕ ਕਿਸੇ ਨਾ ਕਿਸੇ ਤਰ੍ਹਾਂ ਸਮਾਜ ਨਾਲ ਜੁੜਿਆ ਹੁੰਦਾ ਹੈ। ਇਸੇ ਕਰਕੇ ਮੈ ਇਕੱਲੀ ਆਪਣੀ ਗੱਲ ਨਹੀਂ ਕਰ ਰਹੀ ਹੁੰਦੀ ਬਲਕਿ ਕਈ ਹੋਰ ਔਰਤਾਂ ਦੇ ਖਿਆਲਾਂ ਦੀ ਵੀ ਤਰਜਮਾਨੀ ਕਰ ਰਹੀ ਹੁੰਦੀ ਹਾਂ। ਵੈਸੇ ਵੀ ਤੁਸੀ ਲੇਖਕ ਨੂੰ 'ਡਿਕਟੇਟ' ਨਹੀਂ ਕਰ ਸਕਦੇ ਕਿ ਤੂੰ ਬੈਠ ਕੇ ਇਸ ਵਿਸ਼ੇ ਉੱਪਰ ਲਿਖ।

**ਸਵਾਲ: ਤੁਸੀ ਲਿਖਣ ਵੱਲ ਕਿਵੇਂ ਰੁਚਿਤ ਹੋਏ?**
**ਜਵਾਬ:** ਸੁਚੇਤ ਤੌਰ ਉਪਰ ਤਾਂ ਮੈਂ ਤਕਰੀਬਨ 1980 ਤੋਂ ਲਿਖਣਾ ਸ਼ੁਰੂ ਕੀਤਾ ਹੈ ਪ੍ਰੰਤੂ ਅਚੇਤ ਤੌਰ ਤੇ ਜਦੋਂ ਮੈ ਲਿਖਣਾ ਸ਼ੁਰੂ ਕੀਤਾ ਉਦੋਂ ਸ਼ਾਇਦ ਮੈ ਹਾਈ ਸਕੂਲ ਵਿਚ ਪੜ੍ਹਦੀ ਸੀ । ਮੇਰਾ ਬਾਪ ਇਕ ਸਕੂਲ ਅਧਿਆਪਕ ਸੀ। ਉਨ੍ਹਾਂ ਦਿਨਾਂ ਵਿਚ ਪੰਜਾਬ ਸਰਕਾਰ ਨੇ ਪਿੰਡਾਂ ਦੇ ਸਕੂਲਾਂ ਵਿਚ ਪੰਜਾਬੀ ਦੀਆਂ ਸਾਹਿਤਕ ਪੁਸਤਕਾਂ ਵੰਡਣ ਦਾ ਪ੍ਰੋਗਰਾਮ ਸ਼ੁਰੂ ਕੀਤਾ ਸੀ। ਮੇਰੇ ਪਿਤਾ ਨੇ ਆਪਣੇ ਦਫਤਰ ਵਿਚ ਦੋ ਤਿੰਨ ਬਕਸੇ ਅਜਿਹੀਆਂ ਕਿਤਾਬਾਂ ਦੇ ਰੱਖ ਲਏ ਸਨ। ਮੈਂ ਉਨ੍ਹਾਂ ਵਿਚੋਂ ਨਾਨਕ ਸਿੰਘ ਦੇ ਕੁਝ ਨਾਵਲ ਪੜ੍ਹੇ ਜੋ ਮੈਨੂੰ ਬਹੁਤ ਅੱਛੇ ਲੱਗੇ। ਉਦੋਂ ਮੈਨੂੰ ਅਜੇ ਆਪ ਲਿਖਣ ਦਾ ਖਿਆਲ ਨਹੀਂ ਸੀ ਆਇਆ ਪਰ ਕੁਝ ਸਮਾਂ ਬਾਦ ਜਦੋਂ ਮੈਂ ਆਪਣੇ ਨਾਨਕੇ ਪਿੰਡ ਦਸਵੀ ਵਿਚ ਪੜ੍ਹਦੀ ਸੀ ਤਾਂ ਕੁਝ ਕਹਾਣੀਆਂ ਲਿਖੀਆਂ, ਬੇਸੀਕਲੀ ਮਨੁੱਖੀ ਰਿਸ਼ਤਿਆਂ ਬਾਰੇ। ਫਿਰ ਮੈਂ ਚਰਨ ਕੰਵਲ ਕਾਲਜ ਬੰਗਾ ਵਿਚ ਪੜ੍ਹਨ ਲੱਗੀ। ਉਨ੍ਹਾਂ ਦਿਨਾਂ ਵਿਚ ਮੈਂ ਕਵਿਤਾ ਦੀਆਂ ਤੁਕਾਂ ਵਗੈਰਾ ਵੀ ਜੋੜ ਲੈਂਦੀ ਸੀ। ਮੇਰੀ ਇਕ ਨਜ਼ਦੀਕੀ ਰਿਸ਼ਤੇਦਾਰ ਕੁੜੀ ਆਪਣੇ ਪ੍ਰੇਮੀ ਨੂੰ ਖ਼ਤ ਲਿਖਦੀ ਹੁੰਦੀ ਸੀ ਤੇ ਮੈਨੂੰ ਕੋਈ ਸ਼ੇਅਰ ਜੋੜਨ ਲਈ ਕਹਿੰਦੀ ਹੁੰਦੀ ਸੀ। ਮੈਂ ਝੱਟ ਹੀ ਕੋਈ ਨਾ ਕੋਈ ਸ਼ੇਅਰ ਜੋੜ ਕੇ ਦਸ ਦੇਣਾ। ਮੈਨੂੰ ਖ਼ੁਦ ਇਸ ਗੱਲ ਤੋਂ ਹੈਰਾਨੀ ਹੁੰਦੀ ਸੀ ਕਿ ਮੈਂ ਇਤਨੀ ਆਸਾਨੀ ਨਾਲ ਸ਼ੇਅਰ ਕਿਵੇਂ ਜੋੜ ਲੈਂਦੀ ਹਾਂ। ਮੈਨੂੰ ਜਾਪਿਆ ਕਿ ਮੇਰੇ ਵਿਚ ਇਹ 'ਏਬਿਲਟੀ' (ਯੋਗਤਾ) ਮੌਜੂਦ ਸੀ। ਕਦੇ ਕਦੇ ਮੈਂ ਅੜ ਵੀ



ਜਾਂਦੀ ਕਿ ਮੈਂ ਸ਼ੇਅਰ ਕਿਉਂ ਲਿਖਾਂ ਤੇਰੇ ਲਈ, ਤੂੰ ਆਪੇ ਲਿਖ ਲੈ।

ਸੰਨ 1971 ਵਿਚ ਮੈਂ ਅਮਰੀਕਾ ਆ ਗਈ ਪਰ 'ਹੋਮ ਸਿੱਕ' ਹੋਣ ਕਰਕੇ 1974 ਵਿਚ ਵਾਪਿਸ ਮੁੜ ਗਈ ਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਪੜ੍ਹਨ ਲੱਗ ਪਈ। ਫਿਰ ਦੁਬਾਰਾ ਸੰਨ 1978 ਵਿਚ ਮੈਂ ਅਮਰੀਕਾ ਆਈ ਤਾਂ ਮੱਧ ਪੱਛਮੀ ਸਟੇਟ ਮਿਜ਼ੂਰੀ ਦੇ ਇਕ ਛੋਟੇ ਜਿਹੇ ਸ਼ਹਿਰ ਕੋਲੰਬੀਆਂ ਵਿਚ ਰਹਿਣ ਲੱਗੀ। ਮੈਂ ਉਦੋਂ ਕਾਫ਼ੀ ਇਕੱਲੀ ਮਹਿਸੂਸ ਕਰਦੀ। ਯੂਨੀਵਰਸਿਟੀ ਆਫ ਮਿਜ਼ੂਰੀ ਵਿਚ ਢੇਰ ਸਾਰਾ ਭਾਰਤੀ ਤੇ ਪੰਜਾਬੀ ਸਾਹਿਤ ਮੌਜੂਦ ਸੀ ਜੋ ਕਿ ਮੈਂ ਉਥੋ ਲੈ ਕੇ ਬਹੁਤ ਸਾਰਾ ਪੜ੍ਹਿਆ। ਅੰਮ੍ਰਿਤਾ ਪ੍ਰੀਤਮ, ਦਲੀਪ ਕੌਰ ਟਿਵਾਣਾ ਤੇ ਹੋਰ ਬਹੁਤ ਸਾਰੇ ਲੇਖਕਾਂ ਨੂੰ ਪੜ੍ਹਿਆ। ਇਕ ਗੱਲ ਇਹ ਵੀ ਗੱਲ ਸੀ ਕਿ ਕੁੱਝ ਵਰ੍ਹਿਆਂ ਤੋਂ ਮੈਂ ਬਹੁਤ 'ਐਂਟੀ-ਸੋਸ਼ਲ' ਹੋ ਚੁੱਕੀ ਸਾਂ। ਨਾ ਕਿਸੇ ਨੂੰ ਬੁਲਾਉਣਾ ਨਾ ਕਿਸੇ ਨੂੰ ਮਿਲਣਾ। ਅੰਦਰ ਬੈਠ ਕੇ ਕਿਤਾਬਾਂ ਦੇ ਪਾਤਰਾਂ ਨਾਲ ਹੀ ਦੋਸਤੀ ਕਰ ਲਈ ਤੇ ਇਨ੍ਹਾਂ ਨਾਲ ਹੀ ਵਿਚਰਨ ਲੱਗੀ। ਬਾਹਰ ਜਾਂਦੀ ਤਾਂ ਲੋਕਾਂ ਤੋਂ ਡਰਦੀ, ਵਾਹ ਲੱਗਦੀ, ਸੱਭ ਤੋਂ ਦੂਰ ਰਹਿੰਦੀ। ਸੁਚੇਤ ਤੌਰ ਤੇ ਲਿਖਣਾ ਮੈਂ ਉਦੋਂ ਸ਼ੁਰੂ ਕੀਤਾ। ਮੇਰੀ ਇਕੱਲਤਾ ਹੀ ਮੇਰੀ ਪ੍ਰੇਰਨਾ ਬਣੀ ਤੇ ਇਸ 'ਇਮੋਸ਼ਨਲ ਸੁਪੋਰਟ' ਦੀ ਨੇੜ੍ਹ ਵਜੋਂ ਹੀ ਮੈਂ ਉਘੜ-ਦੁਘੜਾ ਜਿਹਾ ਲਿਖਣ ਲੱਗ ਪਈ।

1980 ਵਿਚ ਮੈਂ ਕੈਲੇਫ਼ੋਰਨੀਆ ਆ ਗਈ ਤੇ ਇੱਥੇ ਕੁਝ ਭਾਰਤੀ ਪਰਿਵਾਰਾਂ ਨਾਲ ਮੇਰਾ ਮੇਲ ਮਿਲਾਪ ਹੋਇਆ। ਉਨ੍ਹਾਂ ਦੀਆਂ ਪਾਰਟੀਆਂ ਵਗੈਰਾ ਵਿਚ ਵੀ ਚਲੇ ਜਾਂਦੀ ਪਰ ਬਾਅਦ ਵਿਚ ਮੈਨੂੰ ਬੜੀ 'ਟੈਨਸ਼ਨ' ਹੁੰਦੀ। ਉਥੇ ਮਰਦ ਆਪਣੀਆਂ ਪੁਜ਼ੀਸ਼ਨਾਂ ਦੀਆਂ, ਵਿਉਪਾਰ ਤੋਂ ਖੱਟੇ ਨਫਿਆਂ ਦੀਆਂ, ਪ੍ਰਾਪਰਟੀਆਂ ਖ਼੍ਰੀਦਣ-ਵੇਚਣ ਦੀਆਂ ਗੱਲਾਂ ਕਰਦੇ ਰਹਿੰਦੇ ਤੇ ਔਰਤਾਂ ਢੇਰ ਸਾਰੇ ਕੀਮਤੀ ਗਹਿਣਿਆਂ ਤੇ ਕਪੜਿਆਂ ਨਾਲ ਲੱਦੀਆਂ ਅਲੱਗ ਬੈਠੀਆਂ ਇਕ ਦੂਜੀ ਦੇ ਖਾਣੇ ਦੀਆਂ, ਮੇਕਅਪ ਦੀਆਂ, ਵਾਲਾਂ ਦੀਆਂ ਜਾਂ ਬੰਬਈ ਦੀਆਂ ਨਵੀਆਂ ਫਿਲਮਾਂ ਤੇ ਐਕਟਰਾਂ ਦੇ ਵਿਆਹਾਂ ਤਲਾਕਾਂ ਦੀਆਂ ਵਿਅਰਥ ਗੱਲਾਂ ਕਰਦੀਆਂ ਰਹਿੰਦੀਆਂ। ਪੱਛਮੀ ਸਮਾਜ ਦੀ ਨਿਖੇਧੀ ਤੇ ਭਾਰਤੀ ਸਮਾਜ

ਦੀਆਂ ਉਲਾਰੂ ਬੇਸ ਲੈੱਸ (ਆਧਾਰ ਰਹਿਤ) ਤਰੀਫ਼ਾਂ ਹੁੰਦੀਆਂ। ਮਰਦ ਅਕਸਰ ਸਿਆਸਤ ਬਾਰੇ ਕੱਚੀਆਂ ਪੱਕੀਆਂ ਗੱਲਾਂ ਕਰਦੇ ਜਿਨ੍ਹਾਂ ਬਾਰੇ ਉਨ੍ਹਾਂ ਨੂੰ ਕੋਈ ਸਮਝ ਨਾ ਹੁੰਦੀ। ਜੇ ਮੇਰੇ ਵਰਗੀ ਕਿਧਰੇ ਮਰਦਾਂ ਵਿਚ ਬੈਠ ਕੇ ਕੋਈ ਗੱਲ ਕਰਨ ਦੀ ਕੋਸ਼ਿਸ਼ ਕਰਦੀ ਤਾਂ ਮੈਨੂੰ ਅਣਸੁਣਿਆ ਕਰ ਦਿੰਦੇ ਕਿ ਮਰਦਾਂ ਦੀਆਂ ਗੱਲਾਂ ਵਿਚ ਤੇਰਾ ਕੀ ਕੰਮ। ਔਰਤਾਂ ਨੂੰ ਮੇਰੀਆਂ ਗੱਲਾਂ ਓਪਰੀਆਂ ਲੱਗਦੀਆਂ। ਅਮਰੀਕਾ ਵਿਚ ਵਥੇਰੇ ਸਿਆਣੇ ਤੇ ਸੂਝਵਾਨ ਭਾਰਤੀ ਪਰਿਵਾਰ ਸਨ ਪਰ ਬਦਕਿਸਮਤੀ ਨੂੰ ਮੇਰਾ ਉਨ੍ਹਾਂ ਨਾਲ ਵਾਹ ਨਹੀਂ ਪਿਆ।

ਮੈਂ 'ਫ੍ਰਸਟਰੇਟ' ਹੋ ਕੇ ਸੋਚਣ ਲੱਗੀ ਕਿ ਇਨ੍ਹਾਂ ਮੁੱਠੀ ਭਰ ਲੋਕਾਂ ਨਾਲ ਮੱਥਾ ਮਾਰਨ ਨਾਲੋਂ ਜੇਕਰ ਮੈਂ ਲਿਖਾਂ ਤਾਂ ਫਿਰ। ਇਕ ਤਾਂ ਲਿਖੇ ਦਾ ਅਸਰ ਜ਼ਿਆਦਾ ਹੁੰਦਾ, ਦੂਜਾ ਤੁਹਾਡੀ ਗੱਲ ਬਹੁਤੇ ਲੋਕਾਂ ਤੱਕ ਪਹੁੰਚ ਸਕਦੀ ਹੈ ਤੇ ਤੀਜਾ ਲੋਕ ਮੇਰੇ ਨਾਲ ਆਹਮੋ ਸਾਹਮਣੇ ਲੜ ਨਹੀਂ ਪੈਣਗੇ ਜਿਵੇਂ ਹੁਣ ਲੜ ਪੈਂਦੇ ਹਨ। ਤੇ ਮੈਂ ਲਿਖਣ ਲੱਗੀ। 1983-84 ਦੇ ਦੌਰਾਨ ਮੇਰੀਆਂ ਲਿਖਤਾਂ ਪ੍ਰੀਤ ਲੜੀ ਵਿਚ ਛਪੀਆਂ ਜਿਸ ਤੋਂ ਮੈਨੂੰ ਬੜੀ ਪ੍ਰੇਰਨਾ ਮਿਲੀ।

**ਸਵਾਲ: ਤੁਸੀਂ ਲਿਖਣ ਲਈ ਪੰਜਾਬੀ ਭਾਸ਼ਾ ਨੂੰ ਕਿਉਂ ਚੁਣਿਆ?**

**ਜਵਾਬ:** ਇਹ ਚੋਣ ਕੋਈ ਸੁਚੇਤ ਤੌਰ ਤੇ ਨਹੀਂ ਕੀਤੀ। ਮੈਂ 'ਇਮੋਸ਼ਨਲ' (ਜਜ਼ਬਾਤੀ) ਤੌਰ ਤੇ ਪੰਜਾਬ ਨਾਲ ਜੁੜੀ ਹੋਈ ਰਹੀ ਹਾਂ। ਮਾਲਵੇ ਵਿਚ ਸੁਰਤ ਸੰਭਾਲੀ ਤੇ ਜੁਆਨ ਹੋਈ। ਇਥੇ ਪਿੰਡਾਂ ਵਿਚ ਅੰਗ੍ਰੇਜ਼ੀ ਤਾਂ ਕੀ ਹਿੰਦੀ ਵੀ ਸਾਨੂੰ ਓਪਰੀ ਜ਼ੁਬਾਨ ਲੱਗਦੀ ਸੀ। ਇਥੇ ਦਾ ਕਲਚਰ ਬਹੁਤ ਦਿਲਚਸਪ ਸੀ। ਸਾਉਣ ਵਿਚ ਤੀਆਂ ਲਗਦੀਆਂ ਤਾਂ ਕੁੜੀਆਂ ਸਿੱਖੀਆਂ ਹੋਈਆਂ ਜਾਂ ਆਪ ਜੋੜੀਆਂ ਬੋਲੀਆਂ ਪਾਉਂਦੀਆਂ। ਮੈਂ ਜ਼ਰਾ ਸੰਗਾਊ ਸੀ ਇਸ ਲਈ ਬੋਲੀਆਂ ਨਹੀਂ ਸਾਂ ਪਾਉਂਦੀ ਪਰ ਮਨ ਵਿਚ ਜੋੜਦੀ ਰਹਿੰਦੀ। ਹਾਂ, ਗਿੱਧੇ ਵਿਚ ਜ਼ਰੂਰ ਸ਼ਾਮਿਲ ਹੁੰਦੀ। ਬਹੁਤੇ ਲੋਕ ਅਨਪੜ੍ਹ ਸਨ ਪਰ ਅੱਖਰ ਉਠਾ ਸਕਣ ਵਾਲੇ ਸ਼ੁਕੀਨ ਕਿੱਸੇ ਪੜ੍ਹਦੇ ਤੇ ਦੂਜਿਆਂ ਨੂੰ ਸੁਣਾਉਂਦੇ। ਮੈਂ ਵੀ ਕੁੱਝ ਕਿੱਸੇ ਚੋਰੀ ਇਧਰੋਂ ਉਧਰੋਂ ਲੈ ਕੇ ਪੜ੍ਹੇ ਸਨ। ਇਕ ਬੜੀ ਸ਼ੁਕੀਨ ਕੁੜੀ, ਮੇਰੀ ਸਹੇਲੀ, ਆਪਣੇ ਨਾਨਕਿਉਂ ਬਾਲੋਂ ਦੇ ਟੱਪੇ ਸਿੱਖ ਕੇ ਆਈ। ਮੈਂ ਚੌਥੀ ਜਾਂ ਪੰਜਵੀਂ ਵਿਚ ਸੀ ਉਦੋਂ। ਮੈਨੂੰ ਯਾਦ ਹੈ ਕਿ ਉਹਦੇ ਘਰ ਬਹਿ ਕੇ ਆਪਣੀ ਸਕੂਲ ਦੀ ਕਾਪੀ ਵਿਚ ਅਸੀਂ ਇਹ ਲਾਈਨਾਂ ਲਿਖੀਆਂ ਸੀ:

ਪਰਛਾਵਾਂ ਢਲ ਆਇਆ
ਹਾਏ ਵੇ ਰੱਬਾ ਖੈਰ ਕਰੀਂ
ਮੇਰੇ ਮਾਹੀਏ ਨੇ ਚਿਰ ਲਾਇਆ।

ਨੀ ਸਾਡੀ ਗਾਰੇ ਵਿਚ ਗੱਡ ਖੁੱਭ ਗਈ
ਉਥੇ ਸਾਰਾ ਦਿਨ ਲੱਗ ਗਿਆ
ਤੇ ਘਰ ਆਉਂਦਿਆਂ ਨੂੰ ਝੱਟ ਲੱਗ ਗਈ।

ਵੇ ਤੂੰ ਮੈਨੂੰ ਸੁਨੇਹਾ ਘੱਲਣਾ ਸੀ
ਲੈ ਕੇ ਵੇ ਮੈਂ ਚਾਰ ਜਣੀਆਂ
ਤੇਰੇ ਵੱਲ ਨੂੰ ਵਗਣਾ ਸੀ।

ਵਿਆਹਾਂ ਵਿਚ ਕਈ ਦਿਨ ਤੇ ਰਾਤਾਂ ਲਾਊਡ ਸਪੀਕਰ ਵਜਦਾ ਰਹਿੰਦਾ। ਪੂਰੇ ਪਿੰਡ ਵਿਚ ਰੌਣਕ ਲੱਗ ਜਾਂਦੀ। ਕੁੜੀਆਂ ਸੋਹਣੀਆਂ ਬਣ-ਬਣ, ਲੁਕ ਛਿਪਕੇ, ਇਧਰ-ਉਧਰ ਦੇਖਦੀਆਂ ਹੱਸਦੀਆਂ। ਮਨਾਂ ਵਿਚ ਚਾਅ ਹੁੰਦਾ ਪਰ ਪਾਬੰਦੀਆਂ ਦੀ ਪੀੜ ਵੀ ਹੁੰਦੀ। ਅਸੀਂ ਕਈ ਬਦਨਾਮ ਵੀ ਬੜੀਆਂ ਸੀ। ਮੇਰਾ ਅੰਦਾਜ਼ਾ ਹੈ ਉਦੋਂ ਤੂੰਬੀ ਉਪਰ ਇਸ ਤਰ੍ਹਾਂ ਦੇ ਗੀਤ ਚੱਲੇ ਸੀ:

ਕਿੱਥੇ ਚੱਲੀਏਂ ਸਰੋਂ ਦਾ ਫੁੱਲ ਬਣਕੇ
ਕੁੜੀਏ ਬਦਨਾਮੀ ਰੰਗੀਏ

ਸਾਨੂੰ ਲੱਗਦਾ ਕਿ ਇਹ ਗੀਤ ਸਾਡੇ ਬਾਰੇ ਹੀ ਹਨ। ਦਿਨੇ ਇਹੋ ਜਿਹੇ ਗੀਤ ਵੱਜਦੇ ਤੇ ਰਾਤਾਂ ਨੂੰ ਬੰਦੇ ਦਾਰੂ ਪੀ, ਮੁੱਛਾਂ ਤੇ ਬਹਿ 'ਰੇਡੂਏ ਵਾਲੇ' ਨੂੰ ਫਰਮਾਇਸ਼ ਕਰਦੇ, ਕਵੀਸ਼ਰੀ ਦੇ ਤਵੇ ਸੁਣਦੇ। ਅੱਧੀ ਰਾਤ ਨੂੰ ਕਲੀਆਂ ਵੱਜਦੀਆਂ। ਆਖਦੇ, 'ਬਈ ਹੀਰ ਦੀ ਕਲੀ ਲਾ ਦੇ' ਜਾਂ 'ਮਿਰਜ਼ਾ ਲਾ ਦੇ' ਆਦਿ। ਮੇਰੇ ਉਪਰ ਸਖ਼ਤ ਪਾਬੰਦੀਆਂ ਹੋਣ ਕਰਕੇ ਮੈਂ ਅਜਿਹੀਆਂ ਰਾਤਾਂ ਨੂੰ ਬਿਸਤਰੇ 'ਚ ਪਈ ਬੇਚੈਨੀ ਵਿਚ ਤੜਫਦੀ। ਬੇਬਸ ਹੋ ਕੇ ਰੋਂਦੀ ਰਹਿੰਦੀ ਸੀ। ਲੇਖਕ ਬਣਕੇ ਹੁਣ ਵੀ ਮੈਂ ਆਪਣੇ ਹੰਝੂ ਪੂੰਝਣ ਦੀ ਕੋਸ਼ਿਸ਼ ਕਰ ਰਹੀ ਹਾਂ। ਮੈਨੂੰ ਹਾਲੇ ਵੀ ਅਜਿਹੇ ਲੋਕ ਗੀਤ ਚੰਗੇ ਲਗਦੇ ਹਨ। ਕਈ ਵਾਰੀ ਮੂੰਹੋਂ ਜਾਂ ਮਨ ਵਿਚ ਇਹ ਗੀਤ ਗਾਉਂਦੀ ਰਹਿੰਦੀ ਹਾਂ:

ਕਰੇ ਸਾਨੂੰ ਸੋਹਣੀਏਂ ਘੁੰਡ ਮੂੰਹ ਤੋਂ 'ਠਾ ਦੇ
ਬਾਹਾਂ ਚੂੜੇ ਵਾਲੀਆਂ ਮੇਰੇ ਗਲ ਵਿਚ ਪਾ ਦੇ।

ਇਹ ਸੀ ਪੰਜਾਬੀ ਕਲਚਰ ਸਿੱਧਾ ਸਾਧਾ, ਮਾਸੂਮ ਜਿਹਾ, ਜੋ ਮੇਰੀ ਮਾਨਸਿਕਤਾ ਤੇ ਖ਼ੂਨ ਵਿਚ ਰਚਿਆ ਹੋਇਆ ਹੈ। ਸੋ ਪਹਿਲਾਂ ਵਾਹ ਪੰਜਾਬੀ ਕਿੱਸਿਆਂ ਤੇ, ਬਾਦ ਵਿਚ ਸਕੂਲ ਵਿਚ, ਅਤੇ ਅਮਰੀਕਾ ਆ ਕੇ ਪੰਜਾਬੀ ਸਾਹਿਤ ਨਾਲ ਹੀ ਪਿਆ। 1985 ਵਿਚ ਮੈਂ ਕੈਲੇਫ਼ੋਰਨੀਆਂ ਦੀ ਯੂਨੀਵਰਸਿਟੀ ਸੈਂਟਾ ਬਾਰਬਰਾ ਵਿਚ ਕਰੀਏਟਿਵ ਲਿਟਰੇਚਰ ਦੀ ਪੜ੍ਹਾਈ ਕਰਨ ਲਈ ਦਾਖਲਾ ਲਿਆ ਤੇ ਅੰਗ੍ਰੇਜ਼ੀ ਵਿਚ ਵੀ ਕਵਿਤਾਵਾਂ ਤੇ ਕਹਾਣੀਆਂ ਲਿਖਣ ਲੱਗੀ। ਪਰ ਇਹ ਮੈਨੂੰ ਜ਼ਿਆਦਾ ਜਚੀਆਂ ਨਹੀਂ। ਇਕ ਨਾਵਲ ਵੀ ਅੰਗ੍ਰੇਜ਼ੀ ਵਿਚ ਲਿਖਿਆ ਹੈ ਜੋ ਕਿ ਜ਼ਿਆਦਾ ਪਿੰਜਰ ਦੀ ਸ਼ਕਲ ਵਿਚ ਹੀ ਹੈ। ਲਹੂ ਮਾਸ ਦੀ ਘਾਟ ਹੈ ਉਸ ਵਿਚ। ਦੁਬਾਰਾ ਲਿਖੂੰਗੀ। ਇਕ ਨਾਵਲ ਪੰਜਾਬੀ ਵਿਚ ਵੀ ਲਿਖਣਾ ਸ਼ੁਰੂ ਕੀਤਾ ਹੈ। ਪਤਾ ਨਹੀਂ ਕੀ ਹਸ਼ਰ ਹੋਵੇ ਇਸਦਾ, ਪਰ ਇਹਨੂੰ ਲਿਖਣ ਦਾ ਚਾਅ ਬੜਾ ਹੈ ਮੇਰੇ ਮਨ ਵਿਚ।

**ਸਵਾਲ: ਇਕ ਔਰਤ ਨੂੰ ਲੇਖਕ ਬਣਨ ਲਈ ਕਿਸ ਕਿਸਮ ਦੀਆਂ ਮੁਸ਼ਕਿਲਾਂ ਪੇਸ਼ ਆਉਂਦੀਆਂ ਹਨ ਤੇ ਪੰਜਾਬੀ ਵਿਚ ਔਰਤ ਲੇਖਕਾਂ ਦੀ ਘਾਟ ਕਿਉਂ ਹੈ?**

**ਜਵਾਬ:** ਪਹਿਲੀ ਗੱਲ ਤਾਂ ਸਾਡੇ ਸਮਾਜ ਵਿਚ ਕੁੜੀਆਂ ਤੇ ਮੁੰਡਿਆਂ ਦਾ ਵੱਖ ਵੱਖ ਤਰ੍ਹਾਂ ਦਾ ਪਾਲਣ ਪੋਸ਼ਣ ਹੈ, ਦੂਸਰੀ ਗੱਲ ਮਰਦਾਂ ਅਤੇ ਔਰਤਾਂ ਦੀ ਸਮਾਜ ਵਿਚ ਵੱਖਰੀ ਤਰ੍ਹਾਂ ਦੀ ਜ਼ਿੰਦਗੀ ਹੈ। ਭਾਰਤੀ ਤੇ ਖਾਸ ਕਰ ਪੰਜਾਬੀ ਔਰਤਾਂ ਜਿਥੇ ਵੀ ਵਸਦੀਆਂ ਹਨ ਜ਼ਿਆਦਾਤਰ ਉਨ੍ਹਾਂ ਦੀ ਪੁਜ਼ੀਸ਼ਨ ਵਿਚ ਕੋਈ ਫਰਕ ਨਹੀਂ ਪਿਆ, ਭਾਵ ਮਰਦ ਦਾ ਡੌਮੀਨੈਂਟ (ਭਾਰੂ) ਰੋਲ ਨਹੀਂ ਬਦਲਿਆ। ਔਰਤਾਂ ਭਾਵੇਂ ਹੁਣ ਨੌਕਰੀ ਵੀ ਕਰਦੀਆਂ ਹਨ ਪਰ ਅਜੇ ਉਨ੍ਹਾਂ ਦੀ 'ਸੋਸ਼ਲਾਈਜ਼ੇਸ਼ਨ' ਵਿਚ ਕੋਈ ਫਰਕ ਨਹੀਂ ਪਿਆ। ਇਧਰ ਵੀ ਤੁਸੀਂ ਕਿਸੇ ਆਮ ਭਾਰਤੀ ਘਰ ਵਿਚ ਚਲੇ ਜਾਉ, ਆਦਮੀ ਲਿਵਿੰਗ ਰੂਮ ਵਿਚ ਬੈਠ ਜਾਂਦੇ ਹਨ ਤੇ ਔਰਤਾਂ ਕਿਚਨ ਵਿਚ ਇਕੱਠੀਆਂ ਹੋ ਜਾਂਦੀਆਂ ਹਨ। ਸੋ ਲਾਜ਼ਮੀ ਹੈ ਕਿ ਉਨ੍ਹਾਂ ਦੀ ਗੱਲਬਾਤ ਖਾਣ ਪੀਣ ਤੇ ਕਪੜਿਆਂ ਆਦਿ ਦੁਆਲੇ ਹੀ ਕੇਂਦ੍ਰਿਤ ਹੋ ਜਾਂਦੀ ਹੈ। ਆਦਮੀ ਭਾਵੇਂ ਅਲੱਗ ਅਲੱਗ ਵਿਸ਼ਿਆਂ ਤੇ ਗੱਲ ਕਰਨ ਪਰ ਔਰਤਾਂ ਉਸ ਵਿਚ ਸ਼ਾਮਿਲ ਨਹੀਂ ਹੁੰਦੀਆਂ। ਜੇਕਰ ਕੋਈ ਸ਼ਾਮਿਲ ਹੋਣ ਦੀ ਕੋਸ਼ਿਸ਼ ਕਰਦੀ ਵੀ ਹੈ ਤਾਂ ਬਾਕੀ ਦੀਆਂ ਉਸ ਵੱਲ ਹੋਰ ਤਰ੍ਹਾਂ ਹੀ ਦੇਖਦੀਆਂ ਹਨ ਤੇ ਹੌਲੀ ਹੌਲੀ ਉਹ ਵੀ ਬਾਕੀਆਂ ਵਰਗੀ ਬਣਨ ਲੱਗ ਪੈਂਦੀ ਹੈ।

ਘਰ ਵਿਚ ਵੀ ਔਰਤ ਕੰਮ ਤੋਂ ਆਕੇ ਘਰ ਦੇ ਕੰਮਾਂ ਵਿਚ ਕੈਦ ਹੋ

ਜਾਂਦੀ ਹੈ, ਉਸਨੂੰ ਗੱਲਾਂ ਨੂੰ ਸਮਝਣ ਜਾਂ ਐਕਸਪਲੋਅਰ ਕਰਨ ਦਾ ਮੌਕਾ ਹੀ ਨਹੀਂ ਮਿਲਦਾ ਤੇ ਸਾਹਿਤਕ ਗੱਲ ਕਿਸ ਵੇਲੇ ਹੋਵੇ?

ਮਰਦਾਂ ਦੀ ਗੱਲ ਹੋਰ ਹੈ। ਉਨ੍ਹਾਂ ਕੋਲ ਵਕਤ ਵੀ ਹੁੰਦਾ ਹੈ ਤੇ ਇਕ ਦੂਸਰੇ ਤੋਂ ਕਿਸੇ ਹੱਦ ਤੱਕ ਪ੍ਰੇਰਨਾ ਵੀ ਮਿਲਦੀ ਹੈ। ਉਨ੍ਹਾਂ ਕੋਲ ਇਹ ਆਜ਼ਾਦੀ ਹੈ ਕਿ ਦਿਲ ਕਰੇ ਤਾਂ ਕਵਿਤਾ ਲਿਖਣ ਜਾਂ ਕਹਾਣੀ ਲਿਖਣ। ਨਾਲੇ ਘਰ ਵਾਲੀ ਅਤੇ ਨਾਲੇ ਦੋਸਤਾਂ ਰਿਸ਼ਤੇਦਾਰਾਂ ਉਪਰ ਰੋਹਬ ਬਣੂੰ। ਔਰਤ ਲਈ ਇਹ ਕਦਮ ਚੁੱਕਣਾ, ਉਲਟਾ ਮੁਸੀਬਤਾਂ ਸਹੇੜਨਾ ਹੈ। ਰਿਸ਼ਤਿਆਂ, ਸਖੀਆਂ-ਸਹੇਲੀਆਂ ਤੇ ਸਮਾਜ ਤੋਂ ਟੁੱਟਣਾਂ, ਵਿਰਲੀ ਟਾਵੀਂ ਔਰਤ ਹੀ ਸਹਾਰ ਸਕਦੀ ਹੈ। ਕੋਈ ਅੰਤਾਂ ਦੀ ਵਿਦਰੋਹੀ ਜਾਂ ਜਿਸਮ ਤੋਂ ਲੈ ਕੇ ਰੂਹ ਤੱਕ ਮਰਦ ਸਮਾਜ ਤੋਂ 'ਏਲੀਐਨੇਟਿਡ' ਹੀ ਇਹ ਕੰਮ ਕਰ ਸਕਦੀ ਹੈ। ਇਹ ਠੀਕ ਹੈ ਕਿ ਉਹਨੂੰ ਬਾਅਦ ਵਿਚ ਚੰਗੇ ਦੋਸਤ ਵੀ ਮਿਲ ਸਕਦੇ ਹਨ, ਪਰ ਸ਼ੁਰੂ ਵਿਚ ਅਜਿਹਾ ਕਦਮ ਚੁੱਕਣਾ ਬਹੁਤ ਦੁੱਖਦਾਈ ਹੁੰਦਾ ਹੈ ਅਤੇ ਇਸ ਰਾਹ ਉਪਰ ਤੁਰਨ ਲਈ ਉਸਨੂੰ ਬਹੁਤ ਕੁਝ ਕੁਰਬਾਨ ਕਰਨਾ ਪੈਂਦਾ ਹੈ। ਮਰਦ-ਲੇਖਕ ਨੂੰ ਇਸ ਕਿਸਮ ਦੀ ਕੋਈ ਕੁਰਬਾਨੀ ਨਹੀਂ ਦੇਣੀ ਪੈਂਦੀ।

ਇਸ ਤੋਂ ਇਲਾਵਾ ਜਦੋਂ ਮੈਂ ਜ਼ਾਤੀ ਤੌਰ ਤੇ ਲਿਖਣਾ ਸ਼ੁਰੂ ਕੀਤਾ ਤਾਂ ਮੈਨੂੰ ਬੜੀ ਫਰਸਟ੍ਰੇਸ਼ਨ ਹੁੰਦੀ ਸੀ ਕਿ ਮੈਂ ਜੋ ਗੱਲ ਲਿਖ ਕੇ ਕਹਿਣਾ ਚਾਹੁੰਦੀ ਹਾਂ ਉਹ ਕਿਉਂ ਨਹੀਂ ਕਹਿ ਰਹੀ। ਆਪਣੀਆਂ ਕਵਿਤਾਵਾਂ ਮੈਨੂੰ ਬੜੀਆਂ ਸ਼ੈਲੋ ਲਗਦੀਆਂ। ਇਸ ਨੂੰ ਤੁਸੀਂ ਮੁੱਢਲੀ ਝਿਜਕ ਵੀ ਕਹਿ ਸਕਦੇ ਹੋ।



**ਸਵਾਲ: ਪੰਜਾਬੀ ਦੀਆਂ ਸਮਕਾਲੀ ਲੇਖਕਾਵਾਂ ਬਾਰੇ ਕੀ ਕਹਿਣਾ ਚਾਹੋਗੇ?**

**ਜਵਾਬ:** ਜਿਹੜੀਆਂ ਵੀ ਲਿਖਦੀਆਂ ਹਨ ਉਹ ਮੇਰੇ ਖਿਆਲ ਵਿਚ ਬਹੁਤ ਬਹਾਦਰ ਹਨ। ਫੇਰ ਵੀ ਆਪਣੀ ਪੀੜ੍ਹੀ ਦੀਆਂ ਲੇਖਕਾਵਾਂ ਬਾਰੇ ਮੈਨੂੰ ਇਹ ਮਹਿਸੂਸ ਹੁੰਦਾ ਹੈ ਕਿ ਕੁੱਝ ਇਕ ਨੂੰ ਛੱਡ ਕੇ ਬਾਕੀਆਂ ਦੇ ਦਿਲ ਵਿਚ ਅਜੇ ਵੀ ਕੋਈ ਡਰ ਹੈ ਤੇ ਇਸ ਕਰਕੇ ਉਹ ਕਾਫੀ ਸੀਮਿਤ ਹੋ ਕੇ ਲਿਖਦੀਆਂ ਹਨ। ਇਹ ਠੀਕ ਹੈ ਕਿ ਕੁੱਝ ਪਾਬੰਦੀਆਂ ਤਾਂ ਲੇਖਕ ਆਪਣੇ ਉਪਰ ਲਾਉਂਦਾ ਹੀ ਹੈ। ਮੈਨੂੰ ਵੀ ਇਹ ਕਰਨਾ ਪੈਂਦਾ। ਪਰ ਮੈਂ ਕਦੇ ਕਦੇ ਖੁਦ ਦੇ ਖਿਲਾਫ਼ ਵਿਦਰੋਹ ਕਰ ਦਿੰਦੀ ਹਾਂ।

ਸਾਡੀਆਂ ਬਹੁਤੀਆਂ ਲੇਖਕਾਵਾਂ ਨੂੰ ਇਹ ਡਰ ਰਹਿੰਦਾ ਹੈ ਕਿ ਜੇ ਮੈਂ ਇਹ ਗੱਲ ਲਿਖੀ ਤਾਂ ਮੇਰਾ ਘਰਵਾਲਾ ਝਗੜੂ, ਸੱਸ-ਸਹੁਰਾ ਜਾਂ ਰਿਸ਼ਤੇਦਾਰ ਕੀ ਆਖਣਗੇ? ਇਕ ਗੱਲੋਂ ਉਹ ਠੀਕ ਨੇ ਕਿਉਂਕਿ ਪੰਜਾਬੀ ਇਸਤਰੀ ਲੇਖਕਾਂ ਦੇ ਸਾਹਿਤ ਨੂੰ ਅਕਸਰ ਪੜ੍ਹਿਆ ਵੀ ਹੋਰ ਅੱਖੋਂ ਜਾਂਦਾ ਹੈ। ਉਨ੍ਹਾਂ ਦੀ ਜ਼ਾਤੀ ਜ਼ਿੰਦਗੀ ਨੂੰ ਲੈ ਕੇ ਵੱਧ ਤੋਂ ਵੱਧ ਚਿੱਕੜ ਉਛਾਲਿਆ ਜਾਂਦਾ ਹੈ। ਪਰ ਜੇ ਉਹ ਇਸ ਸੱਭ ਕੁੱਝ ਤੋਂ ਲਾਪਰਵਾਹ ਹੋ ਕੇ ਲਿਖਣ ਤਾਂ ਉਹ ਜੋ ਵੀ ਲਿਖ ਰਹੀਆਂ ਹਨ ਉਸ ਤੋਂ ਵੀ ਵਧੀਆ ਲਿਖ ਸਕਦੀਆਂ ਹਨ। ਕੁਝ ਇਕ ਹੁਣ ਵੀ ਵਧੀਆ ਲਿਖ ਰਹੀਆਂ ਹਨ ਤੇ ਹੋਰਾਂ ਵਿਚ ਵਧੀਆ ਲਿਖ ਸਕਣ ਦੀ ਸਮਰਥਾ ਹੈ। ਮੇਰਾ ਯਕੀਨ ਹੈ ਕਿ ਭਵਿੱਖ ਵਿਚ ਦੁਨੀਆਂ ਦੀਆਂ ਚੰਗੀਆਂ ਲੇਖਕਾਵਾਂ ਦੇ ਮੁਕਾਬਲੇ ਸਾਡੀਆਂ ਪੰਜਾਬੀ ਲੇਖਕਾਵਾਂ ਦਾ ਸਾਹਿਤ ਖੜੋ ਸਕੇਗਾ। ਅੰਮ੍ਰਿਤਾ ਪ੍ਰੀਤਮ ਤੇ ਅਜੀਤ ਕੌਰ ਜਿਹੀਆਂ ਨਿਧੜਕ ਲੇਖਕਾਵਾਂ ਨੇ ਸਾਡੀ ਅਗਲੀ ਪੀੜ੍ਹੀ ਦੀਆਂ ਲੇਖਕਾਵਾਂ ਦੇ ਰਾਹ ਕਾਫੀ ਆਸਾਨ ਕਰ ਦਿੱਤੇ ਹਨ। ਬਹੁਤੇ ਪੰਜਾਬੀ ਮਰਦ ਲੇਖਕ ਵੀ ਔਰਤ ਬਾਰੇ (ਸਹੀ ਤੇ ਗਲਤ ਬਾਰੇ) ਹੋਰ ਸੁਚੇਤ ਹੋ ਗਏ ਹਨ। ਸੋ ਭਵਿੱਖ ਵਿਚ ਪੰਜਾਬੀ ਸਾਹਿਤ ਦੇ ਹੋਰ ਸਿਹਤਮੰਦ ਹੋਣ ਦੀ ਬੜੀ ਸੰਭਾਵਨਾ ਹੈ।

**ਸਵਾਲ: ਤੁਹਾਡੇ ਮਨਪਸੰਦ ਲੇਖਕ ਕੌਣ ਹਨ?**

**ਜਵਾਬ:** ਮੈਨੂੰ ਕਿਸੇ ਇਕ ਲੇਖਕ ਦੀਆਂ ਸਾਰੀਆਂ ਲਿਖਤਾਂ ਅਕਸਰ ਚੰਗੀਆਂ ਨਹੀਂ ਲਗਦੀਆਂ। ਜਿਵੇਂ ਦਲੀਪ ਕੌਰ ਟਿਵਾਣਾ ਦਾ ਨਾਵਲ 'ਇਹੁ ਹਮਾਰਾ ਜੀਵਣਾ' ਮੈਨੂੰ ਬਹੁਤ ਪਸੰਦ ਆਇਆ ਤੇ ਉਹਦੀ ਸਵੈਜੀਵਨੀ 'ਨੰਗੇ ਪੈਰਾਂ ਦਾ ਸਫ਼ਰ' (ਕੁੱਝ ਰਿਜ਼ਰਵੇਸ਼ਨ ਨਾਲ) ਮੈਨੂੰ ਚੰਗੀ ਲੱਗੀ। ਪਰ ਜ਼ਰੂਰੀ ਨਹੀਂ ਕਿ ਉਹਦੀਆਂ ਹੋਰ ਲਿਖਤਾਂ ਵੀ ਏਨ੍ਹੀਆਂ ਹੀ ਚੰਗੀਆਂ ਲੱਗਣ। ਰਾਮ ਸਰੂਪ ਅਣਖੀ ਦਾ ਨਾਵਲ 'ਕੋਠੇ ਖੜਕ ਸਿੰਘ' ਪੜ੍ਹ ਰਹੀ ਹਾਂ ਤੇ ਇਹ ਕਾਫੀ ਚੰਗਾ ਲੱਗ ਰਿਹਾ ਹੈ। ਚੰਗੀ ਲਿਖਤ ਆਪ ਨੂੰ ਹੋਰ ਲਿਖਣ ਦਾ ਹੌਸਲਾ ਵੀ ਦਿੰਦੀ ਹੈ ਜਿਵੇਂ ਮਿੱਤਰ ਸੈਨ ਮੀਤ ਦਾ ਨਾਵਲ 'ਤਫ਼ਤੀਸ਼' ਪੜ੍ਹਕੇ ਮੈਂ ਜੋਸ਼ ਵਿਚ ਆਕੇ ਦੋ ਤਿੰਨ ਦਿਨ ਲਿਖਦੀ ਰਹੀ...। 'ਨਾਗਮਣੀ' ਵਿਚ ਛਪਦੇ ਬਹੁਤੇ ਕਹਾਣੀਕਾਰ ਤੇ ਕਵੀ ਮੈਨੂੰ ਪ੍ਰਭਾਵਿਤ ਕਰਦੇ ਹਨ। ਨਿਰੂਪਮਾ ਦੱਤ ਦੀ ਕਵਿਤਾ ਵਿਚ ਬੜੀ ਜਾਨ ਹੈ ਪਰ ਉਹ ਲਿਖਦੀ ਬਹੁਤ ਥੋੜ੍ਹਾ ਹੈ। ਹੋਰ ਕਵਿਤਰੀਆਂ ਵੀ ਟੁੰਬਦੀਆਂ ਹਨ ਜਿਵੇਂ ਪਾਲ ਕੌਰ। ਸ਼ਿਵ ਤੇ ਪਾਸ਼ ਦੀ ਕਵਿਤਾ ਹਮੇਸ਼ਾ ਉਤਸ਼ਾਹ ਨਾਲ ਪੜ੍ਹਦੀ ਹਾਂ। ਪੰਜਾਬੀ ਦੇ ਕਹਾਣੀਕਾਰਾਂ ਵਿਚੋਂ ਮੈਨੂੰ ਪ੍ਰੇਮ ਪ੍ਰਕਾਸ਼ ਨੇ ਜ਼ਿਆਦਾ ਪ੍ਰਭਾਵਿਤ ਕੀਤਾ ਹੈ।

ਅੰਗ੍ਰੇਜ਼ੀ ਵਿਚ ਲਿਖਣ ਵਾਲਿਆਂ ਦਾ ਘੇਰਾ ਬਹੁਤ ਵੱਡਾ ਹੈ। ਬਹੁਤੇ ਪੰਜਾਬੀ ਲੇਖਕਾਂ ਅਤੇ ਪਾਠਕਾਂ ਨੂੰ ਵਹਿਮ ਹੈ ਕਿ ਅੰਗ੍ਰੇਜ਼ੀ ਵਿਚ ਜੋ ਵੀ ਲਿਖਿਆ ਜਾਂਦਾ, ਉਹ ਵਧੀਆ ਹੀ ਹੈ ਪਰ ਜੇ ਉਹ ਗਹੁ ਨਾਲ ਵੇਖਣ ਤਾਂ ਅੰਗ੍ਰੇਜ਼ੀ ਦਾ ਬਹੁਤਾ ਫਿਕਸ਼ਨ ਤੇ ਨਾਨ-ਫਿਕਸ਼ਨ ਟ੍ਰੈਸ਼ ਹੀ ਹੈ। ਅਮਰੀਕਾ ਦੇ ਪਬਲਿਸ਼ਰ ਬੜੇ ਨਿਪੁੰਨ ਵਿਉਪਾਰੀ ਹਨ ਤੇ ਆਪਣੇ ਛਾਪੇ ਲੇਖਕਾਂ ਨੂੰ ਪਬਲਿਸਿਟੀ ਦੇ ਜੋਰ ਤੇ ਵੇਚਦੇ ਹਨ। ਪੰਜਾਬੀ ਦੇ ਪਬਲਿਸ਼ਰ ਤੇ ਐਡੀਟਰ ਇਨ੍ਹਾਂ ਤੋਂ ਕੁੱਝ ਸਿੱਖ ਸਕਦੇ ਹਨ।

ਕੈਨੇਡਾ ਦੀ ਲੇਖਿਕਾ ਮਾਰਗ੍ਰੇਟ ਐਟਵੁੱਡ ਦੇ ਨਾਵਲ 'ਹੈਂਡ ਮੇਡਜ਼ ਟੇਲ' ਨੇ ਮੈਨੂੰ ਬਹੁਤ ਪ੍ਰਭਾਵਿਤ ਕੀਤਾ ਹੈ। ਇਸਾਬਿਲ ਅਲਾਂਦੇ (ਜੋ 1970-73 ਦੌਰਾਨ ਚਿੱਲੀ ਦੇ ਰਹਿ ਚੁੱਕੇ ਸੋਸ਼ਲਿਸਟ ਪ੍ਰੈਜ਼ੀਡੈਂਟ ਸਲਵਾਡੋਰ ਅਲਾਂਡੇ ਦੀ ਭਤੀਜੀ ਹੈ) ਦਾ ਨਵਾਂ ਛਪਿਆ ਨਾਵਲ 'ਈਵਾਲੂਨਾ' ਮੈਨੂੰ ਅੱਛਾ ਲੱਗਾ। ਫਰੈਂਚ ਲੇਖਿਕਾ ਕੋਲੇਟ ਮੇਰੀ ਮਨ ਪਸੰਦ ਲੇਖਿਕਾ ਹੈ। ਸਲਮਨ ਰਸ਼ਦੀ ਦੇ ਨਾਵਲ 'ਦ ਮਿਡਨਾਈਟਸ ਚਿਲਡ੍ਰਨ' ਨੇ ਮੈਨੂੰ ਪ੍ਰਭਾਵਿਤ ਕੀਤਾ ਸੀ ਪਰ 'ਸਤਾਨਿਕ ਵਰਸਜ਼' ਨਿਰਾ ਊਲ-ਜਲੂਲ ਹੀ ਨਿਕਲਿਆ, ਇਧਰੋਂ ਲੱਤ ਤੇ ਉਧਰੋਂ ਬਾਂਹ, ਤੇ ਰਾਹ ਜਾਂਦੀ ਮੁਸੀਬਤ ਸਹੇੜ ਲਈ। ਫਿਰ ਉਸਦੀ ਆਪਣੀ ਪੁਜ਼ੀਸ਼ਨ ਵੇਖੋ ਕਦੇ ਆਖਦਾ ਸੀ ਮੈਂ ਮੁਸਲਮਾਨ ਨਹੀਂ ਹਾਂ ਤੇ ਸੈਂਡਾਨੀਸਟਾ ਦੇ ਲੀਡਰ ਡੇਨੀਅਲ ਔਰਟੈਗਾ ਨਾਲ ਦੋਸਤੀ ਕਰਦਾ ਖੱਬਾ-ਰੈਡੀਕਲ ਬਣਿਆ ਫਿਰੇ। ਹੁਣ ਐਲਾਨ ਕਰ ਰਿਹਾ ਹੈ ਕਿ ਮੈਂ ਮੁਸਲਮਾਨ ਹਾਂ। ਤੁਹਾਨੂੰ ਉਹਦੇ ਨਾਲ ਹਮਦਰਦੀ ਵੀ ਹੁੰਦੀ ਹੈ ਤੇ ਅਸੂਲਨ ਉਸਦਾ ਪੱਖ ਪੂਰਨ ਨੂੰ ਵੀ ਜੀਅ ਕਰਦਾ ਹੈ ਪਰ ਕਈ ਗੱਲਾਂ ਤੋਂ ਤੁਸੀਂ 'ਡਿਸਇਲਿਊਜ਼ਨ' ਵੀ ਹੁੰਦੇ ਹੋ।

ਅੰਗ੍ਰੇਜ਼ੀ ਲਿਖਣ ਵਾਲਿਆਂ ਵਿਚੋਂ ਮੇਰਾ ਮਨ ਪਸੰਦ ਲੇਖਕ ਜੇ. ਐਮ. ਕੋਟਜ਼ੀ ਹੈ। ਇਹ ਸਾਊਥ ਅਫ਼ਰੀਕਨ ਲੇਖਕ ਹੈ ਤੇ ਆਮ ਲੋਕ ਉਸਦੇ ਵਾਕਿਫ਼ ਨਹੀਂ। ਉਸਦਾ ਜ਼ਿਆਦਾ ਜ਼ਿਕਰ ਨਾ ਹੋਣ ਦਾ ਕਾਰਨ ਸ਼ਾਇਦ ਉਹਦਾ ਕੰਪਲੈਕਸ ਹੋਣਾ ਹੈ। ਇਕ ਤਾਂ ਉਹ 'ਮਿਨੀਮਿਲਿਸਟ' ਹੈ ਤੇ ਆਪਣੀ ਗੱਲ ਘੱਟ ਤੋਂ ਘੱਟ ਸ਼ਬਦਾਂ ਵਿਚ ਕਹਿੰਦਾ ਹੈ। ਦੂਸਰਾ ਉਹ ਲਿੰਗੁਇਸਟਿਕ ਦਾ ਸਕਾਲਰ ਹੈ। ਉਸਦੀਆਂ ਲਿਖਤਾਂ ਵਿਚ ਆਏ ਇਹ ਦੋ ਐਲੀਮੈਂਟ ਉਸਨੂੰ ਕੰਮਪਲੈਕਸ ਬਣਾ ਦਿੰਦੇ ਹਨ ਤੇ ਆਮ ਪਾਠਕ ਉਸਨੂੰ ਪੜ੍ਹਦਿਆਂ ਔਖ ਮਹਿਸੂਸ ਕਰਦਾ ਹੈ। ਉਸਦਾ ਨਾਵਲ 'ਵੇਟਿੰਗ ਫ਼ਾਰ ਦੀ ਬਾਰਬੇਰੀਅਨ' ਮੇਰਾ ਸਭ ਤੋਂ ਮਨ ਪਸੰਦ ਨਾਵਲ ਹੈ।

> "ਫੇਰ ਵੀ ਆਪਣੀ ਪੀੜ੍ਹੀ ਦੀਆਂ ਲੇਖਕਾਵਾਂ ਬਾਰੇ ਮੈਨੂੰ ਇਹ ਮਹਿਸੂਸ ਹੁੰਦਾ ਹੈ ਕਿ ਕੁੱਝ ਇਕ ਨੂੰ ਛੱਡ ਕੇ ਬਾਕੀਆਂ ਦੇ ਦਿਲ ਵਿਚ ਅਜੇ ਵੀ ਕੋਈ ਡਰ ਹੈ ਤੇ ਇਸ ਕਰਕੇ ਉਹ ਕਾਫ਼ੀ ਸੀਮਿਤ ਹੋ ਕੇ ਲਿਖਦੀਆਂ ਹਨ

ਕਈ ਲੇਖਕ ਮੈਨੂੰ ਆਈਡੀਉਲੋਜੀ ਕਰਕੇ ਬਹੁਤ ਪ੍ਰਭਾਵਿਤ ਕਰਦੇ ਹਨ ਜਿਵੇਂ ਬਾਕੁਨਨ ਅਤੇ ਕਰਪਾਟਕਿਨ ਜਿਹੇ ਐਨਾਰਕਿਸਟ, ਕਰਕੀਗਾਰਡ ਜਿਹੇ ਐਗਜ਼ਿਸਟੈਂਸ਼ਲਿਸਟ, ਟ੍ਰਾਟਸਕੀ ਵਰਗੇ ਕਮਿਊਨਿਸਟ, ਬੈਟੀ ਫਰੀਡਨ ਜਿਹੇ ਫੈਮੀਨਿਸਟ ਅਤੇ ਨੈਚੁਰਲਿਸਟਾਂ ਦੀ ਗੱਲ ਕਰਦਿਆਂ ਮੈਨੂੰ ਐਮਰਸਨ ਅਤੇ ਵਡਜ਼ਵਰਥ ਦਾ ਖਿਆਲ ਆਉਂਦਾ ਹੈ। ਦੋਹਾਂ ਦਾ ਕੁਦਰਤ ਬਾਰੇ ਨਜ਼ਰੀਆ ਹੀ ਵੱਖਰਾ ਹੈ।

ਮੈਨੂੰ ਸਾਡੇ ਯੋਗੀਆਂ ਤੇ ਗੁਰੂਆਂ ਦੀਆਂ ਕਈ ਗੱਲਾਂ ਟੁੰਬਦੀਆਂ ਤਾਂ ਹਨ ਪਰ ਜੋ ਕੁਝ ਉਹ ਆਪਣੇ ਰੱਬਾਂ ਦੀਆਂ ਚੱਕੀਆਂ ਵਿਚ ਪੀਹਦੇ ਰਹਿੰਦੇ ਹਨ, ਇਸ ਕਰਕੇ ਮੈਂ ਉਨ੍ਹਾਂ ਤੋਂ ਕਿਨਾਰਾ ਰੱਖਦੀ ਹਾਂ। ਉਂਝ ਵੀ ਬੇਸ਼ਕ ਕੋਈ ਗੀਤਾ ਪੜ੍ਹੇ ਜਾਂ ਗ੍ਰੰਥ ਸਾਹਿਬ, ਜਾਂ ਕੁਰਾਨ ਤੇ ਜਾਂ ਬਾਈਬਲ, ਜੇਕਰ ਅਸੀਂ ਇਹ ਸਭ ਇੱਕੋ ਰੱਸੇ ਬੰਨ ਦੇਈਏ ਤਾਂ ਕੋਈ ਖਾਸ ਫਰਕ ਨਹੀਂ ਪੈਣ ਲੱਗਾ।

**ਸਵਾਲ: ਵਿਦੇਸ਼ਾਂ ਵਿਚ ਰਚੇ ਜਾ ਰਹੇ ਪੰਜਾਬੀ ਸਾਹਿਤ ਬਾਰੇ ਤੁਹਾਡੇ ਕੀ ਵਿਚਾਰ ਹਨ?**

**ਜਵਾਬ:** ਵਿਦੇਸ਼ਾਂ ਵਿਚਲੇ ਬਹੁਗਿਣਤੀ ਪੰਜਾਬੀ ਲੇਖਕਾਂ ਤੋਂ ਮੈਨੂੰ ਨਿਰਾਸ਼ਾ ਹੁੰਦੀ ਹੈ ਕਿਉਂਕਿ ਉਨ੍ਹਾਂ ਨੇ ਕੁੱਝ ਇਕ 'ਸਟੀਰੀਉਟਾਈਪ' ਸੋਚਾਂ ਬਣਾ ਲਈਆਂ ਹਨ ਕਿ ਗੋਰੀਆਂ ਔਰਤਾਂ ਨੂੰ ਇਸ ਤਰ੍ਹਾਂ ਪੇਸ਼ ਕਰਨਾ ਹੈ ਜਾਂ ਇਥੋਂ ਦੇ ਜੰਮੇ ਪਲੇ ਬੱਚਿਆਂ ਨੂੰ ਇਸ ਤਰ੍ਹਾਂ ਪੇਸ਼ ਕਰਨਾ ਹੈ ਆਦਿ। ਉਹ ਸਮਝਦੇ ਹਨ ਕਿ ਉਨ੍ਹਾਂ ਨੂੰ ਇਥੇ ਦੀ ਸੁਸਾਇਟੀ ਨੂੰ ਸਟੱਡੀ ਕਰਨ ਦੀ ਜ਼ਰੂਰਤ ਨਹੀਂ, ਉਹ ਇਸ ਬਾਰੇ ਸਭ ਕੁਝ ਜਾਣਦੇ ਹਨ ਤੇ ਹੋਰ ਜਾਣਨ ਦੀ ਲੋੜ ਨਹੀਂ ਮਹਿਸੂਸ ਕਰਦੇ।

ਦੂਸਰੀ ਫਰਸਟ੍ਰੇਸ਼ਨ ਉਨ੍ਹਾਂ ਦੇ ਦੋਗਲੇਪਨ ਤੋਂ ਹੈ। ਆਮ ਤੌਰ ਤੇ ਉਨ੍ਹਾਂ ਦੇ ਪਰਾਗਰੈਸਿਵ ਹੋਣ ਦਾ ਭੁਲੇਖਾ ਵੀ ਪੈਂਦਾ ਹੈ ਪਰ ਜਦੋਂ ਨੇੜੇ ਜਾ ਕੇ ਦੇਖੋ ਤਾਂ ਅੰਦਰੋਂ ਉਹੀ ਨਿਕਲਦੇ ਹਨ। ਹਾਂ ਕੁਝ ਲੇਖਕ ਹਨ ਜੋ ਆਪਣੀਆਂ ਸੀਮਾਵਾਂ ਦੇ ਬਾਵਜੂਦ ਇਧਰਲੇ ਸਮਾਜ ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਹਨ ਜਿਵੇਂ ਅਜਮੇਰ ਰੋਡੇ, ਸਾਧੂ ਬਿਨਿੰਗ, ਸੁਰਜੀਤ ਕਲਸੀ, ਸਵਰਨ ਚੰਦਨ, ਦੇਵ ਚਿਤਰਕਾਰ ਆਦਿ ਜਾਂ ਫਿਰ ਅਮਰਜੀਤ ਚੰਦਨ, ਭੁਪਿੰਦਰ ਪੁਰੇਵਾਲ, ਹਰਬਖ਼ਸ਼ ਮਕਸੂਦ ਪੁਰੀ ਆਦਿ ਦੀਆਂ ਲਿਖਤਾਂ ਵਿਚੋਂ ਨਵੀਨਤਾ ਝਲਕਦੀ ਹੈ।

●●●●●●●


## ਕਲੇਅ ਓਵਨ ਰੈਸਟੋਰੈਂਟ

**9386 – 120 ਸਟਰੀਟ ਸਰੀ, ਬੀ. ਸੀ.**

ਸਰੀ ਵਿਚ ਸਵਾਦਿਸ਼ਟ ਖਾਣਿਆਂ ਦਾ ਮਸ਼ਹੂਰ ਰੈਸਟੋਰੈਂਟ।

ਵੈਜੇਟੇਰੀਅਨ (ਸ਼ਾਕਾਹਾਰੀ) ਭੋਜਨ ਵੀ ਮਿਲਦਾ ਹੈ।

**ਫੋਨ: ਜਗਮਿੰਦਰ ਮਾਂਗਟ**

**(604) 589-7622**

ਜੇਕਰ ਤੁਸੀਂ ਨਵਾਂ ਜਾਂ ਪੁਰਾਣਾ ਫਰਨੀਚਰ ਖ਼੍ਰੀਦਣਾ ਹੋਵੇ ਹਮੇਸ਼ਾਂ ਸਾਡੇ ਸਟੋਰ ਤੇ ਦਰਸ਼ਨ ਦਿਉ। ਅਸੀਂ ਤੁਹਾਨੂੰ ਚੰਗੀ ਡੀਲ ਦਾ ਭਰੋਸਾ ਦਿਵਾਉਂਦੇ ਹਾਂ।

* ਜੇ ਕਰ ਪੁਰਾਣਾ ਫਰਨੀਚਰ ਟ੍ਰੇਡ ਕਰਨਾ ਹੋਵੇ ਤਾਂ ਵੀ ਸਾਡੀਆਂ ਸੇਵਾਵਾਂ ਪ੍ਰਾਪਤ ਕਰੋ।

ਟੌਪ ਕੁਆਲਟੀ ਅਤੇ ਵਾਜਬ ਕੀਮਤਾਂ

*ਲਿਵਿੰਗ ਰੂਮ *ਡਾਇਨਿੰਗ ਰੂਮ * ਬੈਡ ਰੂਮ ਗੱਲ ਕੀ ਹਰ ਕਿਸਮ ਦਾ ਫਰਨੀਚਰ ਸਾਥੋਂ ਖ਼੍ਰੀਦੋ।

***New *Usaed * Trad-Ins** **Lowest Prices Guaranteed in B.C.**

ਫਰਨੀਚਰ ਦੀ ਦੁਨੀਆਂ 'ਚ 42 ਸਾਲ ਪੁਰਾਣਾ ਸਟੋਰ।

VISA

# Royal Furniture Ltd.

MasterCard

**2607 Main St. (at 10 th. ave.), Vancouver, B.C.** **Tel. 874-9525**

**visa and master card accepted**

# LOWEST PRICES GURANTEED IN B.C.

ਸਥਾਈ ਕਾਲਮ

# ਦੇਸ ਤੋਂ ਚਿੱਠੀ

ਜ਼ਾਹਰਾ ਤੌਰ 'ਤੇ ਪੰਜਾਬ 'ਚ ਰਾਤ-ਬਰਾਤੇ ਦੇ ਯੁੱਧ ਨੂੰ ਠਲ੍ਹ ਪਈ ਹੈ। ਲੋਕ ਹਨੇਰੇ-ਸਵੇਰੇ ਹਿਲਣ ਜੁਲਣ ਲੱਗੇ ਹਨ। ਏਨੇ ਚਿਰ ਤੋਂ ਚਲ ਰਹੇ ਘਮਸਾਣ 'ਚ ਕੁਝ ਸੋਚਣ ਤੇ ਪਰਖਣ ਦੇ ਪਲਾਂ ਦੀ ਤਲਾਸ਼ ਹੋਣ ਲਗੀ ਹੈ।

ਇਸ ਸਭ ਦੇ ਬਾਵਜੂਦ, ਜਾਪ ਇਹ ਰਿਹਾ ਹੈ ਕਿ ਸਥਿਤੀ ਓਨੀ ਦੇਰ ਤਕ ਸੁੱਖਾਵੀਂ ਨਹੀਂ ਹੋਣੀ ਜਦ ਤਕ ਪੰਜਾਬ ਦਾ ਮਸਲਾ ਸਿਆਸੀ ਤੌਰ 'ਤੇ ਹਲ ਨਹੀਂ ਹੁੰਦਾ। ਪੰਜਾਬ ਨੂੰ ਚੰਡੀਗੜ੍ਹ ਨਾ ਦੇਣਾ, ਪਾਣੀਆਂ ਦਾ ਬਖੇੜਾ ਪਾਈ ਰੱਖਣਾ, ਪੰਜਾਬੀ ਭਾਸ਼ਾ ਦਾ ਪੰਜਾਬ 'ਚ ਹੀ ਦਮਨ ਕਰੀ ਜਾਣਾ ਤਾਂ ਸ਼ਰੇਆਮ ਬੇਇਨਸਾਫ਼ੀ ਹੈ ਹੀ, ਪਰ ਇਸ ਦੇ ਨਾਲ ਸਮਝਣ ਵਾਲੀ ਗੱਲ ਇਹ ਹੈ ਕਿ ਜਦੋਂ ਆਪਣੇ ਹੀ ਦੇਸ਼ ਦੇ ਕੁਝ ਲੋਕਾਂ ਨਾਲ ਨਿਆਂ ਨਾ ਕੀਤਾ ਜਾਵੇ ਤਦੋਂ ਇਸ ਦਾ ਕਾਰਨ ਮਾਨਸਿਕ ਵੀ ਹੁੰਦਾ ਹੈ। ਮਾਨਸਿਕ ਤੌਰ 'ਤੇ ਕੇਂਦਰ 'ਤੇ ਕਾਬਜ਼ ਸਿਆਸਤ ਪੰਜਾਬ ਨੂੰ ਵੱਖਰਾ ਸਮਝਦੀ ਹੈ; ਵੱਖਰਾ ਸਮਝਣ ਕਰਕੇ ਹੀ ਵਿਤਕਰਾ ਕਰਦੀ ਹੈ। ਵਿਤਕਰਾ ਕਰਨ ਕਰਕੇ ਹੀ ਪੰਜਾਬੀ ਨੂੰ ਦਿੱਲੀ ਤੇ ਹਰਿਆਣਾ ਦੀ ਦੂਜੀ ਭਾਸ਼ਾ ਸਵੀਕਾਰ ਨਹੀਂ ਕਰਦੀ ਜਦ ਕਿ ਇਨ੍ਹਾਂ ਦੋਨਾਂ ਪ੍ਰਾਂਤਾਂ ਵਿਚ ਪੰਜਾਬੀਆਂ ਦੀ ਭਾਰੀ ਗਿਣਤੀ ਹੈ। ਦਿਲਚਸਪ ਗੱਲ ਇਹ ਹੈ ਕਿ ਕੇਂਦਰ ਦੀ ਕੁਲੀਨ ਸਿਆਸਤ ਆਪਣੇ ਫਿਰਕੂ ਗੁੱਸੇ ਨੂੰ ਮਾਡਰਨ ਮੁਹਾਵਰੇ ਦੇ ਓਵਰਕੋਟ 'ਚ ਲੁਕੋ ਲੈਂਦੀ ਹੈ ਤੇ ਪੰਜਾਬ 'ਚ ਅਕਾਲੀ ਤੇ ਹੋਰ ਪੰਜਾਬ-ਪੱਖੀ ਅਦਾਰੇ, ਘੱਟ ਗਿਣਤੀ 'ਚ ਹੋਣ ਕਰਕੇ, ਮੂੰਹ ਹਿਲਾਂਦਿਆਂ ਹੀ ਫਿਰਕੂ ਜਾਪਣ ਲਗ ਪੈਂਦੇ ਹਨ।

ਨਿਰਪੱਖ ਪੰਜਾਬ ਦੇ ਸ਼ੁੱਭਚਿੰਤਕ ਜਿਥੇ ਮਹਿਸੂਸ ਕਰਦੇ ਹਨ ਕਿ ਪੰਜਾਬ ਦਾ ਮਸਲਾ ਉਲਝਾਣ, ਇਸ ਨੂੰ ਨਿੱਕੀਆਂ ਮੋਟੀਆਂ ਮੰਗਾਂ ਤੋਂ ਇਤਿਹਾਸਕ, ਮਾਨਸਿਕ ਤੇ ਫਿਰ ਮਿੱਥਕ ਪਾਸਾਰ ਤਕ ਫੈਲਾਣ, ਸਿੱਖ ਸਾਈਕੀ ਨੂੰ ਠੇਸ ਪਹੁੰਚਾਣ ਵਿਚ ਕਾਂਗਰਸ ਦੀ ਸਿਆਸਤ ਦਾ ਹੱਥ ਹੈ। ਜਦੋਂ ਬੇਚੈਨੀ ਦਾ ਦੌਰ ਲੰਮੇ ਸਮੇਂ ਤਕ ਚਲਦਾ ਰਹਵੇ, ਮੁੰਡਿਆਂ ਦਾ ਭੜਕ ਉਠਣਾ ਕੁਦਰਤੀ ਹੈ। ਨਕਸਲੀ ਦੌਰ ਵੇਲੇ ਇਸ ਤਰ੍ਹਾਂ ਹੋਇਆ। ਬਾਦ ਵਿਚ ਵਿਦਰੋਹ ਨੇ ਖੱਬੇ ਤੋਂ ਸੱਜੇ ਪਾਸੇ ਦਾ ਮੋੜ ਕੱਟਿਆ। ਜਦੋਂ ਨਵੇਂ ਯੁਗ ਦੀ ਚੇਤਨਾ ਮੁੰਡਿਆਂ ਦੇ ਨੇੜੇ ਨਾ ਗੁਜ਼ਰੇ, ਜਦੋਂ ਉਨ੍ਹਾਂ ਦੇ ਵੱਡੇ ਸੁਪਨਿਆਂ ਦੇ ਪੂਰੇ ਹੋਣ ਸੀ ਸੰਭਾਵਨਾ ਖਤਮ ਹੁੰਦੀ ਜਾਪੇ, ਜਦੋਂ ਬਦੇਸ਼ਾਂ ਵਿਚ ਜਾ ਕੇ ਮੁਸ਼ਕੱਤ ਕਰਨ ਦੇ ਰਾਹ ਵੀ ਲਗਪਗ ਬੰਦ ਹੋ ਜਾਣ, ਉਦੋਂ ਠਾਹਰ ਜੇ ਧਰਮ ਤੇ ਕਟੜਤਾ ਬਣ ਜਾਵੇ ਤਾਂ ਅਚੰਭਾ ਨਹੀ ਹੋਣਾ ਚਾਹੀਦਾ। ਅਸਲ ਮਸਲਾ ਘੱਟ ਰਹੀਆਂ ਸੰਭਾਵਨਾਵਾਂ ਤੇ ਵੱਧ ਰਹੀਆਂ ਉਮੰਗਾਂ ਦਾ ਹੈ। ਇਹ ਤਨਾਉ ਵਾਲੀ ਸਥਿਤੀ ਹੈ। ਇਸ ਲਈ ਹੀ ਪੰਜਾਬ ਕਿਸੇ ਨਾ ਕਿਸੇ ਰੂਪ 'ਚ ਉਬੁਲਦਾ ਰਹਿੰਦਾ ਹੈ। ਹੁਣ ਜੇ ਹਿੰਸਾ ਅਤੇ ਪ੍ਰਤਿ-ਹਿੰਸਾ ਦੇ ਮਾਹੌਲ ਵਿਚ ਫ਼ਰਕ ਦਿਸ ਰਿਹਾ ਹੈ ਤਾਂ ਇਸ ਨਾਲ ਖਾੜਕੂਵਾਦ ਤੇ ਦਹਿਸ਼ਤ-ਪਸੰਦੀ ਦੇ ਕਾਰਨ ਖਤਮ ਹੋ ਗਏ ਪ੍ਰਤੀਤ ਨਹੀਂ ਹੋਣੇ ਚਾਹੀਦੇ। ਜੇ ਕੇਂਦਰੀ ਸਿਆਸਤ ਪੰਜਾਬ ਦੀ ਲੋਕਾਈ ਪ੍ਰਤਿ ਹਮਦਰਦੀ ਵਰਤਦੀ, ਇਸ ਨੂੰ ਆਪਣਾ ਸਮਝਦੀ ਤਾਂ ਵੱਖਵਾਦ ਦੇ ਬੀਜ ਹੀ ਨਹੀ ਸੀ ਬੋਏ ਜਾਣੇ।

◆●◆●◆

ਪੰਜਾਬ ਸੰਕਟ ਦਾ ਅਸਲ ਇਸ ਤੱਥ ਵਿਚ ਹੈ ਕਿ ਪੰਜਾਬੀ ਬੰਦਾ ਚੇਤਨਾ ਦੀ ਪੱਧਰ 'ਤੇ ਸਮੇਂ ਦੇ ਨਾਲ ਨਹੀਂ ਤੁਰ ਰਿਹਾ। ਪੂੰਜੀਵਾਦੀ ਖਪਤ ਕਲਚਰ ਦੀ ਮਾਰ ਵੱਧ ਰਹੀ ਹੈ ਤੇ ਨਾਲ ਹੀ ਇਹ ਬੇਚੈਨੀ ਵੀ ਚਿੰਤਕਾਂ 'ਚ ਵੱਧ ਰਹੀ ਹੈ ਕਿ ਆਪਣੀ ਸ਼ਨਾਖ਼ਤ ਬਚਾਉਣ ਲਈ ਪੰਜਾਬੀ ਬੰਦਾ ਕੀ ਕਰੇ, ਸਭ ਦਾ ਭਲਾ ਚਾਹੁਣ ਵਾਲਾ ਗੁਰੂ ਦਾ ਸਿੱਖ ਕੀ ਕਰੇ! ਪਰ ਅਜਿਹੇ ਫ਼ਿਕਰਮੰਦ ਬਹੁਤ ਘਟ ਹਨ। ਪੰਜਾਬੀ ਲੇਖਕ ਤੇ ਵਿਦਵਾਨ, ਜਿਹੜੇ ਸ਼ਬਦਾਂ ਦੀ ਸ਼ਕਤੀ ਰਾਹੀਂ ਬਹੁਤ ਕੁਝ ਕਰ ਸਕਦੇ ਹਨ, ਵੀ ਅਵੇਸਲੇ ਹਨ। ਬਹੁਤੇ ਇਨਾਮਾਂ ਸਨਮਾਨਾਂ ਦੇ ਗਧੀ-ਗੇੜ 'ਚ ਫਸੇ ਰਹਿੰਦੇ ਹਨ। ਇਥੇ ਪੰਜਾਬੀ ਅਖਬਾਰਾਂ 'ਚ, ਲੇਖਕਾਂ ਦੇ ਹਵਾਲੇ ਨਾਲ, ਸਭ ਤੋਂ ਵੱਧ ਖਬਰਾਂ ਇਨਾਮਾਂ ਤੇ ਸਨਮਾਨਾਂ ਦੀਆਂ ਛਪਦੀਆਂ ਹਨ। ਇਹ ਰੋਗ ਦਿਨੋ ਦਿਨ ਵੱਧ ਰਿਹਾ ਹੈ। ਕਈਆਂ ਨੇ ਸਨਮਾਨ ਕਰਨ ਤੇ ਕਈਆਂ ਨੇ ਸਨਮਾਨ ਪ੍ਰਾਪਤ ਕਰਨ ਦਾ ਧੰਦਾ ਬਣਾ ਰੱਖਿਆ ਹੈ। ਕੁਝ ਇਕ ਲੇਖਕਾਂ ਕੋਲ ਦਰਜਣਾ ਲੋਈਆਂ ਇਕੱਠੀਆਂ ਹੋ ਗਈਆਂ ਹਨ। ਇਸ ਬਾਰੇ ਇਥੇ ਸਹੀ ਸੋਚ ਵਾਲੇ ਕਾਰਨ ਲੱਭਣ ਦਾ ਯਤਨ ਕਰਦੇ ਹਨ ਪਈ ਅਜਿਹਾ ਰੋਗ ਕਿਉਂ ਏਨਾ ਫ਼ੈਲ ਗਿਆ ਹੈ। ਇਸ ਦਾ ਉਤਰ ਇਹੀ ਲੱਭਿਆ ਗਿਆ ਹੈ ਕਿ ਅੱਜ ਦਾ ਪੰਜਾਬੀ ਲੇਖਕ ਉਦਾਸ ਤੇ ਖੋਖਲਾ ਹੈ - ਕਿਉਕਿ ਪਾਠਕ ਨਹੀਂ। ਪਾਠਕ ਦਿਨੋ ਦਿਨ ਘਟ ਰਹੇ ਹਨ; ਬੇਚੈਨ ਤੇ ਉਦਾਸ ਲੇਖਕਾਂ ਦੀ ਗਿਣਤੀ ਵੱਧ ਰਹੀ ਹੈ। ਲੇਖਕ ਦਾ ਆਪਣੇ ਪਾਠਕਾਂ ਨਾਲ ਰਾਬਤਾ ਨਾ ਰਹਿਣ ਕਰਕੇ ਸਥਿਤੀ 'ਮਨਫ਼ੀ' ਵਾਲੀ ਹੋ ਗਈ ਹੈ। ਇਸ 'ਮਨਫ਼ੀ' 'ਤੇ ਫਤਿਹ ਪਾਉਣ ਲਈ ਟੇਢੇ ਰਸਤੇ ਲੱਭੇ ਜਾ ਰਹੇ ਹਨ।

ਇਸ ਪ੍ਰਸੰਗ ਵਿਚ ਭਾਰਤ ਸਰਕਾਰ ਦੀ ਸਾਹਿਤ ਅਕਾਦਮੀ ਦਾ ਐਵਾਰਡ ਅਕਸਰ ਵਾਦ ਵਿਵਾਦ ਖੜਾ ਕਰਦਾ ਹੈ। ਹੁੰਦਾ ਇਹ ਹੈ ਕਿ ਕੁਝ ਇਕ ਤੇਜ਼ ਕਿਸਮ ਦੇ ਲੇਖਕ, ਜੋ ਹਰ ਹੀਲੇ ਸਥਾਪਤ ਹੋਣਾ ਚਾਹੁੰਦੇ ਹਨ, ਕਈ ਹੱਥਕੰਡੇ ਵਰਤਦੇ ਹਨ। ਪਰ ਇਸ ਵੇਰਾਂ ਹਰਿੰਦਰ ਸਿੰਘ ਮਹਿਬੂਬ ਨੂੰ ਐਵਾਰਡ ਮਿਲਣ ਬਾਰੇ ਵਿਵਾਦ ਪੰਜਾਬੀ ਅਦਾਰਿਆਂ ਵਿਚ ਨਹੀਂ ਖੜਾ ਕੀਤਾ ਗਿਆ, ਸਗੋਂ ਲੋੜੋਂ ਵੱਧ ਰੌਲਾ ਦਿੱਲੀ ਦੇ ਅਖਬਾਰਾਂ ਵਿਚ ਇਸ ਕਰਕੇ ਪਾਇਆ ਗਿਆ ਕਿ ਮਹਿਬੂਬ ਦੀ ਕਿਤਾਬ 'ਝਨਾਂ ਦੀ ਰਾਤ', ਜਿਸ ਨੂੰ ਇਨਾਮ ਯੋਗ ਸਮਝਿਆ ਗਿਆ, ਵਿਚ ਇਕ ਕਵਿਤਾ ਇਤਰਾਜ਼ ਯੋਗ ਹੈ। ਬਹੁਤਾ ਰੌਲਾ ਪਾਉਣ ਵਾਲੇ ਕਾਂਗਰਸ-ਪੱਖੀ ਅਣਸਰ ਸਨ ਤੇ ਇਸ ਰੌਲੇ ਨੂੰ ਸ਼ੁਰੂ ਕਰਨ ਵਾਲੇ ਉਹ ਲੇਖਕ ਸਨ ਜਿਹੜੇ ਅੰਮ੍ਰਿਤਾ ਪ੍ਰੀਤਮ ਦੇ ਵਿਰੋਧੀ ਸਨ, ਜਿਸ ਦੀ ਸਿਫ਼ਾਰਸ਼ ਨਾਲ ਇਹ ਐਵਾਰਡ ਦਿੱਤਾ ਗਿਆ। ਅੰਮ੍ਰਿਤਾ ਪ੍ਰੀਤਮ ਦਾ ਕਹਿਣਾ ਸੀ ਕਿ 828 ਸਫ਼ਿਆਂ ਦੀ ਇਸ ਕਿਤਾਬ ਵਿਚ ਇਤਰਾਜ਼ਯੋਗ ਅਖੀਰਲੀ ਕਵਿਤਾ ਉਸ ਨੇ ਨਹੀਂ ਪੜ੍ਹੀ। ਇਸ ਕਵਿਤਾ ਵਿਚ ਕਵੀ ਨੇ ਇੰਦਰਾ ਗਾਂਧੀ ਦਾ ਨਾਂ ਲਏ ਬਗੈਰ ਉਸ ਲਈ 'ਕੁਪੱਤੀਏ ਨਾਰੇ' 'ਡੈਣ' ਆਦਿ ਚਿੰਨ੍ਹ ਵਰਤੇ ਤੇ ਬਿਅੰਤ ਸਿੰਘ ਨੂੰ ਸ਼ਹੀਦ ਅਤੇ ਸੰਤ ਜਰਨੈਲ ਸਿੰਘ ਨੂੰ 'ਪਹਿਰੇਦਾਰ ਪੁਰਾਣਾ' ਕਿਹਾ। ਵਿਰੋਧੀਆਂ ਨੇ ਦੋਸ਼ ਲਗਾਇਆ ਕਿ ਅੰਮ੍ਰਿਤਾ ਨੇ ਇਹ ਕਿਤਾਬ ਪੜ੍ਹੇ ਬਗ਼ੈਰ ਹੀ ਐਵਾਰਡ ਦੀ ਸਿਫ਼ਾਰਸ਼ ਕੀਤੀ ਹੈ। ਵਿਵਾਦ ਕਾਰਨ ਕਵੀ ਮਹਿਬੂਬ ਤੇ 'ਝਨਾਂ ਦੀ ਰਾਤ' ਸਾਰੇ ਦੇਸ ਵਿਚ ਮਸ਼ਹੂਰ ਹੋ ਗਏ। ਕਿਤਾਬ ਲੋਕਾਂ ਨੇ ਖ਼ਰੀਦਣੀ ਸ਼ੁਰੂ ਕੀਤੀ ਤੇ ਲੱਭ ਲੱਭ ਕੇ ਪੜ੍ਹੀ।

ਦਿਲਚਸਪ ਗੱਲ ਇਹ ਹੈ ਕਿ ਬਹੁਤ ਦੇਰ ਤਕ, ਤੇ ਹੁਣ ਵੀ, ਬਹੁਤ ਘਟ ਨੇ ਇਸ ਕਵੀ ਦੀ ਕਵਿਤਾ ਨੂੰ ਗੰਭੀਰਤਾ ਨਾਲ ਪੜ੍ਹਿਆ। ਮਹਿਬੂਬ ਕਵੀ ਦੇ ਤੌਰ 'ਤੇ ਬਿਲਕੁਲ ਉਸ ਤਰ੍ਹਾਂ ਦਾ ਨਹੀ ਜਿਸ ਤਰ੍ਹਾਂ ਦਾ ਇਕੋ ਕਵਿਤਾ ਦੇ ਹਵਾਲੇ ਨਾਲ ਉਸ ਨੂੰ ਪੇਸ਼ ਕੀਤਾ ਗਿਆ। ਜਿਸ ਕਵਿਤਾ 'ਤੇ ਇਤਰਾਜ਼ ਕੀਤਾ ਗਿਆ ਉਹ ਉਸਦੀ ਕਮਜ਼ੋਰ ਕਵਿਤਾ ਹੈ ਪਰ ਇਥੇ ਨਿਰਪੱਖ ਲੇਖਕਾਂ ਦਾ ਵਿਚਾਰ ਹੈ ਕਿ ਇੰਦਰਾ ਗਾਂਧੀ ਸਟੇਟ ਦੀ ਅੰਨ੍ਹੀ ਤਾਕਤ ਦਾ ਪ੍ਰਤੀਕ ਸੀ। ਕਵੀ ਨੂੰ ਹੱਕ ਹੈ ਉਹ ਆਪਣੇ ਜਜ਼ਬਾਤ ਅਤੇ ਸੰਤਾਪ ਨੂੰ ਪ੍ਰਤੀਕਮਈ ਢੰਗ ਨਾਲ ਪੇਸ਼ ਕਰੇ। ਸਾਰੀ ਗੱਲ ਬਾਰੇ ਸਪਸ਼ਟ ਹੋਣ ਲਈ ਦਿੱਲੀ ਯੂਨੀਵਰਸਟੀ ਵਿਚ 'ਝਨਾਂ ਦੀ ਰਾਤ' ਬਾਰੇ ਸੈਮੀਨਾਰ ਕਰਵਾਇਆ

ਗਿਆ। ਇਸ ਸੈਮੀਨਾਰ ਵਿਚ ਹੇਠ ਲਿਖੇ ਨੁਕਤੇ ਉਭਰ ਕੇ ਆਏ: ਮਹਿਬੂਬ ਪੰਜਾਬ ਦੇ ਸਭਿਆਚਾਰਕ ਅਤੀਤ ਦਾ ਸਰੋਦੀ ਸ਼ਾਇਰ ਹੈ; ਉਸ ਦੀ ਕਵਿਤਾ ਪੰਜਾਬੀ ਕੌਮੀਅਤ ਦੀ ਅਸਲ ਸ਼ਕਤੀ ਦੇ ਖੁੱਸ ਜਾਣ ਦਾ ਰੁਦਨ ਕਰਦੀ ਹੈ; ਉਸ ਦੀ ਕਵਿਤਾ 'ਚ ਪੁਰਾਣੇ ਪੰਜਾਬ ਦੀ ਲੈਂਡਸਕੇਪ ਇਕ ਨਾਇਕ ਵਾਂਗ ਉਭਰਦੀ ਹੈ, ਇਹ ਲੈਂਡਸਕੇਪ ਤੇ ਪੰਜਾਬ ਦੇ ਬੁਲੰਦ ਸ਼ਾਇਰ - ਬੁੱਲ੍ਹਾ, ਪੂਰਨ ਸਿੰਘ, ਸ਼ਾਹ ਹੁਸੈਨ, ਆਦਿ - ਪੰਜਾਬੀ ਮਾਨਸਿਕਤਾ ਦਾ ਅਤੁੱਟ ਅੰਗ ਬਣਦੇ ਹਨ; ਮਹਿਬੂਬ ਅਤੀਤਮੁੱਖੀ ਸ਼ਾਇਰ ਹੈ ਜੋ ਇਤਿਹਾਸ ਨੂੰ ਉਸ ਤਰ੍ਹਾਂ ਸਮਝਣ ਲਈ ਤਿਆਰ ਨਹੀਂ ਜਿਸ ਤਰ੍ਹਾਂ ਆਧੁਨਿਕ ਯੁਗ ਵਿਚ ਸਮਝਿਆ ਜਾਂਦਾ ਹੈ ਸਗੋਂ ਉਹ ਇਸ ਨੂੰ ਮਿੱਥ ਵਾਂਗ ਲੈਂਦਾ ਹੈ। ਸਰੋਦੀ ਬੁਲੰਦੀ ਦੇ ਬਾਵਜੂਦ ਮਹਿਬੂਬ ਨੂੰ ਨਵੇਂ ਕਾਵਿ ਮੁਹਾਵਰੇ ਦੀ ਸਮਝ ਵਾਲਾ ਪਾਠਕ ਪਸੰਦ ਨਹੀ ਕਰੇਗਾ ਕਿਉਂਕਿ ਉਸ ਦੀ ਕਵਿਤਾ ਵਖਰੇ ਪ੍ਰਸੰਗਾਂ ਦੀ ਹੋਣ ਕਰਕੇ ਅੱਜ ਓਪਰੀ ਹੋ ਚੁਕੀ ਕਾਵਿ-ਭਾਸ਼ਾ ਵਿਚ ਰਚੀ ਗਈ ਹੈ।

◆●◆●◆

ਪੰਜਾਬੀ ਕਿਤਾਬਾਂ ਤੇ ਪੰਜਾਬੀ ਸਾਹਿਤਕ ਰਸਾਲਿਆਂ ਦੀ ਮੰਦੀ ਦਸ਼ਾ ਦਿਨੋਂ ਦਿਨ ਇਸ ਕਰਕੇ ਹੋ ਰਹੀ ਹੈ ਕਿ ਗਿਣਤੀ ਦੇ ਕੁਝ ਇਕ ਲੇਖਕਾਂ ਤੇ 'ਬਣਨ ਵਾਲੇ ਲੇਖਕਾਂ' ਤੋਂ ਸਿਵਾ ਆਮ ਪੰਜਾਬੀ ਆਪਣੀ ਭਾਸ਼ਾਂ 'ਚ ਰਚੀ ਗਈ ਕਿਤਾਬ ਤੇ ਰਸਾਲਾ ਪੜ੍ਹਨ ਲਈ ਰਾਜ਼ੀ ਨਹੀ। ਵੱਧ ਪੜ੍ਹਿਆ ਲਿਖਿਆ ਅੰਗ੍ਰੇਜ਼ੀ 'ਚ ਛਪਦੇ ਰਸਾਲੇ ਪੜ੍ਹਦਾ ਹੈ ਤੇ ਪੰਜਾਬੀ ਪੜ੍ਹਨ ਵਾਲਾ ਸਾਹਿਤ ਤੇ ਬੁੱਧੀ ਵਾਲੇ ਪਾਸੇ ਮੁੜਦਿਆਂ ਹੀ ਅਕੇਵਾਂ ਮਹਿਸੂਸ ਕਰਦਾ ਹੈ। ਪੂੰਜੀਵਾਦੀ ਰੋਡ-ਰੋਲਰ ਸਭ ਅਕਲਾਂ ਤੇ ਸਰੋਕਾਰਾਂ ਦਾ ਸਫ਼ਾਇਆ ਕਰਕੇ ਮਨੁੱਖ ਨੂੰ ਖਪਤ ਵਾਲੇ ਪਾਸੇ ਖਿੱਚ ਰਿਹਾ ਹੈ। ਏਥੇ ਹੁਣ ਪਿੰਡਾਂ ਵਿਚ ਵੀ 'ਡਿਸ਼ ਅਨਟੀਨਾ' ਰਾਹੀ ਭਾਂਤ ਭਾਂਤ ਚੈਨਲਾਂ ਰਾਹੀਂ ਪੱਛਮੀ ਸੰਗੀਤ ਤੇ ਹੋਰ ਚਾਲੂ ਤੇ ਉਕਸਾਹਟ ਪੈਦਾ ਕਰਨ ਵਾਲੇ ਪ੍ਰੋਗਰਾਮ ਦਿਖਾਈ ਦੇਣ ਲਗ ਪਏ ਹਨ। ਬੱਚੇ, ਬੁੱਢਿਆਂ ਸਮੇਤ ਟੱਬਰ ਵਿਹਲਾ ਸਮਾਂ ਟੀ.ਵੀ. ਅੱਗੇ ਗੁਜ਼ਾਰਦੇ ਹਨ। ਜੇ ਇਹ ਗੱਲ ਹੈ ਤਾਂ ਲਿਖਤੀ ਸ਼ਬਦ ਨੂੰ ਕੌਣ ਪੁੱਛੇਗਾ?

ਇਸ ਤੋਂ ਇਲਾਵਾ ਆਮ ਪੰਜਾਬੀ ਬੰਦਾ ਨਾ ਆਪਣੀ ਭਾਸ਼ਾ ਨੂੰ ਪ੍ਰਫੁੱਲਿਤ ਦੇਖਣ ਬਾਰੇ ਫ਼ਿਕਰਮੰਦ ਹੈ ਤੇ ਨਾ ਆਪਣੇ ਸਾਹਿਤ ਤੇ ਸਭਿਆਚਾਰ ਬਾਰੇ ਚੇਤੰਨ। ਅਜਿਹਾ ਕਿਉਂ ਹੈ? ਇਸ ਸਵਾਲ ਬਾਰੇ ਇਥੇ ਅਕਸਰ ਬਹਿਸ ਚਲਦੀ ਰਹਿੰਦੀ ਹੈ ਪਰ ਭਵਿੱਖ ਬਾਰੇ ਆਸਵੰਦ ਕੋਈ ਵੀ ਨਹੀਂ। ਜੇ ਪੰਜਾਬੀ ਬੰਦਾ ਆਪਣੀਆਂ ਉਪਭੋਗੀ ਲੋੜਾਂ ਤੋਂ ਪਾਰ ਸੋਚ ਸਕਦਾ ਹੁੰਦਾ ਤਾਂ ਆਪਣੇ ਅੰਦਰ ਦੀ ਖਾਈ ਨੂੰ ਪੂਰਾ ਕਰਨ ਲਈ ਧਾਰਮਿਕ ਕਟੜਤਾ ਦਾ ਸਹਾਰਾ ਕਿਉਂ ਲੈਂਦਾ? ਧਾਰਮਿਕ ਕਟੜਤਾ ਦਾ ਬਦਲ ਆਪਣੀ ਪਛਾਣ ਤੋਂ ਮੁਕਤ ਹੋਣਾ ਵੀ ਨਹੀ, ਇਸ ਦਾ ਬਦਲ ਹੈ ਆਪਣੇ ਵਿਰਸੇ ਨਾਲ ਜੁੜ ਕੇ ਆਪਣੀ ਭਾਸ਼ਾ ਅਤੇ ਪ੍ਰਵਚਨ ਵਿਚ ਸ਼ਮੂਲੀਅਤ ਤੇ ਆਪਣੀ ਭਾਸ਼ਾ ਵਿਚ ਸਮਾਜਿਕ ਆਰਥਿਕ ਵਿਹਾਰ। ਅਜਿਹਾ ਹੋ ਨਹੀ ਰਿਹਾ ਅਤੇ ਨਾ ਹੀ ਮੁਨਾਫੇਖੋਰੀ 'ਚ ਖੁੱਭਾ ਸ਼ਹਿਰੀ ਪੰਜਾਬੀ ਮਾਨਸਿਕ ਤੌਰ 'ਤੇ ਇਧਰ ਪਰਤਣ ਲਈ ਤਿਆਰ ਹੈ। ਪੇਂਡੂ ਪੰਜਾਬੀ ਨੂੰ ਗੋਲੀ ਚਲਾਉਣ ਤੇ ਗੋਲੀ ਖਾਣ ਤੋਂ ਵਿਹਲ ਨਹੀਂ। ਜਦੋਂ ਵਿਹਲ ਮਿਲਦੀ ਹੈ ਤਾਂ ਦਾਰੂ ਦੀ ਬੋਤਲ ਵਲ ਹੋ ਜਾਂਦਾ ਹੈ ਜਾਂ ਕਚਹਿਰੀਆਂ 'ਚ ਵਕੀਲਾਂ ਮੁਨਸ਼ੀਆਂ ਦੇ ਇਰਦ ਗਿਰਦ ਧੱਕੇ ਖਾਂਦਾ ਹੈ। ਇਹ ਬੜੀ ਨਾਮੁਰਾਦ ਸਥਿਤੀ ਹੈ। ਸਮੇਂ ਦੀ ਤੇਜ਼ ਰਫ਼ਤਾਰ ਅੱਗੇ ਪੰਜਾਬੀ ਬੰਦਾ ਬਹੁਤ ਪਿੱਛੇ ਰਹਿ ਗਿਆ ਹੈ। ਇਸ ਬਾਰੇ ਦੇਸ ਵਿਚ ਕੁਝ ਗੰਭੀਰ ਲੋਕ ਸੋਚਦੇ ਰਹਿੰਦੇ ਹਨ। ਸੋਚ ਕੇ ਖਾਮੋਸ਼ ਹੋ ਜਾਂਦੇ ਹਨ। ਜਾਪਦਾ ਹੈ ਪ੍ਰਦੇਸਾਂ 'ਚ ਵਸਦੇ, ਪੰਜਾਬ ਦੀਆਂ ਧੁੱਪਾਂ ਤੇ ਪੁਰਾਣੀਆਂ ਗੱਲਾਂ ਨੂੰ ਯਾਦ ਕਰਦੇ, ਪੰਜਾਬੀ ਵੀ ਅਜਿਹਾ ਕਰਦੇ ਹੋਣਗੇ। ਕੀ ਉਹ ਵੀ ਸੋਚਦੇ ਸੋਚਦੇ ਖਾਮੋਸ਼ ਹੋ ਜਾਂਦੇ ਹਨ?

– ਗੁਰਬਚਨ, ਚੰਡੀਗੜ੍ਹ

◆●◆●◆●◆

## ਰਜਨੀ ਡਿਸਾਈ ਦੀ ਕੈਨੇਡਾ ਫੇਰੀ

ਫਰਵਰੀ 1993 ਵਿਚ ਵਿਨੀਪੈੱਗ ਵਿਚ ਵਰਕਰਜ਼ ਆਫ ਕਲਰ ਸੁਪੋਰਟ ਨੈਟਵਰਕ ਵਲੋਂ ਇਕ ਅੰਤਰਰਾਸ਼ਟਰੀ ਪੱਧਰ ਦੀ ਕਾਨਫਰੰਸ ਕਰਵਾਈ ਜਾ ਰਹੀ ਹੈ। ਇਸ ਕਾਨਫਰੰਸ ਦਾ ਮਕਸਦ ਟਰੇਡ ਯੂਨੀਅਨਾਂ ਲਹਿਰ ਅਤੇ ਆਮ ਕਮਿਊਨਟੀਆਂ ਵਿਚ ਜਾਗਰਤੀ ਲਿਆਉਣਾ ਹੈ ਤਾਂ ਕਿ ਟਰੇਡ ਯੂਨੀਅਨਾਂ ਅਤੇ ਆਮ ਲੋਕ ਮਿਲਕੇ ਨਸਲਵਾਦ ਵਿਰੁੱਧ ਕੰਮ ਕਰ ਸਕਣ।

ਇਸ ਕਾਨਫਰੰਸ ਵਿਚ ਜਿੱਥੇ ਸਥਾਨਕ ਅਤੇ ਨੈਸ਼ਨਲ ਪੱਧਰ ਦੇ ਟਰੇਡ ਯੂਨੀਅਨਾਂ ਲੀਡਰ ਹਿੱਸਾ ਲੈਣਗੇ ਉੱਥੇ ਦੁਨੀਆਂ ਦੇ ਦੂਜੇ ਹਿੱਸਿਆਂ ਜਿਵੇਂ ਹਿੰਦੁਸਤਾਨ, ਫਿਲਪੀਨ, ਅਤੇ ਕੈਰਬੀਅਨ ਦੇਸ਼ਾਂ ਦੇ ਟਰੇਡ ਯੂਨੀਅਨ ਲੀਡਰ ਹਿੱਸਾ ਲੈਣਗੇ। ਇਹਨਾਂ ਦੇਸ਼ਾਂ ਤੋਂ ਮਹਿਮਾਨ ਟਰੇਡ ਯੂਨੀਅਨ ਲੀਡਰ ਸੱਦਣ ਦਾ ਮਕਸਦ ਹੈ ਕਿ ਕੈਨੇਡਾ ਵਿਚ ਟਰੇਡ ਯੂਨੀਅਨ ਲਹਿਰ ਦੇ ਨੇਤਾਵਾਂ ਅਤੇ ਮੈਂਬਰਾਂ ਨੂੰ ਉਹਨਾਂ ਦੇਸ਼ਾਂ ਵਿਚ ਮਜ਼ਦੂਰਾਂ ਦੀ ਜਦੋ ਜਹਿਦ ਬਾਰੇ ਦੱਸਿਆ ਜਾ ਸਕੇ ਤਾਂ ਕਿ ਕੈਨੇਡੀਅਨ ਟਰੇਡ ਯੂਨੀਅਨ ਲਹਿਰ ਇਹਨਾਂ ਮੁਲਕਾਂ ਤੋਂ ਆਕੇ ਕੈਨੇਡੀਅਨ ਟਰੇਡ ਯੂਨੀਅਨ ਲਹਿਰ ਦਾ ਅੰਗ ਬਣੇ, ਆਪਣੇ ਮੈਂਬਰਾਂ ਦੇ ਪਿਛੋਕੜ ਨੂੰ ਸਮਝ ਸਕੇ ਅਤੇ ਲਹਿਰ ਵਿਚ ਉਹਨਾਂ ਦੀ ਸ਼ਮੂਲੀਅਤ ਨੂੰ ਉਤਸ਼ਾਹਤ ਕਰ ਸਕੇ।

ਭਾਰਤ ਤੋਂ ਰਜਨੀ ਡਿਸਾਈ ਇਸ ਕਾਨਫਰੰਸ ਵਿਚ ਹਿੱਸਾ ਲੈਣ ਆ ਰਹੇ ਹਨ। ਆਰਥਿਕਤਾ ਵਿਚ ਮਾਹਰ ਰਜਨੀ ਡਿਸਾਈ ਭਾਰਤ ਵਿਚ ਟਰੇਡ ਯੂਨੀਅਨ ਅਤੇ ਡੈਮੋਕਰੈਟਿਕ ਹੱਕਾਂ ਦੀ ਰਾਖੀ ਲਈ ਚਲਦੀ ਜਦੋ ਜਹਿਦ ਦੀ ਸਰਗਰਮ ਕਾਰਕੁੰਨ ਹੈ। ਉਹ ਭਾਰਤ ਦੀ ਆਰਥਿਕਤਾ ਬਾਰੇ ਇਕ ਤਿਮਾਹੀ ਰਸਾਲੇ 'ਐਸਪੈਕਟ ਆਫ ਇੰਡੀਆਜ਼ ਇਕਾਨਮੀ' ਦੀ ਸੰਪਾਦਕ ਹੈ। ਇਸ ਰਸਾਲੇ ਵਿਚ ਭਾਰਤ ਸਰਕਾਰ ਦੀਆਂ ਆਰਥਿਕ ਪਾਲਸੀਆਂ ਦਾ ਲੋਕ ਪੱਖ ਤੋਂ ਵਿਸ਼ਲੇਸ਼ਣ ਕੀਤਾ ਜਾਂਦਾ ਹੈ। ਇਸਦੇ ਨਾਲ ਹੀ ਉਹ ਆਲ ਇੰਡੀਆ ਫੈਡਰੇਸ਼ਨ ਆਫ ਆਰਗੇਨਾਈਜੇਸ਼ਨ ਫਾਰ ਡੈਮੋਕਰੈਟਿਕ ਰਾਈਟਸ ਵਲੋਂ ਨਿਕਲਣ ਵਾਲੇ ਰਸਾਲੇ 'ਇਨ ਡਿਫੈਂਸ ਆਫ ਡੈਮੋਕਰੈਟਿਕ ਰਾਈਟਸ' ਦੀ ਸੰਪਾਦਕ ਹੈ।

ਇਸ ਕਾਨਫਰੰਸ ਤੋਂ ਬਾਅਦ ਰਜਨੀ ਡਿਸਾਈ ਕੈਨੇਡਾ ਦੇ ਵੱਖ ਵੱਖ ਸ਼ਹਿਰਾਂ- ਟਰਾਂਟੋ, ਐਡਮੰਟਨ, ਕੈਲਗਰੀ, ਵੈਨਕੂਵਰ ਆਦਿ ਦਾ- ਦੌਰਾ ਕਰਨਗੇ। **ਉਹਨਾਂ ਬਾਰੇ ਹੋਰ ਜਾਣਕਾਰੀ ਲੈਣ ਲਈ ਵਿਨੀਪੈੱਗ ਵਿਚ ਮੁਖਤਿਆਰ ਸਿੰਘ ਨਾਲ (204) 786-2186 ਤੇ ਸੰਪਰਕ ਕੀਤਾ ਜਾ ਸਕਦਾ ਹੈ।**


# ਕਰਤਾਰ ਫੋਟੋ ਸਟੂਡੀਓ

**Kartar Photo Studio**

6618 Fraser St.,
50th Ave.
Vancouver B.C.
V5X 3T5
**Ph: 327-1700**



**-We also do-**
Passport, Citizenship,
& Wedding Photos

Special rate for Video movies

ਹਰ ਤਰ੍ਹਾਂ ਦੇ ਗਾਣਿਆਂ ਦੀਆਂ ਟੇਪਾਂ ਤੇ ਵੀਡੀਉ ਮੂਵੀਆਂ ਹਰ ਹਫਤੇ ਰੀਲੀਜ਼ ਕਰਦੇ ਹਾਂ। ਹਰ ਮੁਲਕ ਦੀ ਬਣੀ ਮੂਵੀ ਕਨਵਰਟ ਕਰਦੇ ਹਾਂ।

**ਸ਼ਰਤੀਆ ਕਲੀਅਰ ਪ੍ਰਿੰਟ - $8.00/hr**

**WATAN**
P.O.Box 67681 Stn. 'O'
Vancouver, B.C. V5W 3V2

S. N0.14, Vol. 4
No.2
Fall, 1992

To

2nd Class Mail Reg. No. 8753

## ਸਰੀ-ਡੈਲਟਾ ਦੀ ਪੰਜਾਬੀ ਮਾਰਕੀਟ ਵਿਚ ਵਿਆਹ-ਸ਼ਾਦੀ ਦੇ ਸਾਮਾਨ ਦਾ ਬੀ. ਸੀ. ਦਾ ਸੱਭ ਤੋਂ ਵੱਡਾ ਸਟੋਰ।

# Delta Wedding Centre

9463 - 120th Street (95 Ave. & Scott Rd.)
DELTA, B.C. Ph.: **(604) 589-3656**

ਵਿਆਹ ਸ਼ਾਦੀਆਂ ਦੇ ਕਾਰਡ, ਤਾਜੇ ਅਤੇ ਸਿਲਕ ਦੇ ਫੁੱਲ, ਕਾਰਾਂ ਤੇ ਪਾਉਣ ਵਾਲੇ ਫੁੱਲਾਂ ਦੇ ਜਾਲ, ਮਹਿੰਦੀ ਚੂੜੇ ਤੇ ਕਲੀਰੇ ਤੇ ਵਿਆਹ ਦਾ ਹਰ ਤਰ੍ਹਾਂ ਦਾ ਸਾਮਾਨ, ਹਸਪਤਾਲ ਜਾਂ ਘਰ ਲਿਜਾਣ ਲਈ ਫੁੱਲਾਂ ਦੇ ਗੁਲਦਸਤੇ, ਬੱਚਿਆਂ ਦੇ ਜਨਮ ਦਿਨ ਦਾ ਸਾਮਾਨ, ਹਰ ਮੌਕੇ ਤੇ ਦੇਣ ਲਈ ਗਿਫਟ ਆਦਿ ਮਿਲਦੇ ਹਨ।

## ਹਾਲ ਵਿਚ ਡੈਕੋਰੇਸ਼ਨ ਦਾ ਪੂਰਾ ਪ੍ਰਬੰਧ ਹੈ।

ਹਾਲ ਡੈਕੋਰੇਸ਼ਨ ਵਾਸਤੇ ਕਿਰਾਏ ਤੇ ਕੇਕ, ਆਰਚ, ਗਜ਼ੀਬੋ, ਫੁੱਲਾਂ ਦੀਆਂ ਟੋਕਰੀਆਂ ਅਤੇ ਹੋਰ ਲੋੜੀਦਾ ਸਾਮਾਨ ਹੈ। ਵੱਖ ਵੱਖ ਰੰਗਾਂ ਵਿਚ ਟੇਬਲਾਂ ਦੀਆਂ ਸਕਰਟਾਂ, ਕਪੜੇ, Streamers, Bells, Fans, Plume, Pens, Guest Books, Ribbons, Candles, Candies ਅਤੇ ਕੇਕ ਮਿਲਦੇ ਹਨ।

**ਹੋਰ ਜਾਣਕਾਰੀ ਲਈ:**

**ਮੈਨੇਜਰ: ਮੱਖਣ ਟੁੱਟ ••• ਫਲੋਰੈਸਟ: ਗੁਰਬਖਸ਼ ਕੌਰ ਦਿਉ।**

**WATAN** (The Country) is a literary and cultural quarterly of Punjabi - the mother tongue of East Punjab (India) and West Punjab (Pakistan) - published by Watan Publications. Watan covers wide range of issues through creative and academic writings. These include art, literature, culture, theatre, social and political issues mainly of concern to the Indo-Canadian Community. The contributors include well-known Punjabi writers throughout the world.

**ਵਤਨ**

ਤਿੰਨ ਡਾਲਰ